ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 180| 18 to 24 June, 2025 | Ph.: (510) 240-5949 | Email: asrtimes@gmail.com



# ਮੱਧ-ਪੂਰਬ ਵਿੱਚ ਅੱਗ ਦੀਆਂ ਲਪਟਾਂ

# ਇਜ਼ਰਾਇਲ-ਇਰਾਨ ਜੰਗ ਨੇ ਮਚਾਈ ਤਬਾਹੀ

## ਤੇਲ ਅਵੀਵ ਅਤੇ ਹਾਈਫ਼ਾ ’ਚ ਇਰਾਨੀ ਮਿਜ਼ਾਇਲਾਂ ਨੇ ਢਾਹੀਆਂ ਇਮਾਰਤਾਂ

## ਬਜ਼ਾਨ ਰਿਫ਼ਾਈਨਰੀ ਖੰਡਰ; ਤਹਿਰਾਨ ਵਿੱਚ ਵੀ ਸੈਂਕੜੇ ਮੌਤਾਂ

ਮੱਧ-ਪੂਰਬ ਇੱਕ ਵਾਰ ਫ਼ਿਰ ਜੰਗ ਦੀ ਅੱਗ ਵਿੱਚ ਸੜ ਰਿਹਾ ਹੈ। ਇਜ਼ਰਾਇਲ ਅਤੇ ਇਰਾਨ ਵਿਚਕਾਰ ਚੱਲ ਰਹੀ ਇਸ ਲੜਾਈ ਨੇ ਦੋਵਾਂ ਦੇਸ਼ਾਂ ਨੂੰ ਤਬਾਹੀ ਦੇ ਮੂੰਹ ਵਿੱਚ ਧੱਕ ਦਿੱਤਾ ਹੈ ਅਤੇ ਵਿਸ਼ਵ ਨੂੰ ਇੱਕ ਵੱਡੇ ਸੰਕਟ ਵੱਲ ਲਿਜਾ ਰਿਹਾ ਹੈ। ਤੇਲ ਅਵੀਵ ਅਤੇ ਹਾਈਫ਼ਾ ਵਿੱਚ ਇਰਾਨੀ ਮਿਜ਼ਾਇਲਾਂ ਨੇ ਇਮਾਰਤਾਂ ਨੂੰ ਮਲੀਆਮੇਟ ਕਰ ਦਿੱਤਾ, ਜਦਕਿ ਤਹਿਰਾਨ ਵਿੱਚ ਸੈਂਕੜੇ ਮੌਤਾਂ ਹੋਈਆਂ ਹਨ।



ਇਜ਼ਰਾਇਲ ਦੀ ਹਵਾਈ ਫ਼ੌਜ ਨੇ ਇਰਾਨ ਦੇ ਸੈਨਿਕ ਅਤੇ ਪਰਮਾਣੂ ਠਿਕਾਣਿਆਂ ’ਤੇ ਹਮਲੇ ਕੀਤੇ, ਪਰ ਇਰਾਨ ਦਾ ਫ਼ੋਰਡੋ ਪਰਮਾਣੂ ਸੈਂਟਰ, ਜੋ ਪਹਾੜੀ ਗੁਫ਼ਾਵਾਂ ਵਿੱਚ ਛੁਪਿਆ ਹੈ, ਅਜੇ ਵੀ ਅਣਛੋਹਿਆ ਰਿਹਾ। ਇਹ ਜੰਗ, ਜੋ ਸਥਾਨਕ ਪੱਧਰ ’ਤੇ ਸ਼ੁਰੂ ਹੋਈ, ਹੁਣ ਵਿਸ਼ਵ ਜੰਗ ਦਾ ਰੂਪ ਲੈ ਸਕਦੀ ਹੈ। ਇਜ਼ਰਾਇਲ, ਮੱਧ-ਪੂਰਬ ਦਾ ਇਕੱਲਾ ਅਣਐਲਾਨਿਆ ਪਰਮਾਣੂ ਸ਼ਕਤੀਸ਼ਾਲੀ ਦੇਸ਼, ਨੇ ਬੀਤੇ ਦਿਨੀਂ ਇਰਾਨ ’ਤੇ ਹਮਲਾ ਕਰਕੇ ਆਪਣੇ ਲਈ ਇੱਕ ਵੱਡਾ ਖਤਰਾ ਸਹੇੜਿਆ ਹੈ। ਇਸ ਦਾ ਮੁੱਖ ਉਦੇਸ਼ ਸੀ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਠੱਪ ਕਰਨਾ, ਜੋ ਇਜ਼ਰਾਇਲ ਦੀ ਸੁਰੱਖਿਆ ਲਈ ਖਤਰਾ ਮੰਨਿਆ ਜਾਂਦਾ ਹੈ। ਖਾਸ ਕਰਕੇ, ਕੋਮ ਸ਼ਹਿਰ ਵਿੱਚ ਸਥਿਤ ਫ਼ੋਰਡੋ ਪਰਮਾਣੂ ਸੈਂਟਰ, ਜੋ 90 ਮੀਟਰ ਡੂੰਘੀਆਂ ਪਹਾੜੀ ਗੁਫ਼ਾਵਾਂ ਵਿੱਚ ਬਣਿਆ ਹੈ, ਇਜ਼ਰਾਇਲ ਦਾ ਮੁੱਖ ਨਿਸ਼ਾਨਾ ਸੀ। ਇਜ਼ਰਾਇਲ ਨੇ ਇਰਾਨ ਦੇ ਰੱਖਿਆ ਮੰਤਰਾਲੇ, ਮਿਜ਼ਾਇਲ ਲਾਂਚ ਸਾਈਟਾਂ, ਹਵਾਈ ਸੁਰੱਖਿਆ ਪ੍ਰਣਾਲੀਆਂ ਅਤੇ ਹਥਿਆਰ ਨਿਰਮਾਣ ਫ਼ੈਕਟਰੀਆਂ ’ਤੇ ਨਿਸ਼ਾਨਾ ਸਾਧਿਆ। ਹਮਲਿਆਂ ਵਿੱਚ 9 ਸੀਨੀਅਰ ਪਰਮਾਣੂ ਵਿਗਿਆਨੀਆਂ ਅਤੇ ਇੰਜੀਨੀਅਰਾਂ ਦੀ ਮੌਤ ਦੀ ਪੁਸ਼ਟੀ ਹੋਈ, ਜਿਨ੍ਹਾਂ ਵਿੱਚ ਫ਼ਰੀਦੂਨ ਅੱਬਾਸੀ (ਸਾਬਕਾ ਮੁਖੀ, ਇਰਾਨ ਦੀ ਐਟੋਮਿਕ ਐਨਰਜੀ ਆਰਗੇਨਾਈਜ਼ੇਸ਼ਨ), ਮੁਹੰਮਦ ਮਹਿਦੀ ਤਹਿਰਾਨਚੀ ਅਤੇ ਅਬਦੁਲ ਹਮੀਦ ਮਿਨੂਚੇਹਰ ਸ਼ਾਮਲ ਹਸਨ ਸਨ। ਇਸ ਤੋਂ ਇਲਾਵਾ, 20 ਸੀਨੀਅਰ ਫ਼ੌਜੀ ਅਧਿਕਾਰੀ ਮਾਰੇ ਗਏ, ਜਿਨ੍ਹਾਂ ਵਿੱਚ ਮੁਹੰਮਦ ਬਾਘੇਰੀ (ਇਰਾਨੀ ਸੈਨਿਕ ਬਲਾਂ ਦੇ ਚੀਫ਼ ਆਫ਼ ਸਟਾਫ਼) ਅਤੇ ਹੁਸੈਨ ਸਲਾਮੀ (ਆਈ.ਆਰ.ਜੀ.ਸੀ. ਦੇ ਕਮਾਂਡਰ-ਇਨ-ਚੀਫ਼) ਪ੍ਰਮੁੱਖ ਸਨ।

ਇਰਾਨ ਦੇ ਸਿਹਤ ਮੰਤਰਾਲੇ ਅਨੁਸਾਰ, 224 ਲੋਕ ਮਾਰੇ ਗਏ, ਜਿਨ੍ਹਾਂ ਵਿੱਚ 90% ਸਿਵਿਲੀਅਨ ਸਨ, ਅਤੇ 1,481 ਜ਼ਖ਼ਮੀ ਹੋਏ। ਇਨ੍ਹਾਂ ਵਿੱਚ 70 ਔਰਤਾਂ ਅਤੇ ਬੱਚੇ ਸ਼ਾਮਲ ਸਨ, ਜਦਕਿ 10 ਬੱਚੇ ਮਲਬੇ ਹੇਠ ਲਾਪਤਾ ਸਨ। ਇਜ਼ਰਾਇਲ ਦੀ ਇਸ ਕਾਰਵਾਈ ਦਾ ਮਕਸਦ ਇਰਾਨ ਦੀ ਸੈਨਿਕ ਅਤੇ ਵਿਗਿਆਨਕ ਸਮਰੱਥਾ ਨੂੰ ਕਮਜ਼ੋਰ ਕਰਨਾ ਸੀ। ਪਰ, ਫ਼ੋਰਡੋ ਸੈਂਟਰ, ਜੋ ਐਸ-300 ਹਵਾਈ ਸੁਰੱਖਿਆ ਪ੍ਰਣਾਲੀਆਂ, ਇਲੈਕਟ੍ਰੌਨਿਕ ਜੈਮਿੰਗ ਅਤੇ ਮਲਟੀ-ਲੇਅਰ ਸ਼ੀਲਡ ਨਾਲ ਸੁਰੱਖਿਅਤ ਹੈ, ਨੁਕਸਾਨ ਤੋਂ ਬਚ ਗਿਆ। ਇਜ਼ਰਾਇਲ ਦੇ ਜੀਬੀਯੂ-28 ਅਤੇ ਜੀਬੀਯੂ-31 ਬੰਕਰ ਬਸਟਰ ਬੰਬ, ਜੋ 6-10 ਮੀਟਰ ਕੰਕਰੀਟ ਨੂੰ ਭੇਦ ਸਕਦੇ ਹਨ, ਫ਼ੋਰਡੋ ਦੀਆਂ ਮਜ਼ਬੂਤ ਕੰਧਾਂ ਅੱਗੇ ਅਸਫ਼ਲ ਰਹੇ। (ਬਾਕੀ ਸਫ਼ਾ 30 ’ਤੇ)

## ਟਰੰਪ ਦੀ ਇਰਾਨ ਨੂੰ ਸਖ਼ਤ ਧਮਕੀ

## ‘ਬਿਨਾਂ ਸ਼ਰਤ ਸਮਰਪਣ ਕਰੋ, ਨਹੀਂ ਤਾਂ ਭਾਰੀ ਬੰਬਾਰੀ ਕਰਾਂਗੇ’



ਨਿਊਯਾਰਕ/ਏ. ਟੀ. ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਉਸ ਨੂੰ ਬਿਨਾਂ ਸ਼ਰਤ ਸਮਰਪਣ ਕਰਨਾ ਪਵੇਗਾ, ਨਹੀਂ ਤਾਂ ਅਮਰੀਕਾ ਅਜਿਹੀ ਬੰਬਾਰੀ ਕਰੇਗਾ, ਜਿਹੜੀ ਪਹਿਲਾਂ ਕਦੇ ਨਹੀਂ ਵੇਖੀ ਹੋਵੇਗੀ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ’ਤੇ ਲਿਖਿਆ, ਅਸੀਂ ਜਾਣਦੇ ਹਾਂ ਕਿ ਇਰਾਨ ਦਾ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਾਮੇਨਈ ਕਿੱਥੇ ਲੁਕਿਆ ਹੋਇਆ ਹੈ, ਪਰ ਅਸੀਂ ਹੁਣੇ ਉਸ ਨੂੰ ਨਹੀਂ ਮਾਰਾਂਗੇ। ਉਨ੍ਹਾਂ ਨੇ ਅੱਗੇ ਕਿਹਾ ਕਿ ਅਮਰੀਕਾ ਦਾ ਸਬਰ ਹੁਣ ਖ਼ਤਮ ਹੋ ਰਿਹਾ ਹੈ ਅਤੇ ਇਰਾਨ ਨੂੰ ਅਮਰੀਕੀ ਸੈਨਿਕਾਂ ਜਾਂ ਨਾਗਰਿਕਾਂ ’ਤੇ ਹਮਲੇ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। (ਬਾਕੀ ਸਫ਼ਾ 30 ’ਤੇ)

## ਕੈਨੇਡਾ ਅਤੇ ਭਾਰਤ ਵਿਚਾਲੇ ਸੁਧਰਨ ਲੱਗੇ ਕੂਟਨੀਤਿਕ ਸੰਬੰਧ

# ਦੋਵੇਂ ਦੇਸ਼ਾਂ ਨੇ ਹਾਈ ਕਮਿਸ਼ਨਰਾਂ ਦੀ ਬਹਾਲੀ ’ਤੇ ਸਹਿਮਤੀ ਦਿੱਤੀ

## ਜੀ 7 ਸਿਖਰ ਸੰਮੇਲਨ ਦੌਰਾਨ ਮਾਰਕ ਕਾਰਨੀ ਅਤੇ ਨਰਿੰਦਰ ਮੋਦੀ ਵਿਚਾਲੇ ਹੋਈ ਮੀਟਿੰਗ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਤੇ ਭਾਰਤ ਨੇ ਇੱਕ ਦੂਜੇ ਦੇ ਮੁਲਕਾਂ ਵਿੱਚ ਆਪੋ ਆਪਣੇ ਹਾਈ ਕਮਿਸ਼ਨਰਾਂ ਦੀ ਬਹਾਲੀ ’ਤੇ ਸਹਿਮਤੀ ਦਿੱਤੀ ਹੈ। ਕੈਨੇਡਾ ਵਿੱਚ ਚੱਲ ਰਹੇ ਜੀ 7 ਸਿਖਰ ਸੰਮੇਲਨ ਦੇ ਦੂਜੇ ਦਿਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਕੈਨੇਡਿਆਈ ਹਮਰੁਤਬਾ ਮਾਰਕ ਕਾਰਨੀ ਨੇ ਵਾਰਤਾ ਤੋਂ ਇੱਕ ਪਾਸੇ ਬੈਠਕ ਵਿੱਚ ਹਾਈ ਕਮਿਸ਼ਨਰਾਂ ਦੀ ਨਿਯੁਕਤੀ ਨਾਲ ਕੂਟਨੀਤਿਕ ਸਬੰਧ ਸੁਧਾਰਨ ਦੀ ਪਹਿਲਕਦਮੀ ’ਤੇ ਸਹਿਮਤੀ ਪ੍ਰਗਟਾਈ ਹੈ।

ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿੱਚ ਕੁੜੱਤਣ ਉਦੋਂ ਵੱਧ ਗਈ ਸੀ, ਜਦੋਂ ਤੱਤਕਾਲੀ ਕੈਨੇਡਿਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਖੜ੍ਹ ਕੇ ਭਾਰਤ ’ਤੇ ਕੈਨੇਡਿਆਈ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਦੋਸ਼ ਲਾਇਆ ਸੀ। ਇਸ ਉਪਰੰਤ ਕੈਨੇਡਾ ਨੇ 6 ਭਾਰਤੀ ਰਾਜਦੂਤਾਂ ਨੂੰ ਵਾਪਸ ਭੇਜਿਆ ਸੀ ਤੇ ਭਾਰਤ ਨੇ ਵੀ ਜਵਾਬੀ ਕਾਰਵਾਈ ਵਿੱਚ ਕੈਨੇਡੀਅਨ ਹਾਈ ਕਮਿਸ਼ਨ ਦੇ ਕੁਝ ਮੈਂਬਰਾਂ ਨੂੰ ਭਾਰਤ ਛੱਡਣ ਲਈ ਆਖਿਆ ਸੀ। ਇਸ ਮਗਰੋਂ ਦੁਵੱਲੀ ਬਿਆਨਬਾਜ਼ੀ ਨਾਲ ਦੋਵਾਂ ਮੁਲਕਾਂ ਵਿੱਚ ਕਸ਼ੀਦਗੀ ਵਧਦੀ ਗਈ। ਇਸ ਕਰਕੇ



ਕੈਨੇਡਾ ਵਸੇ ਭਾਰਤੀਆਂ ਨੂੰ ਵੀਜ਼ੇ ਅਤੇ ਕਈ ਹੋਰ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਸੀ।

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਮਾਰਚ ਮਹੀਨੇ ਮਾਰਕ ਕਾਰਨੀ ਨੂੰ ਪ੍ਰਧਾਨ ਮੰਤਰੀ ਬਣਨ ’ਤੇ ਦਿੱਤੀ ਵਧਾਈ ਨੂੰ ਸਬੰਧਾਂ ਵਿੱਚ ਸੁਧਾਰ ਦੀ ਦਿਸ਼ਾ ਵਿੱਚ ਚੁੱਕੇ ਕਦਮ ਵਜੋਂ ਦੇਖਿਆ ਜਾਣ ਲੱਗਾ ਸੀ। ਬੇਸ਼ੱਕ ਪਿਛਲੇ ਦਿਨੀਂ ਭਾਰਤੀ ਪ੍ਰਧਾਨ ਮੰਤਰੀ ਦੇ ਕੈਲਗਰੀ ਪਹੁੰਚਣ ’ਤੇ ਉਨ੍ਹਾਂ ਦੇ ਸਵਾਗਤ ਲਈ ਕੈਨੇਡਾ ਸਰਕਾਰ ਦਾ ਕੋਈ ਮੰਤਰੀ ਜਾਂ ਵੱਡਾ ਅਧਿਕਾਰੀ ਨਹੀਂ ਪਹੁੰਚਿਆ। ਹਵਾਈ ਅੱਡੇ ’ਤੇ ਪ੍ਰਧਾਨ ਮੰਤਰੀ ਮੋਦੀ ਨੂੰ ਕੈਲਗਰੀ ਦੇ ਮਿਊਂਸਪਲ ਕੌਂਸਲਰ ਵਲੋਂ ਜੀ ਆਇਆਂ ਕਿਹਾ ਗਿਆ। ਸਿਆਸੀ ਸੋਚ ਵਾਲੇ ਲੋਕਾਂ ਵੱਲੋਂ ਕੈਨੇਡਾ ਸਰਕਾਰ ਦੀ ਇਸ ਬੇਰੁਖੀ ਨੂੰ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫ਼ੇਰੀ ਮੌਕੇ ਉਨ੍ਹਾਂ ਨਾਲ ਕੀਤੇ ਅਜਿਹੇ ਸਲੂਕ ਵਜੋਂ ਵੇਖਿਆ ਜਾ ਰਿਹਾ ਸੀ, ਪਰ ਦੁਵੱਲੇ ਕੂਟਨੀਤਕ ਸਬੰਧਾਂ ਵਿੱਚ ਸੁਧਾਰ ਦੀ ਦਿਸ਼ਾ ’ਚ ਚੁੱਕੇ ਕਦਮ ਨੂੰ ਸ਼ੁਭ ਸ਼ਗਨ ਵਜੋਂ ਵੇਖਿਆ ਜਾ ਰਿਹਾ ਹੈ।

# ਕਸ਼ਮੀਰੀ ਸਿੱਖਾਂ ਦਾ ਦੁਖਾਂਤ ਅੱਖੋਂ ਪਰੋਖੇ ਕਿਉਂ, ਸਰਕਾਰ ਕਿਉਂ ਨਹੀਂ ਸੁਣ ਰਹੀ ਆਵਾਜ਼

## ਸਰਕਾਰੀ ਸਹੂਲਤਾਂ ਤੋਂ ਵਾਂਝੇ ਕਸ਼ਮੀਰੀ ਸਿੱਖ, ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁੱਪ ਕਿਉਂ ?

## ਕਸ਼ਮੀਰੀ ਹਿੰਸਾ ਅਤੇ ਜਿਹਾਦ ਦੀ ਮਾਰ ਹੇਠ ਵਾਦੀ ਤੋਂ ਸਿੱਖ ਉਜੜਨ ਲੱਗੇ

ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916






ਸਦੀਆਂ ਤੋਂ ਕਸ਼ਮੀਰ ਦੀ ਧਰਤੀ ਸਿੱਖਾਂ ਦੀ ਵਿਰਾਸਤ ਦਾ ਗੜ੍ਹ ਰਹੀ ਹੈ। ਗੁਰੂ ਨਾਨਕ ਦੇਵ ਜੀ ਦੀਆਂ ਪਵਿੱਤਰ ਯਾਤਰਾਵਾਂ ਨੇ ਇਸ ਧਰਤੀ ’ਤੇ ਸਿੱਖੀ ਦੀਆਂ ਜੜ੍ਹਾਂ ਪੁਖਤਾ ਕੀਤੀਆਂ ਤੇ ਇਸ ਧਰਤੀ ਉੱਪਰ ਗੁਰੂ ਹਰਗੋਬਿੰਦ ਸਾਹਿਬ ਦੇ ਪਏ ਚਰਨਾਂ ਨੇ ਇਸ ਸਬੰਧ ਨੂੰ ਹੋਰ ਗੂੜ੍ਹਾ ਕੀਤਾ। ਪਰ ਅੱਜ, ਇਹੀ ਵਾਦੀ ਸਿੱਖਾਂ ਲਈ ਦੁਖਾਂ ਦੀ ਦਾਸਤਾਨ ਬਣ ਗਈ ਹੈ। ਜਿਹਾਦੀ ਹਿੰਸਾ, ਸਰਕਾਰੀ ਵਿਤਕਰੇ ਅਤੇ ਸਰਕਾਰ ਦੀ ਅਣਦੇਖੀ ਨੇ ਕਸ਼ਮੀਰੀ ਸਿੱਖਾਂ ਦੇ ਦੁਖਾਂਤ ਨੂੰ ਡੂੰਘਾ ਕੀਤਾ ਹੈ।

ਬੀਤੇ ਦਿਨੀਂ ਸਿੱਖ ਸਕਾਲਰ ਡਾ. ਕੋਮਲ ਜੇ.ਬੀ. ਸਿੰਘ, ਇੱਕ ਕਸ਼ਮੀਰੀ ਸਿੱਖ ਧੀ, ਨੇ ਅਮਰੀਕਾ ਦੀ ਕੈਲੀਫ਼ੋਰਨੀਆ ਯੂਨੀਵਰਸਿਟੀ ਵਿਖੇ ਸਿੱਖਾਂ ਦੇ ਦੁਖਾਂਤ ਨੂੰ ਦੁਨੀਆ ਸਾਹਮਣੇ ਰੱਖਿਆ। ਉਨ੍ਹਾਂ ਦੀ ਆਵਾਜ਼ ਨੇ ਕਸ਼ਮੀਰੀ ਸਿੱਖ ਭਾਈਚਾਰੇ ਦੀਆਂ ਅਣਸੁਣੀਆਂ ਦੁਖਾਂਤਕ ਕਹਾਣੀਆਂ ਨੂੰ ਸਾਹਮਣੇ ਲਿਆਂਦਾ ਹੈ ਤੇ ਮੀਡੀਆ ਸਾਹਮਣੇ ਪੇਸ਼ ਕੀਤਾ ਹੈ। ਡਾ. ਕੋਮਲ ਨੇ ਅਮਰੀਕਾ ਵਿਖੇ ਸੈਮੀਨਾਰ ਦੌਰਾਨ ਜਿਹਾਦੀ ਹਿੰਸਾ ਅਤੇ ਸਰਕਾਰੀ ਅਣਦੇਖੀ ਦੇ ਪ੍ਰਭਾਵ ਨੂੰ ਵਿਸਤਾਰ ਨਾਲ ਬਿਆਨ ਕੀਤਾ ਸੀ। ਉਨ੍ਹਾਂ ਜ਼ੋਰ ਦਿੱਤਾ ਕਿ ਸਿੱਖੀ ਨੂੰ ਸਿਰਫ਼ ਪੰਜਾਬ ਦੇ ਨਜ਼ਰੀਏ ਤੋਂ ਨਹੀਂ, ਸਗੋਂ ਕਸ਼ਮੀਰ ਵਰਗੇ ਖੇਤਰਾਂ ਦੇ ਸੰਦਰਭ ਵਿੱਚ ਵੀ ਸਮਝਣ ਦੀ ਲੋੜ ਹੈ। ਉਨ੍ਹਾਂ ਨੇ ਸਿੱਖ ਸਮਾਜ ਵਿੱਚ ਜਾਤ-ਪਾਤ ਵਿਰੁੱਧ ਭਾਵਨਾ ਅਤੇ ਸਤਿਗੁਰੂ ਨਾਨਕ ਦੀ ਬਰਾਬਰੀ ਦੀ ਸਿੱਖਿਆ ਨੂੰ ਵਾਦੀ ਵਿੱਚ ਜੀਵੰਤ ਰੱਖਣ ਦੀ ਮਹੱਤਤਾ ’ਤੇ ਚਾਨਣਾ ਪਾਇਆ ਸੀ। ਡਾ. ਕੋਮਲ ਨੇ ਵਿਦਵਾਨਾਂ ਅਤੇ ਸਿੱਖ ਸੰਸਥਾਵਾਂ ਨੂੰ ਸੱਦਾ ਦਿੱਤਾ ਸੀ ਕਿ ਉਹ ਕਸ਼ਮੀਰੀ ਸਿੱਖਾਂ ਦੀਆਂ ਦੁਖਾਂਤਕ ਆਵਾਜ਼ਾਂ ਨੂੰ ਵਿਸ਼ਵ ਪੱਧਰ ’ਤੇ ਉਠਾਉਣ। ਕਸ਼ਮੀਰੀ ਸਿੱਖਾਂ ਦੀ ਮੁੜ ਵਸੇਬੇ, ਸਰਕਾਰੀ ਸਹੂਲਤਾਂ ਅਤੇ ਪਛਾਣ ਦੀ ਮਾਨਤਾ ਲਈ ਠੋਸ ਕਦਮ ਚੁੱਕਣ ਦੀ ਜ਼ਰੂਰਤ ਹੈ। ਜੇ ਅਸੀਂ ਅੱਜ ਚੁੱਪ ਰਹੇ, ਤਾਂ ਸਿੱਖੀ ਦੀ ਇਹ ਵਿਲੱਖਣ ਵਿਰਾਸਤ ਸਦਾ ਲਈ ਗੁੰਮ ਹੋ ਸਕਦੀ ਹੈ। ਪਰ ਸਵਾਲ ਇਹ ਹੈ - ਕੀ ਭਾਰਤ ਸਰਕਾਰ ਇਹ ਆਵਾਜ਼ ਸੁਣੇਗੀ ?

ਕਸ਼ਮੀਰੀ ਸਿੱਖਾਂ ਦੀ ਦੁਰਦਸ਼ਾ ਕੋਈ ਨਵੀਂ ਨਹੀਂ। 1947 ਦੀ ਵੰਡ ਦੌਰਾਨ ਕਬਾਇਲੀ ਹਮਲਿਆਂ ਨੇ ਸਿੱਖਾਂ ਦੇ ਵੱਡੇ ਕਤਲੇਆਮ ਦੀ ਸ਼ੁਰੂਆਤ ਕੀਤੀ ਸੀ। ਮੁਜ਼ੱਫ਼ਰਾਬਾਦ ਤੋਂ ਬਾਰਾਮੂਲਾ ਤੱਕ ਦੇ ਕਤਲੇਆਮ ਨੇ ਲਗਭਗ ਇੱਕ ਲੱਖ ਸਿੱਖਾਂ ਦੀਆਂ ਜਾਨਾਂ ਲਈਆਂ ਸਨ। 1980 ਦੇ ਦਹਾਕੇ ਵਿੱਚ ਸ਼ੁਰੂ ਹੋਏ ਜਿਹਾਦੀ ਸੰਘਰਸ਼ ਨੇ ਸਿੱਖਾਂ ਨੂੰ ਹਿੰਸਾ ਅਤੇ ਧਮਕੀਆਂ ਸਹਿਣ ਕਰਨੀਆਂ ਪਈਆਂ। ਚਿੱਠੀ ਸਿੰਘਪੁਰਾ ਵਿੱਚ 2000 ਵਿੱਚ ਹੋਏ ਕਤਲੇਆਮ ਵਿੱਚ 35 ਸਿੱਖਾਂ ਦੀ ਹੱਤਿਆ ਨੇ ਇਸ ਪੀੜ ਨੂੰ ਹੋਰ ਡੂੰਘਾ ਕੀਤਾ। ਅੱਜ ਵੀ, ਵਾਦੀ ਵਿੱਚ ਸਿੱਖ ਘੱਟ-ਗਿਣਤੀ ਦੇ ਰੂਪ ਵਿੱਚ ਦਹਿਸ਼ਤ ਅਤੇ ਅਨਿਸ਼ਚਿਤਤਾ ਦੇ ਪਰਛਾਂਵੇ ਹੇਠ ਜੀਅ ਰਹੇ ਹਨ। ਕਸ਼ਮੀਰੀ ਸਿੱਖਾਂ ਦੇ ਸਿਆਸੀ, ਸਾਮਾਜਿਕ ਅਤੇ ਆਰਥਿਕ ਪਛੜੇਪਣ ਨੇ ਉਨ੍ਹਾਂ ਨੂੰ ਹਾਸ਼ੀਏ ’ਤੇ ਧੱਕ ਦਿੱਤਾ ਹੈ। ਸਰਕਾਰੀ ਨੀਤੀਆਂ ਵਿੱਚ ਸਿੱਖਾਂ ਦੀ ਅਣਦੇਖੀ, ਸਿਆਸੀ ਨੁਮਾਇੰਦਗੀ ਦੀ ਕਮੀ ਅਤੇ ਸੰਸਥਾਗਤ ਸਹਾਇਤਾ ਦੀ ਘਾਟ ਇਸ ਦੁਖਾਂਤ ਨੂੰ ਹੋਰ ਗੰਭੀਰ ਬਣਾਉਂਦੀ ਹੈ।

### ਕਿਉਂ ਵਾਦੀ ਵਿੱਚ ਸਿੱਖਾਂ ਨੂੰ ਉਜੜਨਾ ਪਿਆ ?

1980 ਅਤੇ 1990 ਦੇ ਦਹਾਕਿਆਂ ਵਿੱਚ ਕਸ਼ਮੀਰ ਵਿੱਚ ਸ਼ੁਰੂ ਹੋਏ ਜਿਹਾਦੀ ਸੰਘਰਸ਼ ਨੇ ਵਾਦੀ ਦੇ ਸਮਾਜਿਕ ਤਾਣੇ-ਬਾਣੇ ਨੂੰ ਹਿਲਾ ਦਿੱਤਾ। ਸਿੱਖ, ਜੋ ਵਪਾਰ, ਖੇਤੀਬਾੜੀ ਅਤੇ ਹੁਨਰਮੰਦੀ ਵਿੱਚ ਸਰਗਰਮ ਸਨ, ਸਿਆਸੀ ਅਸਥਿਰਤਾ ਅਤੇ ਹਿੰਸਾ ਦੇ ਸ਼ਿਕਾਰ ਬਣੇ। ਜਿਹਾਦੀਆਂ ਅਤੇ ਸੁਰੱਖਿਆ ਬਲਾਂ ਦੇ ਵਿਚਕਾਰ ਫ਼ਸਣ ਕਾਰਨ ਸਿੱਖ ਪਰਿਵਾਰਾਂ ਨੂੰ ਆਪਣੇ ਘਰ, ਜ਼ਮੀਨਾਂ ਅਤੇ ਕਾਰੋਬਾਰ ਛੱਡਣੇ ਪਏ। ਬਾਰਾਮੂਲਾ, ਸ੍ਰੀਨਗਰ, ਅਨੰਤਨਾਗ ਅਤੇ ਪੁਲਵਾਮਾ ਵਰਗੇ ਖੇਤਰਾਂ ਵਿੱਚ ਸਿੱਖਾਂ ਨੂੰ ਧਮਕੀਆਂ, ਹਮਲਿਆਂ ਅਤੇ ਆਰਥਿਕ ਤਬਾਹੀ ਦਾ ਸਾਹਮਣਾ ਕਰਨਾ ਪਿਆ। ਇਸ ਨੇ ਹਜ਼ਾਰਾਂ ਸਿੱਖਾਂ ਨੂੰ ਜੰਮੂ, ਦਿੱਲੀ ਅਤੇ ਭਾਰਤ ਦੇ ਹੋਰ ਹਿੱਸਿਆਂ ਤੇ ਵਿਦੇਸ਼ਾਂ ਵੱਲ ਪਰਵਾਸ ਕਰਨ ਲਈ ਮਜਬੂਰ ਕੀਤਾ। ਸਰਕਾਰੀ ਅਣਦੇਖੀ ਅਤੇ ਸੁਰੱਖਿਆ ਦੀ ਕਮੀ ਨੇ ਇਸ ਪਰਵਾਸ ਨੂੰ ਹੋਰ ਤੇਜ਼ ਕੀਤਾ। ਤਾਜ਼ਾ ਅੰਕੜਿਆਂ ਅਨੁਸਾਰ, ਕਸ਼ਮੀਰ ਵਾਦੀ ਵਿੱਚ ਸਿੱਖਾਂ ਦੀ ਗਿਣਤੀ ਕਾਫ਼ੀ ਘਟ ਗਈ ਹੈ। 1980 ਦੇ ਦਹਾਕੇ ਤੋਂ ਪਹਿਲਾਂ, ਸਿੱਖ ਵਾਦੀ ਵਿੱਚ ਲਗਭਗ 60,000-70,000 ਦੀ ਆਬਾਦੀ ਸਨ। ਅੱਜ, ਇਹ ਗਿਣਤੀ ਘਟ ਕੇ 15,000-20,000 ਦੇ ਕਰੀਬ ਰਹਿ ਗਈ ਹੈ। ?

### ਉਜੜੇ ਹਿੰਦੂ ਕਸ਼ਮੀਰੀਆਂ ਵਾਂਗ ਸਹੂਲਤਾਂ ਨਹੀਂ ਮਿਲੀਆਂ ਕਸ਼ਮੀਰੀ ਸਿੱਖਾਂ ਨੂੰ

ਕਸ਼ਮੀਰੀ ਹਿੰਦੂਆਂ, ਖਾਸ ਕਰਕੇ ਪੰਡਤਾਂ, ਨੂੰ ਕਸ਼ਮੀਰੀ ਸੰਘਰਸ਼ ਦੌਰਾਨ ਉਜਾੜੇ ਦੀ ਮਾਰ ਸਹਿਣੀ ਪਈ, ਪਰ ਸਰਕਾਰ ਨੇ ਉਨ੍ਹਾਂ ਦੀ ਮੁੜ ਵਸੇਬੇ ਲਈ ਸਕੀਮਾਂ ਲਾਗੂ ਕੀਤੀਆਂ। ਜੰਮੂ ਵਿੱਚ ਸਰਕਾਰੀ ਨੌਕਰੀਆਂ, ਸਿੱਖਿਆ ਸੰਸਥਾਨਾਂ ਅਤੇ ਵਿੱਤੀ ਸਹਾਇਤਾ ਵਿੱਚ ਰਾਖਵੀਂ ਸਹੂਲਤਾਂ ਦਿੱਤੀਆਂ ਗਈਆਂ। ਪਰ ਸਿੱਖਾਂ ਨੂੰ ਇਹ ਸਹੂਲਤਾਂ ਨਹੀਂ ਮਿਲੀਆਂ। ਸਰਕਾਰੀ ਨੀਤੀਆਂ ਵਿੱਚ ਸਿੱਖਾਂ ਨੂੰ ਉਜਾੜੇ



ਵਜੋਂ ਮਾਨਤਾ ਨਹੀਂ ਦਿੱਤੀ ਗਈ। ਪਾਕਿਸਤਾਨ-ਪ੍ਰਸ਼ਾਸਿਤ ਕਸ਼ਮੀਰ ਦੇ ਹਿੰਦੂ ਸ਼ਰਨਾਰਥੀਆਂ ਵਾਂਗ ਸਿੱਖ ਭਾਈਚਾਰੇ ਨੂੰ ਸੰਸਥਾਗਤ ਸਹਾਰਾ ਨਹੀਂ ਮਿਲਿਆ। ਇਸ ਦੀ ਵਜ੍ਹਾ ਸਿਆਸੀ ਨੁਮਾਇੰਦਗੀ ਦੀ ਕਮੀ, ਸਿੱਖਾਂ ਦੀ ਘੱਟ ਗਿਣਤੀ ਅਤੇ ਸਰਕਾਰ ਦੀ ਬੇਰੁਖੀ ਸੀ।

ਸਵਾਲ ਇਹ ਹੈ ਕਿ ਜੇ ਸਾਰੇ ਕਸ਼ਮੀਰੀ ਸਿੱਖ ਵਾਦੀ ਛੱਡ ਦਿੰਦੇ ਹਨ, ਤਾਂ ਭਾਰਤ ਦੀ ਸੱਭਿਆਚਾਰਕ ਅਤੇ ਇਤਿਹਾਸਕ ਹੋਂਦ ’ਤੇ ਗੰਭੀਰ ਸਵਾਲ ਖੜ੍ਹੇ ਹੋਣਗੇ। ਕਸ਼ਮੀਰੀ ਮੁਸਲਮਾਨਾਂ ਦੀ ਬਹੁਗਿਣਤੀ, ਜੋ ਅਕਸਰ ਭਾਰਤ ਨਾਲ ਜੁੜਨ ਨੂੰ ਸਵੀਕਾਰ ਨਹੀਂ ਕਰਦੀ, ਦੇ ਸੰਦਰਭ ਵਿੱਚ ਸਿੱਖ ਅਤੇ ਹਿੰਦੂ ਭਾਰਤ ਦੀ ਸਰਕਾਰੀ ਨੀਤੀਆਂ ਅਤੇ ਸੱਭਿਆਚਾਰਕ ਪਛਾਣ ਦਾ ਮਹੱਤਵਪੂਰਨ ਹਿੱਸਾ ਹਨ। ਸਿੱਖਾਂ ਦਾ ਉਥੋਂ ਉਜੜਨਾ ਵਾਦੀ ਵਿੱਚ ਭਾਰਤ ਦੀ ਪਕੜ ਨੂੰ ਕਮਜ਼ੋਰ ਕਰ ਸਕਦਾ ਹੈ, ਕਿਉਂਕਿ ਇਹ ਵਿਭਿੰਨਤਾ ਦੀ ਤਾਕਤ ਨੂੰ ਘਟਾਏਗਾ ਅਤੇ ਸਿਆਸੀ ਅਸਥਿਰਤਾ ਨੂੰ ਹੋਰ ਵਧਾਏਗਾ।

### ਕਸ਼ਮੀਰ ਵਿੱਚ ਸਿੱਖਾਂ ਦੀਆਂ ਸਮੱਸਿਆਵਾਂ ਕੀ ਹਨ ?


ਜ਼ਮੀਨਾਂ ਅਤੇ ਕਾਰੋਬਾਰ ਗੁਆਉਣ ਕਾਰਨ ਕਸ਼ਮੀਰੀ ਸਿੱਖ ਪਰਿਵਾਰ ਆਰਥਿਕ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਸਿੱਖ ਬੱਚਿਆਂ ਨੂੰ ਉੱਚ ਸਿੱਖਿਆ ਲਈ ਸਹੂਲਤਾਂ ਅਤੇ ਵਿੱਤੀ ਸਹਾਇਤਾ ਦੀ ਘਾਟ ਹੈ। ਸਿੱਖੀ ਦੀ ਵਿਲੱਖਣ ਪਛਾਣ ਨੂੰ ਮੁੱਖ ਧਾਰਾ ਵਿੱਚ ਸਵੀਕਾਰ ਨਹੀਂ ਕੀਤਾ ਜਾ ਰਿਹਾ। ਜੋ ਸਿੱਖ ਵਾਦੀ ਵਿੱਚ ਰਹਿ ਗਏ ਹਨ, ਉਹ ਮੁੱਖ ਤੌਰ ’ਤੇ ਖੇਤੀਬਾੜੀ, ਛੋਟੇ ਵਪਾਰ ਅਤੇ ਸਰਕਾਰੀ ਨੌਕਰੀਆਂ ਵਿੱਚ ਸਰਗਰਮ ਹਨ। ਕੁਝ ਸਿੱਖ ਪਰਿਵਾਰ ਸ੍ਰੀਨਗਰ ਅਤੇ ਬਾਰਾਮੂਲਾ ਵਿੱਚ ਛੋਟੀਆਂ ਦੁਕਾਨਾਂ, ਟਰਾਂਸਪੋਰਟ ਅਤੇ ਹੁਨਰਮੰਦੀ ਦੇ ਕੰਮਾਂ ਵਿੱਚ ਜੁਟੇ ਹੋਏ ਹਨ। ਪਰ, ਜ਼ਮੀਨਾਂ ਦੇ ਨੁਕਸਾਨ ਅਤੇ ਸੁਰੱਖਿਆ ਦੀ ਕਮੀ ਕਾਰਨ ਉਨ੍ਹਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੈ।

### ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਕਿਉਂ ਚੁੱਪ ਹਨ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਸੰਸਥਾਵਾਂ ਦੀ ਚੁੱਪੀ ਸਵਾਲਾਂ ਦੇ ਘੇਰੇ ਵਿੱਚ ਹੈ। ਵਿਸ਼ਵ ਪੱਧਰ ’ਤੇ ਸਿੱਖ ਸੰਸਥਾਵਾਂ, ਜਿਵੇਂ ਕਿ ਅਮਰੀਕਾ, ਕੈਨੇਡਾ ਅਤੇ ਬਰਤਾਨੀਆ ਵਿੱਚ ਸਥਾਪਤ ਸੰਗਠਨਾਂ, ਨੇ ਵੀ ਕਸ਼ਮੀਰੀ ਸਿੱਖਾਂ ਦੇ ਮੁੱਦੇ ’ਤੇ ਚੁੱਪੀ ਸਾਧੀ ਹੋਈ ਹੈ। ਇਹ ਸੰਸਥਾਵਾਂ, ਜੋ ਸਿੱਖ ਹਿੱਤਾਂ ਦੀ ਰਾਖੀ ਦਾ ਦਾਅਵਾ ਕਰਦੀਆਂ ਹਨ, ਨੇ ਕਸ਼ਮੀਰੀ ਸਿੱਖਾਂ ਦੇ ਮੁੱਦੇ ਨੂੰ ਪ੍ਰਭਾਵੀ ਢੰਗ ਨਾਲ ਨਹੀਂ ਉਠਾਇਆ। ਸਮਝਿਆ ਜਾਂਦਾ ਹੈ ਕਿ ਇਹ ਸੰਸਥਾਵਾਂ ਪੰਜਾਬ-ਕੇਂਦਰਿਤ ਸਿਆਸਤ ’ਤੇ ਜ਼ਿਆਦਾ ਧਿਆਨ ਦਿੰਦੀਆਂ ਹਨ, ਜਿਸ ਕਾਰਨ ਕਸ਼ਮੀਰੀ ਸਿੱਖਾਂ ਦੇ ਮੁੱਦੇ ਨਜ਼ਰਅੰਦਾਜ਼ ਹੁੰਦੇ ਹਨ। ਪਰਵਾਸੀ ਸਿੱਖ ਸੰਸਥਾਵਾਂ ਅਕਸਰ 1984 ਦੇ ਸਿੱਖ ਵਿਰੋਧੀ ਕਤਲੇਆਮ ਜਾਂ ਖ਼ਾਲਿਸਤਾਨ ਮੁੱਦੇ, ਮਨੁੱਖੀ ਅਧਿਕਾਰਾਂ ’ਤੇ ਜ਼ਿਆਦਾ ਕੇਂਦਰਿਤ ਹਨ। ਕਸ਼ਮੀਰੀ ਸਿੱਖਾਂ ਦੀ ਘੱਟ ਗਿਣਤੀ ਅਤੇ ਉਨ੍ਹਾਂ ਦੀ ਸਿਆਸੀ ਪਹੁੰਚ ਦੀ ਕਮੀ ਕਾਰਨ ਵਿਸ਼ਵ ਸੰਸਥਾਵਾਂ ਨੇ ਇਸ ਮੁੱਦੇ ਨੂੰ ਅਣਦੇਖਿਆ ਕੀਤਾ ਹੈ।

### ਕੀ ਘੱਟ-ਗਿਣਤੀ ਕਮਿਸ਼ਨ ਅਤੇ ਮੋਦੀ ਸਰਕਾਰ ਕੋਲ ਆਵਾਜ਼ ਉੱਠੀ ?

ਕਸ਼ਮੀਰੀ ਸਿੱਖਾਂ ਕੋਮਲ ਜੇ.ਬੀ. ਸਿੰਘ ਨੇ ਕੈਲੀਫ਼ੋਰਨੀਆ ਯੂਨੀਵਰਸਿਟੀ, ਰਿਵਰਸਾਈਡ ਵਿਖੇ ਅਨਿਸ਼ਚਿਤ ਸੰਸਾਰ ਵਿੱਚ ਸਿੱਖ ਅਤੇ ਸਿੱਖੀ ਦੇ ਨਾਜ਼ੁਕ ਭਵਿੱਖ ਸੈਮੀਨਾਰ ਵਿੱਚ ਕਸ਼ਮੀਰੀ ਸਿੱਖਾਂ ਦੀ ਅਣਦੇਖੀ ਦੁਰਦਸ਼ਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ। ਉਨ੍ਹਾਂ ਨੇ 1947 ਦੇ ਕਤਲੇਆਮ ਦੀਆਂ ਸਮੱਸਿਆਵਾਂ ਨੂੰ ਰਾਸ਼ਟਰੀ ਘੱਟ-ਗਿਣਤੀ ਕਮਿਸ਼ਨ ਅਤੇ ਮੋਦੀ ਸਰਕਾਰ ਕੋਲ ਕਈ ਵਾਰ ਉਠਾਇਆ ਹੈ, ਪਰ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਸਿੱਖ ਸੰਗਠਨਾਂ ਅਤੇ ਵਿਅਕਤੀਗਤ ਆਗੂਆਂ ਨੇ ਸਮੇਂ-ਸਮੇਂ ’ਤੇ ਮੁੜ ਵਸੇਬੇ, ਸਰਕਾਰੀ ਸਹੂਲਤਾਂ ਅਤੇ ਸਿੱਖ ਪਛਾਣ ਦੀ ਮਾਨਤਾ ਦੀ ਮੰਗ ਕੀਤੀ, ਪਰ ਸਰਕਾਰ ਦੀ ਪ੍ਰਤੀਕਿਰਿਆ ਮੱਠੀ ਰਹੀ। ਮੋਦੀ ਸਰਕਾਰ ਦਾ ਧਿਆਨ ਜ਼ਿਆਦਾਤਰ ਕਸ਼ਮੀਰੀ ਪੰਡਤਾਂ ਦੀ ਮੁੜ ਵਸੇਬੇ ’ਤੇ ਰਿਹਾ, ਜਿਸ ਕਾਰਨ ਸਿੱਖਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਰਾਸ਼ਟਰੀ ਘੱਟ-ਗਿਣਤੀ ਕਮਿਸ਼ਨ ਨੇ ਵੀ ਸਿੱਖਾਂ ਦੀਆਂ ਵਿਸ਼ੇਸ਼ ਸਮੱਸਿਆਵਾਂ ’ਤੇ ਧਿਆਨ ਨਹੀਂ ਦਿੱਤਾ, ਜਿਸ ਨੇ ਕਸ਼ਮੀਰੀ ਸਿੱਖਾਂ ਦੀ ਨਿਰਾਸ਼ਤਾ ਨੂੰ ਹੋਰ ਵਧਾਇਆ ਹੈ।







# ਦਲ ਬਦਲੂ ਨੇਤਾਵਾਂ ਦਾ ਸਿਆਸੀ ਭਵਿੱਖ !

## ਭਾਜਪਾ ’ਚ ਸ਼ਾਮਲ ਹੋਏ ਹੋਰਨਾਂ ਪਾਰਟੀਆਂ ਦੇ ਆਗੂਆਂ ਦਾ ਕੀ ਹੋਵੇਗਾ ਸਿਆਸੀ ਭਵਿੱਖ ?

## ਆਪਣੀ ਸਿਆਸੀ ਜ਼ਮੀਨ ਨੂੰ ਬਚਾਉਣ ’ਚ ਕਿੰਨੇ ਕੁ ਕਾਮਯਾਬ ਹੋਣਗੇ ਦਲ ਬਦਲੀ ਕਰ ਚੁੱਕੇ ਰਾਜ ਨੇਤਾ




ਜਦੋਂ ਤੋਂ ਭਾਰਤ ’ਚ ਭਾਜਪਾ ਦੀ ਸਰਕਾਰ ਬਣੀ ਹੈ, ਉਦੋਂ ਤੋਂ ਪੰਜਾਬ ਤੋਂ ਲੈ ਕੇ ਉੱਤਰਾਖੰਡ , ਯੂ.ਪੀ., ਗੋਆ, ਮਨੀਪੁਰ ਅਤੇ ਦਿੱਲੀ ਵਿੱਚ ਦੂਜੀਆਂ ਪਾਰਟੀਆਂ ਦੇ ਆਗੂ ਕਿਤੇ ਚੋਣਾਂ ਤੋਂ ਪਹਿਲਾਂ, ਕਿਤੇ ਚੋਣਾਂ ਮੌਕੇ, ਕਿਤੇ ਚੋਣਾਂ ਤੋਂ ਬਾਅਦ ਲਗਾਤਾਰ ਭਾਜਪਾ ਦੇ ਸੱਤਾ ਦੇ ਰੱਥ ਵਿੱਚ ਸਵਾਰ ਹੁੰਦੇ ਨਜ਼ਰ ਆ ਰਹੇ ਹਨ ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸਿਆਸੀ ਆਗੂ ਕੀ ਆਪਣੀ ਸਿਆਸੀ ਜ਼ਮੀਨ ਨੂੰ ਬਚਾਈ ਰੱਖਣ ਵਿੱਚ ਕਾਮਯਾਬ ਹੋਣਗੇ ? ਇਸਦੇ ਨਾਲ ਇਹ ਵੀ ਸਵਾਲ ਖੜਾ ਹੋ ਰਿਹਾ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਦਾ ਆਪਣਾ ਨਿੱਜੀ ਕੱਦ ਘੱਟ ਰਿਹਾ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਅਨੇਕਾਂ ਅਕਾਲੀ ਆਗੂਆਂ ਸਮੇਤ ਭਾਜਪਾ ਵਿੱਚ ਦੂਸਰੀਆਂ ਪਾਰਟੀਆਂ ਦੇ ਆਗੂਆਂ ਦੇ ਸ਼ਾਮਲ ਹੋਣ ਦੀ ਸੂਚੀ ਬਹੁਤ ਲੰਬੀ ਹੈ। ਇਸ ਤੋਂ ਇਲਾਵਾ ਦਿੱਲੀ ਦੇ ਅਨੇਕਾਂ ਸਿੱਖ ਆਗੂ ਵੀ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਰਾਜ ਨੇਤਾਵਾਂ ਬਾਰੇ ਗੱਲਬਾਤ ਕਰਦਿਆਂ ਅਕਸਰ ਕੁੱਝ ਸਿਆਸੀ ਮਾਹਿਰ ਵਿਅੰਗ ਕਰਦਿਆਂ ਕਹਿੰਦੇ ਹਨ ਕਿ ਭਾਜਪਾ ਵੱਲੋਂ ਦੂਜੀਆਂ ਸਿਆਸੀ ਪਾਰਟੀਆਂ ਦੀ ਰਹਿੰਦ ਖੂੰਹਦ ਇੱਕਠੀ ਕੀਤੀ ਜਾ ਰਹੀ ਹੈ। ਪੰਜਾਬ ਦੇ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ ਪਰ ਭਾਜਪਾ ਵਿੱਚ ਉਹਨਾਂ ਦਾ ਦਿਲ ਨਹੀਂ ਲੱਗਿਆ ਅਤੇ ਉਹ ਮੁੜ ਕਾਂਗਰਸ ਵਿੱਚ ਸ਼ਾਮਲ ਹੋ ਗਏ।

ਸਿਆਸੀ ਮਾਹਿਰ ਕਹਿੰਦੇ ਹਨ ਕਿ ਭਾਜਪਾ ਬਹੁਤ ਹੀ ਸਖ਼ਤ ਅਨੁਸ਼ਾਸਨ ਵਾਲੀ ਸਿਆਸੀ ਪਾਰਟੀ ਹੈ। ਭਾਜਪਾ ਦਾ ਕੋਈ ਵੀ ਆਗੂ ਆਪਣੀ ਮਰਜੀ ਨਾਲ ਮਨਚਾਹਿਆ ਬਿਆਨ ਨਹੀਂ ਦੇ ਸਕਦਾ। ਸਿਆਸੀ ਮਾਹਿਰਾਂ ਅਨੁਸਾਰ ਭਾਜਪਾ ਆਗੂ ਪੂਰੇ ਅਨੁਸ਼ਾਸਨ ਵਿੱਚ ਰਹਿ ਕੇ ਆਪਣਾ ਬਿਆਨ ਜਾਰੀ ਕਰਦੇ ਹਨ। ਇਸ ਕਰਕੇ ਹੋਰਨਾਂ ਪਾਰਟੀਆਂ ਤੋਂ ਭਾਜਪਾ ਵਿੱਚ ਸ਼ਾਮਲ ਹੋਏ ਆਗੂ ਕੁਝ ਦਿਨ ਬਿਆਨਬਾਜੀ ਕਰਨ ਤੋਂ ਬਾਅਦ ਇੱਕ ਤਰਾਂ ਚੁੱਪ ਜਿਹੇ ਹੋ ਜਾਂਦੇ ਹਨ ਜਾਂ ਕਦੇ ਕਦਾਂਈ ਕੋਈ ਬਿਆਨ ਜਾਰੀ ਕਰ ਦਿੰਦੇ ਹਨ ਅਤੇ ਸਿਆਸਤ ਵਿੱਚ ਆਪਣੀ ਹਾਜ਼ਰੀ ਲਗਵਾ ਲੈਂਦੇ ਹਨ।

### ਭਾਜਪਾ ਦੀ ਰਣਨੀਤੀ

ਭਾਜਪਾ ਦੀ ਦੂਜੀਆਂ ਪਾਰਟੀਆਂ ਦੇ ਮਜ਼ਬੂਤ ਨੇਤਾਵਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਦੀ ਰਣਨੀਤੀ ਦੇ ਪਿੱਛੇ ਕਾਰਨ ਇਹ ਵੀ ਹੈ ਕਿ ਜੋ ਵੀ ਆਗੂ ਦੂਜੀ ਪਾਰਟੀ ਤੋਂ ਆਵੇਗਾ, ਉਹ ਆਪਣੇ ਨਾਲ ਕੁਝ ਵੋਟਾਂ ਲੈ ਕੇ ਆਵੇਗਾ, ਕਿਉਂਕਿ ਉਸ ਦਾ ਨਿੱਜੀ ਵੋਟ ਬੈਂਕ ਵੀ ਹੁੰਦਾ ਹੈ। ਜਿਸ ਕਾਰਨ ਪਾਰਟੀ ਵਿੱਚ ਵੋਟਾਂ ਵੀ ਵਧਣਗੀਆਂ ਅਤੇ ਇੱਕ ਸੁਨੇਹਾ ਵੀ ਜਾਵੇਗਾ ਕਿ ਲੀਡਰ ਅਕਸਰ ਹਾਰਨ ਵਾਲੀ ਪਾਰਟੀ ਛੱਡ ਜਾਂਦੇ ਹਨ। ਜੇਕਰ ਉਹ ਜੇਤੂ ਵੱਲ ਵਧਦੇ ਹਨ ਤਾਂ ਨੇਤਾਵਾਂ ਦੇ ਆਉਣ ਨਾਲ ਜਨਤਾ ਨੂੰ ਲੱਗੇਗਾ ਕਿ ਭਾਜਪਾ ਹੀ ਜੇਤੂ ਪਾਰਟੀ ਹੈ ਅਤੇ ਭਵਿੱਖ ਵੀ ਇਸ ਦਾ ਹੈ।

ਹਾਲਾਂਕਿ ਵਿਰੋਧੀ ਧਿਰ ਉਨ੍ਹਾਂ ਨੂੰ ਇਸ ਤਰ੍ਹਾਂ ਭਾਜਪਾ ’ਚ ਸ਼ਾਮਲ ਕਰਨ ਦੀ ਰਣਨੀਤੀ ’ਤੇ ਗੌਰ ਨਾ ਕਰਦੇ ਹੋਏ ਉਨ੍ਹਾਂ ਨੂੰ ਕਟਹਿਰੇ ’ਚ ਖੜ੍ਹਾ ਕਰ ਰਹੀ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਭਾਜਪਾ ਅਜਿਹੇ ਨੇਤਾਵਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਰਹੀ ਹੈ, ਜਿਨ੍ਹਾਂ ਬਾਰੇ ਉਹ ਭ੍ਰਿਸ਼ਟਾਚਾਰ ਦੇ ਦੋਸ਼ਾਂ ਸਮੇਤ ਕਈ ਦੋਸ਼ ਲਾਉਂਦੀ ਰਹੀ ਹੈ ਅਤੇ ਖੁਦ ਭ੍ਰਿਸ਼ਟਾਚਾਰ ਮੁਕਤ ਹੋਣ ਦੀ ਗੱਲ ਕਰਦੀ ਹੈ। ਕਿਤੇ ਨਾ ਕਿਤੇ ਇਹ ਉਤਸੁਕਤਾ ਭਾਜਪਾ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ। ਭਾਜਪਾ ਭਾਵੇਂ ਕਿੰਨੀ ਵੀ ਵੱਡੀ ਗੱਲ ਕਰੇ ਕਿ ਇਹ ਬਹੁਤ ਵੱਡੀ ਅਤੇ ਮਜ਼ਬੂਤ ਪਾਰਟੀ ਹੈ, ਇਸ ਦੀ ਲੋਕਪ੍ਰਿਅਤਾ ਵਿੱਚ ਵਾਧਾ ਹੋਇਆ ਹੈ, ਪਰ ਉਹ ਦੂਜੀਆਂ ਪਾਰਟੀਆਂ ਦੇ ਆਗੂਆਂ ਦੀ ਮਦਦ ਨਾਲ ਹਰ ਤਰ੍ਹਾਂ ਦੀਆਂ ਚੋਣਾਂ ਜਿੱਤਣਾ ਚਾਹੁੰਦੀ ਹੈ।

ਸਿਆਸੀ ਮਾਹਿਰ ਕਹਿੰਦੇ ਹਨ ਕਿ ਅਕਸਰ ਭਾਜਪਾ ਸਰਕਾਰ ਵੱਲੋਂ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਸਬੰਧਿਤ ਵੱਖ- ਵੱਖ ਮਾਮਲਿਆਂ ਨੂੰ ਉਭਾਰਿਆ ਜਾਂਦਾ ਹੈ ਅਤੇ ਉਹਨਾਂ ਦੇ ਮਾਮਲਿਆਂ ਦੀ ਫਾਈਲਾਂ ਖੋਲ ਦਿੱਤੀਆਂ ਜਾਂਦੀਆਂ ਹਨ, ਆਪਣੇ ਵਿਰੁੱਧ ਕੋਈ ਕਾਰਵਾਈ ਹੋਣ ਤੋਂ ਬਚਣ ਲਈ ਅਜਿਹੇ ਆਗੂ ਫਿਰ ਭਾਜਪਾ ਦੀ ਸ਼ਰਨ ਵਿੱਚ ਜਾ ਕੇ ਆਪਣੇ ਆਪ ਨੂੰ ਸੁਰੱਖਿਅਤ ਸਮਝਣ ਲੱਗ ਪੈਂਦੇ ਹਨ। ਭਾਜਪਾ ਇਸ ਸਮੇਂ ਭਾਰਤ ਵਿੱਚ ਤੀਜੀ ਵਾਰ ਸਰਕਾਰ ਬਣਾ ਕੇ ਰਾਜ ਕਰ ਰਹੀ ਹੈ। ਵੱਡੀ ਗਿਣਤੀ ਸੂਬਿਆਂ ’ਚ ਵੀ ਭਾਜਪਾ ਅਤੇ ਭਾਜਪਾ ਦੇ ਭਾਈਵਾਲਾਂ ਦੀਆਂ ਸਰਕਾਰਾਂ ਹਨ। ਇਸ ਦੇ ਬਾਵਜੂਦ ਪੰਜਾਬ ਸਮੇਤ ਕੁਝ ਸੂਬੇ ਅਜਿਹੇ ਹਨ, ਜਿਥੇ ਕਿ ਭਾਜਪਾ ਦੀਆਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ। ਭਾਜਪਾ ਕਿਸੇ ਨਾ ਕਿਸੇ ਤਰੀਕੇ ਨਾਲ ਇਹਨਾਂ ਸੂਬਿਆਂ ਵਿੱਚ ਵੀ ਆਪਣੀਆਂ ਸਰਕਾਰਾਂ ਬਣਾਉਣ ਦਾ ਯਤਨ ਕਰ ਰਹੀ ਹੈ। ਇਹੋ ਕਾਰਨ ਹੈ ਕਿ ਪੰਜਾਬ ਸਮੇਤ ਹੋਰਨਾਂ ਸੂਬਿਆਂ ਵਿੱਚ ਭਾਜਪਾ ਵੱਲੋਂ ਆਪਣੇ ਆਪ ਨੂੰ ਅੰਦਰੂਨੀ ਤੌਰ ’ਤੇ ਮਜ਼ਬੂਤ ਕੀਤਾ ਜਾ ਰਿਹਾ ਹੈ। ਭਾਜਪਾ ਵਿੱਚ ਸ਼ਾਮਲ ਹੋਏ ਦੂਜੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਸਿਆਸੀ ਭਵਿੱਖ ਕੀ ਹੋਵੇਗਾ ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

**ਅਨੇਕਾਂ ਸਿਆਸੀ ਆਗੂ ਅਜਿਹੇ ਹਨ ਜੋ ਕਿ ਭਾਜਪਾ ਦੀਆਂ ਵਿਰੋਧੀ ਪਾਰਟੀਆਂ ’ਚ ਪ੍ਰਮੁੱਖ ਅਹੁਦਿਆਂ ’ਤੇ ਸਨ ਅਤੇ ਉਹਨਾਂ ਦਾ ਆਪਣਾ ਨਿੱਜੀ ਆਧਾਰ ਵੀ ਕਾਫ਼ੀ ਸੀ ਪਰ ਭਾਜਪਾ ਵਿੱਚ ਸ਼ਾਮਲ ਹੋ ਕੇ ਉਹ ‘ਭਾਜਪਾ ਆਗੂ’ ਤੱਕ ਸੀਮਿਤ ਹੋ ਕੇ ਰਹਿ ਗਏ ਹਨ ਅਤੇ ਹੋਲੀ ਹੋਲੀ ਉਹਨਾਂ ਦਾ ਆਪਣਾ ਨਿੱਜੀ ਆਧਾਰ ਘੱਟਦਾ ਜਾ ਰਿਹਾ ਹੈ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸਿਆਸੀ ਆਗੂ ਕੁਝ ਦਿਨ ਤਾਂ ਲਗਾਤਾਰ ਬਿਆਨ ਬਾਜੀ ਕਰਦੇ ਰਹਿੰਦੇ ਹਨ ਅਤੇ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵਿਰੁੱਧ ਬੋਲਦੇ ਹਨ ਪਰ ਕੁਝ ਸਮੇਂ ਬਾਅਦ ਉਹਨਾਂ ਦੇ ਸਿਆਸੀ ਅਤੇ ਨਿੱਜੀ ਬਿਆਨ ਆਉਣੇ ਬੰਦ ਹੋ ਜਾਂਦੇ ਹਨ ਜਾਂ ਬਹੁਤ ਘੱਟ ਹੋ ਜਾਂਦੇ ਹਨ।**

---

**ਕੰਚਨ ਕੁਮਾਰੀ ਕਤਲ ਕਾਂਡ**

# ਸੋਸ਼ਲ ਮੀਡੀਆ ਦੀ ਚਮਕ ’ਚ ਡੁੱਬੇ ਪੰਜਾਬ ਦੀ ਜ਼ਿੰਦਗੀ ਦਾ ਦੁਖਾਂਤ

## ਪੁਲਿਸ ਦੀ ਕਾਰਵਾਈ: ਦੋ ਮੁਲਜ਼ਮ ਗ੍ਰਿਫ਼ਤਾਰ, ਨਿਹੰਗ ਮਹਿਰੋਂ ਯੂ.ਏ.ਈ. ਫ਼ਰਾਰ, ਲੁਕਆਊਟ ਨੋਟਿਸ ਜਾਰੀ

## ਸੋਸ਼ਲ ਮੀਡੀਆ ’ਤੇ ਅਸ਼ਲੀਲਤਾ, ਪੁਲਿਸ ਦੀ ਸੁਸਤੀ ਨੇ ਹਿੰਸਕ ਘਟਨਾਵਾਂ ਨੂੰ ਜਨਮ ਦਿੱਤਾ



ਪੰਜਾਬ ਦੀ ਧਰਤੀ, ਜਿੱਥੇ ਗੁਰੂਆਂ ਦੀ ਵਿਚਾਰਧਾਰਕ ਸੁਗੰਧ ਨੇ ਸਦੀਆਂ ਤੋਂ ਮਨੁੱਖੀ ਰੂਹਾਂ ਨੂੰ ਮਹਿਕਾਇਆ ਹੈ, ਅੱਜ ਇੱਕ ਅਜਿਹੇ ਮੋੜ ’ਤੇ ਖੜ੍ਹੀ ਹੈ, ਜਿੱਥੇ ਸੋਸ਼ਲ ਮੀਡੀਆ ਦੀ ਨਕਲੀ ਚਮਕ ਤੇ ਖਪਤਕਾਰੀ ਸਿਸਟਮ ਨੇ ਸੱਭਿਆਚਾਰਕ ਮੁੱਲਾਂ ਦੀ ਚਾਦਰ ਨੂੰ ਤਾਰ-ਤਾਰ ਕਰ ਦਿੱਤਾ ਹੈ। ਕੰਚਨ ਕੁਮਾਰੀ, ਜਿਸ ਨੂੰ ਸੋਸ਼ਲ ਮੀਡੀਆ ’ਤੇ ‘ਕਮਲ ਕੌਰ ਭਾਬੀ’ ਵਜੋਂ ਜਾਣਿਆ ਜਾਂਦਾ, ਦਾ ਵਹਿਸ਼ੀਆਨਾ ਕਤਲ ਸਮਾਜ ਦੀ ਮਾਨਸਿਕਤਾ ’ਤੇ ਲੱਗੇ ਪ੍ਰਦੂਸ਼ਿਤ ਧੱਬੇ ਦੀ ਗਵਾਹੀ ਹੈ। ਇਹ ਦਾਸਤਾਨ ਸਿਰਫ਼ ਕਤਲ ਦੀ ਨਹੀਂ, ਸਗੋਂ ਉਸ ਖਪਤਕਾਰੀ ਸੱਭਿਆਚਾਰ ਦੀ ਹੈ, ਜਿਸ ਨੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਅਸ਼ਲੀਲਤਾ ਦੇ ਡੂੰਘੇ ਸਮੁੰਦਰ ਵਿੱਚ ਧੱਕ ਦਿੱਤਾ ਹੈ। ਇਸੇ ਕਾਰਨ ਹੀ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦਾ ਉਭਾਰ ਹੋਇਆ, ਜਿਸ ਨੂੰ ਸੋਸ਼ਲ ਮੀਡੀਆ ’ਤੇ ‘ਕਮਲ ਕੌਰ ਭਾਬੀ’ ਵਜੋਂ ਜਾਣਿਆ ਜਾਂਦਾ ਸੀ।

ਬੀਤੇ ਦਿਨੀਂ ਕੰਚਨ ਦੇ ਵਹਿਸ਼ੀਆਨਾ ਕਤਲ ਨੇ ਸਮਾਜ ਦੇ ਮੱਥੇ ’ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਇਹ ਨੰਗੇਜ਼ ਵਰਤਾਰਾ ਗੁਰੂ ਸਾਹਿਬਾਨ ਤੇ ਸਾਡੇ ਜੁਝਾਰੂ ਪੁਰਖਿਆਂ ਵੇਲੇ ਵੀ ਸੀ। ਪਰ ਸਾਡੇ ਮਨ ਦੀ ਵੇਗ ਸ਼ਬਦ ਗੁਰੂ ਨਾਲ ਸੰਗਤੀ ਤੌਰ ਉੱਪਰ ਜੁੜੀ ਸੀ ਜੋ ਸਾਡੀ ਸਿੱਖ ਲਹਿਰ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ ਸੀ। ਕਾਮ ਤੇ ਵਿਲਾਸੀ ਜੀਵਨ ਤੋਂ ਨਿਰਲੇਪ ਰਹਿਣ ਦਾ ਵਰਤਾਰਾ ਸਾਡੀ ਸ਼ਬਦ ਗੁਰੂ ਦੇ ਫ਼ਲਸਫ਼ੇ ਵਿੱਚ ਸਦੀਆਂ ਤੋਂ ਸੀ ਜੋ ਸਾਡੀ ਤਰਜ਼ੇ ਜ਼ਿੰਦਗੀ ਦਾ ਅੰਗ ਸੀ। ਇਸੇ ਕਰਕੇ ਅਸੀਂ ਆਪਣਾ ਸੁਨਹਿਰੀ ਇਤਿਹਾਸ ਸਿਰਜ ਸਕੇ। ਪਰ ਅੱਜ ਕਰੋੜਾਂ ਦਾ ਬਜਟ ਰਖਣ ਵਾਲੀ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਹੈ, ਉਹ ਗੁਰੂ ਗਿਆਨ ਤੇ ਸੰਗਤੀ ਢਾਂਚੇ ਰਾਹੀਂ ਇਸ ਨੂੰ ਠੱਲ੍ਹ ਨਾ ਪਾ ਸਕੀ।

ਹੈਰਾਨੀ ਦੀ ਗੱਲ ਹੈ ਕਿ ਕੰਚਨ ਦੀ ਮੌਤ ਤੋਂ ਬਾਅਦ ਉਸਦੇ ਫ਼ਾਲੋਅਰਾਂ ਦੀ ਗਿਣਤੀ ਵਧ ਗਈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬੀਆਂ ਵਿੱਚ ਕਿੰਨਾ ਨਿਘਾਰ ਆ ਚੁਕਾ ਹੈ। ਕੀ ਇੱਕ ਕਤਲ ਕਰਨ ਨਾਲ ਇਸ ਲੱਚਰ ਸੱਭਿਆਚਾਰ ਨੂੰ ਠੱਲ੍ਹ ਪੈ ਸਕਦੀ ਹੈ ?

ਜੇ ਸਾਡੇ ਕੋਲ ਗਿਆਨੀ ਦਿੱਤ ਸਿੰਘ,ਪ੍ਰੋ ਗੁਰਮੁੱਖ ਸਿੰਘ ਵਰਗੇ ਮਹਾਂ ਗਿਆਨੀ ਸੂਰਮੇ ਹੁੰਦੇ ਤਾਂ ਪੰਜਾਬ ਵਿੱਚ ਸਿੱਖ ਲਹਿਰ ਇਸ ਵਿਲਾਸੀ ਲਹਿਰ ਦਾ ਮੁੱਖ ਮੋੜ ਦਿੰਦੀ। ਸਪਸ਼ਟ ਹੈ ਕਿ ਪੰਜਾਬ ਵਿੱਚ ਗੁਰੂ ਦੇ ਵਰੋਸਾਏ ਬੰਦਿਆਂ ਦੀ ਘਾਟ ਰੜਕਦੀ ਹੈ ਤੇ ਗੁਰੂ ਦੀ ਲਹਿਰ ਦੀ ਵੀ। ਜੇ ਅਸੀਂ ਗੁਰੂ ਦੇ ਜਾਗੇ ਬੰਦੇ ਹੁੰਦੇ ਤਾਂ ਇਹ ਵਿਲਾਸੀ ਖਪਤਕਾਰੀ ਸਿਸਟਮ ਸਾਡੇ ਉਪਰ ਭਾਰੂ ਨਾ ਪੈਂਦਾ। ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਕਮਲ ਕੌਰ ਵਰਗੀਆਂ ਗਣਿਕਾ ਨੂੰ ਸੋਧਾ ਲਗਾਉਣ ਦੀ ਲੋੜ ਨਾ ਪੈਂਦੀ।

9 ਜੂਨ 2025 ਦੀ ਰਾਤ, ਦੌਰਾਨ ਬਠਿੰਡਾ ਦੇ ਭੁੱਚੋ ਹਲਕੇ ਵਿੱਚ ਆਦੇਸ਼ ਹਸਪਤਾਲ ਦੀ ਪਾਰਕਿੰਗ ਵਿੱਚ ਖੜ੍ਹੀ ਇੱਕ ਕਾਰ ਵਿਚੋਂ ਸੋਸ਼ਲ ਮੀਡੀਆ ਸਟਾਰ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੀ ਲਾਸ਼ ਮਿਲੀ। ਕੰਚਨ, ਜਿਸ ਦੀਆਂ ਅਸ਼ਲੀਲ ਪੋਸਟਾਂ ਦੇ ਅਨੇਕਾਂ ਲੋਕ ਦੀਵਾਨੇ ਸਨ ਪਰ ਉਸ ਦੀ ਰੁਲਦੀ ਬੁਦਬੂ ਭਰੀ ਲਾਸ਼ ਨੂੰ ਚੁੱਕਣ ਲਈ ਸਿਰਫ਼ ਤਿੰਨ ਜਣੇ ਘਰੋਂ ਸਨ। ਉਸ ਦੀਆਂ ਚਾਰ ਲੱਖ ਫ਼ਾਲੋਅਰਜ਼ ਵਾਲੀ ਦੁਨੀਆਂ ਵਿਚੋਂ ਕੋਈ ਸਾਥੀ ਉਸ ਦੇ ਅੰਤਮ ਸਫ਼ਰ ਵਿੱਚ ਸ਼ਾਮਲ ਨਾ ਹੋਇਆ ।ਕੰਚਨ, ਜੋ ਲੁਧਿਆਣੇ ਦੇ ਲਕਸ਼ਮਣ ਨਗਰ ਵਿੱਚ ਮਾਂ, ਭੈਣਾਂ ਤੇ ਭਰਾਵਾਂ ਨਾਲ ਜੀਵਨ ਦਾ ਗੁਜ਼ਾਰਾ ਕਰਦੀ ਸੀ, ਨੇ ਸੋਸ਼ਲ ਮੀਡੀਆ ’ਤੇ ਕਮਾਈ ਲਈ ਅਸ਼ਲੀਲਤਾ ਦਾ ‘ਸ਼ਾਰਟ-ਕੱਟ’ ਰਸਤਾ ਅਪਣਾਇਆ। ਉਸ ਦੀਆਂ ਲੱਚਰ ਤੇ ਦੋ-ਅਰਥੀ ਪੋਸਟਾਂ ਨੇ ਉਸ ਨੂੰ ਰਾਤੋ-ਰਾਤ ਚਮਕ ਦਿੱਤੀ, ਪਰ ਇਹ ਚਮਕ ਉਸ ਦੀ ਮੌਤ ਦਾ ਕਾਰਨ ਬਣ ਗਈ। ਪੁਲਿਸ ਮੁਤਾਬਕ, ਮੁਲਜ਼ਮਾਂ ਨੇ ਉਸ ਨੂੰ ਪ੍ਰਮੋਸ਼ਨ ਦੇ ਬਹਾਨੇ ਬਠਿੰਡਾ ਬੁਲਾਇਆ, ਕਾਰ ਨੂੰ ਗੈਰਾਜ ਵਿੱਚ ਰੁਕਵਾਇਆ, ਤੇ ਸੁੰਨਸਾਨ ਜਗ੍ਹਾ ’ਤੇ ਲੈ ਜਾ ਕੇ ਗਲ ਘੁੱਟ ਕੇ ਮਾਰ ਦਿੱਤਾ।

ਇਸ ਕਤਲ ਦੀ ਜ਼ਿੰਮੇਵਾਰੀ ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਲਈ, ਜਿਸ ਨੇ ਸੋਸ਼ਲ ਮੀਡੀਆ ’ਤੇ ਵੀਡੀਓ ਜਾਰੀ ਕਰਕੇ ਆਪਣੇ ਕਾਰਨਾਮੇ ਨੂੰ ਜਾਇਜ਼ ਠਹਿਰਾਇਆ। ਮਹਿਰੋਂ ਦਾ ਕਹਿਣਾ ਸੀ ਕਿ ਕੰਚਨ ਦੀਆਂ ਅਸ਼ਲੀਲ ਪੋਸਟਾਂ ਪੰਜਾਬ ਦੇ ਸੱਭਿਆਚਾਰਕ ਮੁੱਲਾਂ ਨੂੰ ਠੇਸ ਪਹੁੰਚਾਉਂਦੀਆਂ ਸਨ, ਤੇ ਉਸ ਦਾ ‘ਕੌਰ’ ਸਰਨੇਮ ਵਰਤਣਾ ਸਿੱਖ ਮਰਿਯਾਦਾ ਦੀ ਤੌਹੀਨ ਸੀ। ਉਸ ਨੇ ਦਾਅਵਾ ਕੀਤਾ ਕਿ ਉਸ ਨੇ ਕੰਚਨ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, 1.5 ਲੱਖ ਰੁਪਏ ਦੀ ਮਦਦ ਵੀ ਦਿੱਤੀ, ਪਰ ਉਹ ਨਾ ਮੰਨੀ। ਨਿਹੰਗ ਮਹਿਰੋਂ ਦੀਆਂ ਵੀਡੀਓਜ਼ ਵਿੱਚ ਹੋਰ ਸੋਸ਼ਲ ਮੀਡੀਆ ਇਨਫ਼ਲੂਐਂਸਰਾਂ ਨੂੰ ਵੀ ਧਮਕੀਆਂ ਮਿਲੀਆਂ ਸਨ। ਬਠਿੰਡਾ ਪੁਲਿਸ ਨੇ ਇਸ ਮਾਮਲੇ ਵਿੱਚ ਦੋ ਮੁਲਜ਼ਮਾਂ, ਜਸਪ੍ਰੀਤ ਸਿੰਘ (ਮੋਗਾ) ਅਤੇ ਨਿਮਤਰਜੀਤ ਸਿੰਘ (ਤਰਨਤਾਰਨ) ਨੂੰ ਗ੍ਰਿਫ਼ਤਾਰ

(ਬਾਕੀ ਸਫ਼ਾ 30 ’ਤੇ)

# ਵਿਰੋਧ ਪ੍ਰਦਰਸ਼ਨਾਂ ਦਰਮਿਆਨ ਲਾਸ ਏਂਜਲਸ ਵਿੱਚ ਤਕਰੀਬਨ 400ਗ੍ਰਿਫ਼ਤਾਰੀਆਂ

## 9 ਵਿਰੁੱਧ ਹਿੰਸਾ ਫ਼ੈਲਾਉਣ ਦੇ ਦੋਸ਼ ਆਇਦ



ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਗ਼ੈਰ ਕਾਨੂੰਨੀ ਪਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ ਨੂੰ ਲੈ ਕੇ ਡਾਊਨ ਟਾਊਨ ਲਾਸ ਏਂਜਲਸ ਵਿੱਚ ਵਿਰੋਧ ਪ੍ਰਦਰਸ਼ਨ ਨਿਰੰਤਰ ਜਾਰੀ ਹਨ। ਲਾਸ ਏਂਜਲਸ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਪਿਛਲੇ 5 ਦਿਨਾਂ ਦੌਰਾਨ 385 ਤੋਂ ਵਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚ 200 ਉਹ ਲੋਕ ਵੀ ਸ਼ਾਮਿਲ ਹਨ ਜਿਨ੍ਹਾਂ ਨੂੰ ਕਰਫ਼ਿਊ ਲੱਗਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਇਹ ਨਹੀਂ ਦੱਸਿਆ ਕਿ ਇਨ੍ਹਾਂ ਵਿੱਚ ਕਿੰਨੇ ਗ਼ੈਰ ਕਾਨੂੰਨੀ ਪਰਵਾਸੀ ਹਨ ਹਾਲਾਂ ਕਿ ਅਪੁਸ਼ਟ ਖ਼ਬਰਾਂ ਅਨੁਸਾਰ ਇਨ੍ਹਾਂ ਵਿੱਚ ਜਿਆਦਾਤਰ ਪਰਵਾਸੀ ਹੀ ਹਨ। ਯੂ. ਐਸ. ਅਟਾਰਨੀ ਬਿੱਲ ਐਸੇਲੀ ਨੇ ਕਿਹਾ ਹੈ ਕਿ 9 ਵਿਅਕਤੀਆਂ ਨੂੰ ਹਿੰਸਾ ਫ਼ੈਲਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਜਿਨ੍ਹਾਂ ਵਿਰੁੱਧ ਪ੍ਰਦਰਸ਼ਨਾਂ ਨਾਲ ਸਬੰਧਿਤ ਸੰਘੀ ਦੋਸ਼ ਆਇਦ ਕੀਤੇ ਗਏ ਹਨ। ਪੈਰਾਮਾਊਂਟ ਵਾਸੀ ਐਮਿਲਿਆਨੋ ਗਾਰਡਨੋ ਗਲਵੇਜ਼ (23) ਤੇ ਲਾਂਗ ਬੀਚ ਵਾਸੀ ਵਰੈਕੀ ਕੁਓਗੂ (27) ਨੂੰ ਤਬਾਹੀ ਮਚਾਉਣ ਵਾਲੇ ਹੱਥਿਆਰ ਰੱਖਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗੈਰ ਕਾਨੂੰਨੀ ਪਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਮਾਰੇ ਜਾ ਰਹੇ ਛਾਪਿਆਂ ਦੇ ਵਿਰੋਧ ਵਿੱਚ ਨਿਊਯਾਰਕ, ਡੈਨਵਰ, ਫ਼ਿਲਾਡੈਲਫ਼ੀਆ ਤੇ ਸੈਨ ਫ਼ਰਾਂਸਿਸਕੋ ਵਿੱਚ ਵੀ ਪ੍ਰਦਰਸ਼ਨ ਹੋਣ ਦੀਆਂ ਖਬਰਾਂ ਹਨ ਜਿਥੇ ਦਰਜ਼ਨਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਹੋਮਲੈਂਡ ਸਿਕਿਉਰਿਟੀ ਵਿਭਾਗ ਨੇ ਪੈਂਟਾਗਨ ਨੂੰ ਕਿਹਾ ਹੈ ਕਿ ਬੈਨਿੰਗ, ਜਾਰਜੀਆ ਤੇ ਵਾਓਮਿੰਗ ਤੋਂ ਹੱਥਿਆਰ ਲਾਸ ਏਂਜਲਸ ਲਿਆਉਣ ਵਿੱਚ ਮਦਦ ਕੀਤੀ ਜਾਵੇ । ਹਾਲਾਂ ਕਿ ਇਹ ਸਪੱਸ਼ਟ ਨਹੀਂ ਹੈ ਕਿ ਹੋਮਲੈਂਡ ਸਿਕਿਉਰਿਟੀ ਅਧਿਕਾਰੀ ਕਿਸ ਕਿਸਮ ਦੇ ਹੱਥਿਆਰਾਂ ਦੀ ਮੰਗ ਕਰ ਰਹੇ ਹਨ ਤੇ ਇਹ ਹੱਥਿਆਰ ਕਿਨਾਂ ਵਿਰੁੱਧ ਵਰਤੇ ਜਾਣਗੇ। ਹੋਮਲੈਂਡ ਸਕਿਉਰਿਟੀ ਵਿਭਾਗ ਦੀ ਇਸ ਮੰਗ ਉਪਰ ਪੈਂਟਾਗਨ ਵਿਚਾਰ ਕਰ ਰਿਹਾ ਹੈ ਮੇਅਰ ਸਮੇਤ ਹੋਰ ਆਗੂਆਂ ਵੱਲੋਂ ਵਿਰੋਧ- ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਤੇ ਦੱਖਣੀ ਕੈਲੀਫ਼ੋਰਨੀਆ ਦੇ 30 ਹੋਰ ਆਗੂਆਂ ਨੇ ਟਰੰਪ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪਰਵਾਸੀਆਂ ਵਿਰੁੱਧ ਕਾਰਵਾਈ ਤੁਰੰਤ ਰੋਕੀ ਜਾਵੇ। ਮੇਅਰ ਨੇ ਕਿਹਾ ਹੈ ਕਿ ਅਸੀਂ ਸਾਰੇ ਉਨ੍ਹਾਂ ਸ਼ਹਿਰਾਂ ਦੀ ਨੁਮਾਇੰਦਗੀ ਕਰਦੇ ਹਾਂ ਜਿਥੇ ਪਰਵਾਸੀਆਂ ਦੀ ਅਹਿਮ ਭੂਮਿਕਾ ਹੈ।

(ਬਾਕੀ ਸਫ਼ਾ 31 'ਤੇ)

## 15000 ਵਿਦੇਸ਼ੀਆਂ ਨੇ ਗੋਲਡ ਕਾਰਡ ਪ੍ਰੋਗਰਾਮ ਤਹਿਤ ਅਮਰੀਕਾ ਆਉਣ ਦੀ ਇੱਛਾ ਪ੍ਰਗਟਾਈ: ਟਰੰਪ



ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : 24 ਘੰਟਿਆਂ ਵਿੱਚ ਹੀ 15000 ਵਿਦੇਸ਼ੀਆਂ ਨੇ ਪੱਕੇ ਤੌਰ 'ਤੇ ਅਮਰੀਕਾ ਵੱਸਣ ਲਈ ਗੋਲਡ ਕਾਰਡ ਵਾਸਤੇ ਆਨ ਲਾਈਨ ਦਰਖਾਸਤਾਂ ਦਿੱਤੀਆਂ ਹਨ। ਇਹ ਐਲਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੀਤਾ ਹੈ। ਟਰੰਪ ਨੇ ਇਸ ਪ੍ਰੋਗਰਾਮ ਦਾ ਨਾਂ ਇੱਕ ਵਾਰ ਜੀਵਨ ਭਰ ਲਈ ਅਵਸਰ ਦਾ ਨਾਂ ਦਿੱਤਾ ਹੈ ਜਿਸ ਤਹਿਤ ਕਿਸੇ ਵੀ ਵਿਦੇਸ਼ੀ ਨੂੰ

ਅਮਰੀਕੀ ਨਾਗਰਿਕਤਾ ਤੇ ਹੋਰ ਫ਼ਾਇਦੇ ਲੈਣ ਲਈ ਅਮਰੀਕੀ ਸਰਕਾਰ ਨੂੰ 50 ਲੱਖ ਡਾਲਰ ਦੇਣੇ ਪੈਣਗੇ। ਅਮੀਰ ਵਿਦੇਸ਼ੀਆਂ ਨੂੰ ਸੱਦਾ ਦੇਣ ਦੇ ਨਾਲ ਹੀ ਰਾਸ਼ਟਰਪਤੀ ਦੇਸ਼ ਵਿਆਪੀ ਗੈਰ ਕਾਨੂੰਨੀ ਪਰਵਾਸੀਆਂ ਵਿਰੁੱਧ ਦੇਸ਼ ਨਿਕਾਲੇ ਦੀ ਵਿਵਾਦਗ੍ਰਸਤ ਮੁਹਿੰਮ ਚਲਾ ਰਹੇ ਹਨ ਤੇ ਅਮਰੀਕਾ ਵਿੱਚ ਪ੍ਰਵਾਸੀਆਂ ਦੀ ਫ਼ੜੋਫ਼ੜੀ ਜੰਗੀ ਪੱਧਰ 'ਤੇ ਜਾਰੀ ਹੈ।

(ਬਾਕੀ ਸਫ਼ਾ 31 'ਤੇ)

## ਰਿਪਬਲੀਕਨ ਕਾਂਗਰਸ ਮੈਂਬਰ ਗਿੱਲ ਨੇ 1960 ਵਿਆਂ ਤੇ ਅੱਜ ਦਾ ਕੈਲੀਫ਼ੋਰਨੀਆ ਪੋਸਟ ਪਾ ਕੇ ਛੇੜੀ ਨਵੀਂ ਚਰਚਾ




ਸੈਕਰਾਮੈਂਟੋ ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਟੈਕਸਾਸ ਦੇ ਰਿਪਬਲੀਕਨ ਕਾਂਗਰਸ ਮੈਂਬਰ ਬਰੈਨਡਨ ਗਿੱਲ ਨੇ ਸੋਸ਼ਲ ਮੀਡੀਆ ਉੱਪਰ 1960 ਵਿਆਂ ਤੇ ਅੱਜ ਦਾ ਕੈਲੀਫ਼ੋਰਨੀਆ ਸਬੰਧੀ ਪੋਸਟ ਪਾ ਕੇ ਇਕ ਤਰ੍ਹਾਂ ਰਾਸ਼ਟਰਪਤੀ ਡੋਨਾਲਡ ਟਰੰਪ ਉੱਪਰ ਵਿਅੰਗ ਕੱਸਿਆ ਹੈ। ਗਿੱਲ, ਜੋ ਟੈਕਸਾਸ ਦੇ 26 ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ, ਨੇ ਕੈਲੀਫ਼ੋਰਨੀਆ ਦੀਆਂ ਦੋ ਤਸਵੀਰਾਂ ਪਾ ਕੇ ਪੋਸਟ ਸਾਂਝੀ ਕੀਤੀ ਹੈ। ਇੱਕ ਤਸਵੀਰ 1960ਵਿਆਂ ਦੀ ਇੱਕ ਸ਼ਾਂਤ ਬੀਚ ਦੀ ਹੈ ਜਿਸ ਵਿੱਚ ਅਮਰੀਕੀ ਲੋਕ ਧੁੱਪ ਦਾ ਆਨੰਦ ਮਾਣ ਰਹੇ ਹਨ ਤੇ ਦੂਸਰੀ ਤਸਵੀਰ ਅੱਜ ਦੇ ਕੈਲੀਫ਼ੋਰਨੀਆ ਦੀ ਹੈ ਜਿਸ ਵਿੱਚ ਕੈਲੀਫ਼ੋਰਨੀਆ ਸੜ ਰਿਹਾ ਹੈ ਤੇ ਇੱਕ ਵਿਅਕਤੀ ਮੈਕਸੀਕੀਅਨ ਝੰਡਾ ਲਹਿਰਾ ਰਿਹਾ ਹੈ। ਗਿੱਲ ਨੇ ਇਸ ਪੋਸਟ ਵਿੱਚ ਵਿਆਪਕ ਪਰਵਾਸ ਦਾ ਸੁਨੇਹਾ ਦਿੱਤਾ ਹੈ ਜਿਸ ਕਾਰਨ ਅਮਰੀਕੀ ਸਮਾਜ ਨਿਵਾਨਾਂ ਵੱਲ ਜਾ ਰਿਹਾ ਹੈ। ਗਿੱਲ ਨੇ ਕਿਹਾ ਹੈ ਸਮੂਹਿਕ ਪਰਵਾਸ ਨੇ ਅਮਰੀਕਾ ਦੀ ਪਛਾਣ ਨਹੀਂ ਰਹਿਣ ਦਿੱਤੀ।

ਇਸ ਪੋਸਟ ਤੋਂ ਬਾਅਦ ਗਿੱਲ ਨੂੰ ਕਈ ਤਰ੍ਹਾਂ ਦੇ ਤਾਅਨੇ ਮੇਅਣੇ ਸਹਿਣੇ ਪਏ ਹਨ ਤੇ ਵਿਰੋਧੀ ਉਸ ਨੂੰ ਦੋਗਲਾ ਵਿਅਕਤੀ ਦੱਸ ਰਹੇ ਹਨ।

## ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਪੁਸਤਕ ਲੋਕ ਅਰਪਣ



ਸੈਨਹੋਜ਼ੇ(ਕੈਲੀਫ਼ੋਰਨੀਆ)/ ਪ੍ਰਮਿੰਦਰ ਸਿੰਘ ਪ੍ਰਵਾਨਾ: ਬੀਤੇ ਦਿਨੀਂ ਉੱਤਰੀ ਅਮਰੀਕਾ ਦੇ ਸ਼ਹਿਰ ਸੈਨਹੋਜ਼ੇ ਦੇ ਵਸਨੀਕ ਅਮਰਜੀਤ ਸਿੰਘ ਇਬਰਾਹੀਮ ਪੁਰੀ ਦੀ ਕਾਵਿ ਪੁਸਤਕ 'ਇੱਕ ਕਲਮ ਦੇ ਬੋਲ' ਲੋਕ ਅਰਪਣ ਹੋਈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਲੀਕੇ ਪ੍ਰੋਗਰਾਮ ਵਿੱਚ ਬੁਲਾਰਿਆਂ ਡਾਕਟਰ ਦਲਵੀਰ ਸਿੰਘ ਪੰਨੂੰ, ਮਝੈਲ ਸਿੰਘ ਸਰਾਂ, ਨਰਿੰਦਰ ਪਾਲ ਸਿੰਘ ਹੁੰਦਲ, ਸੁਖਦੇਵ ਸਿੰਘ ਬੈਨੀਵਾਲ ਅਤੇ ਰਾਜਿੰਦਰ ਸਿੰਘ ਮਘਰ ਨੇ ਪੁਸਤਕ 'ਤੇ ਵਿਚਾਰ ਸਾਂਝੇ ਕੀਤੇ। ਸਾਂਝੇ ਵਿਚਾਰਾਂ ਵਿੱਚ ਇੱਕ ਗੱਲ ਉਭਰ ਕੇ ਆਈ ਕਿ ਕਾਵਿ ਪੁਸਤਕ ਵਿੱਚਧਾਰਮਿਕ, ਸੱਭਿਆਚਾਰਕ, ਰਾਜਨੀਤਿਕ ਵਿਸ਼ਿਆਂ 'ਤੇ ਖੁੱਲ੍ਹ ਕੇ ਗੱਲਬਾਤ ਕੀਤੀ ਗਈ ਹੈ। ਇਹ ਪੁਸਤਕ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਨਾਲ ਲਬਰੇਜ਼ ਹੈ। ਇਸ ਮੌਕੇ ਸੰਬੋਧਨ ਕਰਦਿਆਂ ਅਮਰਜੀਤ ਸਿੰਘ ਇਬਰਾਹੀਮਪੁਰੀ ਨੇ ਕਿਹਾ ਕਿ ਮੈਨੂੰ ਕਵਿਤਾ ਲਿਖਣ ਦਾ ਸ਼ੌਂਕ ਬਚਪਨ ਤੋਂ ਹੀ ਸੀ। ਮੇਰੀਆਂ ਰਚਨਾਵਾਂ ਅਖਬਾਰਾਂ ਵਿੱਚ ਛਪਦੀਆਂ ਵੀ ਰਹੀਆਂ ਪਰ ਗਿਆਨੀ ਦਇਆ ਸਿੰਘ ਦਿਲਬਰ, ਕਰਮ ਸਿੰਘ ਸਾਰੰਗੀ, ਕਵੀਸ਼ਰ ਢਾਡੀ ਕਰਤਾਰ ਸਿੰਘ ਜੀ ਦੇ ਪ੍ਰਸੰਗ ਸਰਵਣ ਕਰਕੇ ਮੇਰਾ ਉਤਸ਼ਾਹ ਹੋਰ ਵੀ ਵਧਿਆ। ਪਹਿਲਾਂ ਇੱਕ ਕਾਵਿ ਪੁਸਤਕ 'ਇੱਕ ਸੰਤ ਸਿਪਾਹੀ' ਛਪ ਚੁੱਕੀ ਹੈ। ਇਸ ਮੌਕੇ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਅਤੇ ਕਵੀ ਜਸਦੀਪ ਸਿੰਘ ਫਰੀਮੈਂਟ ਨੇ ਵੀ ਹਾਜ਼ਰੀ ਲੁਆਈ।

ਪ੍ਰਬੰਧਕਾਂ ਵੱਲੋਂ ਇਬਰਾਹਿਮ ਪੁਰੀ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਯਾਦਗਾਰੀ ਤਸਵੀਰਾਂ ਨਾਲ ਸਮਾਗਮ ਸੰਪੰਨ ਹੋਇਆ।

## ਭਾਰਤੀ ਮੂਲ ਦੇ ਵਿਅਕਤੀ ਨੂੰ ਬਜ਼ੁਰਗਾਂ ਨਾਲ ਧੋਖਾਧੜੀ ਕਰਨ ਦੇ ਮਾਮਲੇ 'ਚ 6 ਸਾਲ ਦੀ ਕੈਦ, 17 ਲੱਖ ਡਾਲਰ ਤੋਂ ਵਧ ਜ਼ੁਰਮਾਨਾ



ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ ਵਿਦੇਸ਼ਾਂ ਵਿਚਲੇ ਕਾਲ ਸੈਂਟਰਾਂ ਰਾਹੀਂ ਸੀਨੀਅਰ ਨਾਗਰਿਕਾਂ ਨਾਲ ਧੋਖਾ ਕਰਨ ਦੇ ਮਾਮਲੇ ਵਿੱਚ 6 ਸਾਲ ਦੀ ਕੈਦ ਸੁਣਾਏ ਜਾਣ ਦੀ ਖ਼ਬਰ ਹੈ। ਟਾਂਪਾ, ਫ਼ਲੋਰਿਡਾ ਦੇ ਸੰਘੀ ਜੱਜ ਵਿਲੀਅਮ ਜੰਗ ਨੇ ਪ੍ਰਾਨਵ ਪਟੇਲ (33) ਨੂੰ 75 ਮਹੀਨੇ ਦੀ ਕੈਦ ਸੁਣਾਉਣ ਦੇ ਨਾਲ ਨਾਲ 17.9 ਲੱਖ ਡਾਲਰ ਦਾ ਜੁਰਮਾਨਾ ਵੀ ਲਾਇਆ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪਟੇਲ ਦੇ ਸਹਿ ਸਾਜਿਸ਼ਕਾਰ ਵਿਦੇਸ਼ਾਂ ਵਿੱਚ ਕਾਲ ਸੈਂਟਰ ਚਲਾਉਂਦੇ ਹਨ ਜਿਥੋਂ ਉਹ ਖਜ਼ਾਨਾ ਵਿਭਾਗ ਜਾਂ ਹੋਰ ਏਜੰਸੀਆਂ ਦੇ ਅਫ਼ਸਰ ਵਜੋਂ ਬਜ਼ੁਰਗਾਂ ਨੂੰ ਫ਼ੋਨ ਕਰਦੇ ਸਨ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦੇਣ ਦੇ ਨਾਲ ਨਾਲ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਅਦਾਇਗੀ ਕਰਨ ਲਈ ਕਹਿੰਦੇ ਸਨ। ਬਾਅਦ ਵਿੱਚ ਪਟੇਲ ਬਜ਼ੁਰਗਾਂ ਕੋਲੋਂ ਪੈਸੇ ਲੈ ਕੇ ਆਉਂਦਾ ਸੀ। ਸੀਕਰਟ ਸਰਵਿਸ ਸਪੈਸ਼ਲ ਏਜੰਟ ਰਾਬਰਟ ਐਨਜਲ ਨੇ ਅਦਾਲਤ ਦੇ ਨਿਰਨੇ ਉੱਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਪਟੇਲ ਤੇ ਉਸ ਦੇ ਸਾਥੀਆਂ ਨੇ ਬਜ਼ੁਰਗਾਂ ਨਾਲ ਤਕਰੀਬਨ 20 ਲੱਖ ਡਲਰ ਦੀ ਠੱਗੀ ਮਾਰੀ ਹੈ ਤੇ ਆਖਰਕਾਰ ਪੀੜਤਾਂ ਨੂੰ ਨਿਆਂ ਮਿਲਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

# ਆਸਟ੍ਰੇਲੀਆ ਦੇ ਗਰਿਫ਼ਥ 'ਚ 'ਖ਼ਾਲਸਾ ਚੌਂਕ' ਦੀ ਸਥਾਪਨਾ ਹੋਈ

## ਸਿੱਖੀ ਦੀ ਪਹਿਚਾਣ ਨੂੰ ਮਿਲੀ ਮਜ਼ਬੂਤੀ




ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਦੇ ਨਿਊ ਸਾਊਥ ਵੇਲਸ ਸੂਬੇ ਦੇ ਪੇਂਡੂ ਇਲਾਕੇ ਗਰਿਫ਼ਥ ਵਿੱਚ ਸਿੱਖ ਕਮਿਊਨਿਟੀ ਲਈ ਇੱਕ ਇਤਿਹਾਸਕ ਅਤੇ ਮਾਣ ਵਾਲੀ ਘਟਨਾ ਵਾਪਰੀ ਹੈ। ਇਥੋਂ ਦੀ ਥੋਰਨ ਰੋਡ ਅਤੇ ਕਿਡਮੈਨ ਵੇਅ ਦੇ ਰਾਊਂਡਅਬਾਊਟ ਨੂੰ ਅਧਿਕਾਰਕ ਤੌਰ 'ਤੇ 'ਖ਼ਾਲਸਾ ਚੌਂਕ' ਦਾ ਨਾਂ ਦਿੱਤਾ ਗਿਆ ਹੈ। ਇਹ ਫ਼ੈਸਲਾ ਹਾਲ ਹੀ ਵਿੱਚ ਹੋਈ ਗਰਿਫ਼ਥ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਲਿਆ ਗਿਆ, ਜਿਸ ਨੇ ਨਾ ਸਿਰਫ਼ ਸਿੱਖ ਕਮਿਊਨਿਟੀ ਦੀ ਪਹਿਚਾਣ ਨੂੰ ਮਜ਼ਬੂਤੀ ਦਿੱਤੀ, ਸਗੋਂ ਆਸਟ੍ਰੇਲੀਆ ਵਿੱਚ ਵੱਸਦੇ ਪੰਜਾਬੀਆਂ ਲਈ ਇੱਕ ਵੱਡੀ ਪ੍ਰੇਰਣਾ ਵਜੋਂ ਕੰਮ ਕੀਤਾ। 'ਖ਼ਾਲਸਾ ਚੌਂਕ' ਦੀ ਸਥਾਪਨਾ ਸਿੱਖ ਇਤਿਹਾਸ ਅਤੇ ਸੱਭਿਆਚਾਰ ਨੂੰ ਸਮਰਪਿਤ ਇੱਕ ਮਹੱਤਵਪੂਰਨ ਕਦਮ ਹੈ। ਇਹ ਚੌਂਕ ਗਰਿਫ਼ਥ ਦੇ ਵਿਚਕਾਰ ਸਥਿਤ ਇੱਕ ਪ੍ਰਮੁੱਖ ਸਥਾਨ 'ਤੇ ਹੈ, ਜਿੱਥੇ ਥੋਰਨ ਰੋਡ ਅਤੇ ਕਿਡਮੈਨ ਵੇਅ ਦਾ ਮਿਲਣ ਸਥਾਨ ਸ਼ਹਿਰ ਦੀ ਰੌਣਕ ਨੂੰ ਦਰਸਾਉਂਦਾ ਹੈ। ਇਸ ਚੌਂਕ ਦਾ ਨਾਂ ਨਾ ਸਿਰਫ਼ ਅੰਗਰੇਜ਼ੀ ਵਿੱਚ, ਸਗੋਂ ਪੰਜਾਬੀ ਭਾਸ਼ਾ ਵਿੱਚ ਵੀ ਬੋਰਡ 'ਤੇ ਅੰਕਿਤ ਕੀਤਾ ਗਿਆ ਹੈ, ਜੋ ਸਿੱਖ ਕਮਿਊਨਿਟੀ ਦੀ ਸੱਭਿਆਚਾਰਕ ਵਿਰਾਸਤ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਸੰਕੇਤ ਹੈ। ਇਸ ਪਹਿਲਕਦਮੀ ਦਾ ਸਿਹਰਾ ਗਰਿਫ਼ਥ ਸਿਟੀ ਕੌਂਸਲ ਦੇ ਕੌਂਸਲਰ ਮਨਜੀਤ ਸਿੰਘ ਲਾਲੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਇਸ ਪ੍ਰਸਤਾਵ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਕੌਂਸਲਰ ਮਨਜੀਤ ਸਿੰਘ ਲਾਲੀ ਨੇ ਦੱਸਿਆ ਕਿ 'ਇਹ ਸਿਰਫ਼ ਇੱਕ ਚੌਂਕ ਦਾ ਨਾਂ ਨਹੀਂ, ਸਗੋਂ ਸਿੱਖ ਕਮਿਊਨਿਟੀ ਦੀ ਸਾਲਾਂ ਦੀ ਮਿਹਨਤ, ਸਮਰਪਣ ਅਤੇ ਸੱਭਿਆਚਾਰਕ ਵਿਰਾਸਤ ਦਾ ਸਨਮਾਨ ਹੈ। 'ਖ਼ਾਲਸਾ' ਸ਼ਬਦ ਸਿੱਖ ਧਰਮ ਦੀ ਸਭ ਤੋਂ ਵੱਡੀ ਪਹਿਚਾਣ ਹੈ, ਜੋ ਸਰਬੱਤ ਦਾ ਭਲਾ, ਨਿਆਂ ਅਤੇ ਸੱਚਾਈ ਦੀ ਲੜਾਈ ਦਾ ਪ੍ਰਤੀਕ ਹੈ। ਇਸ ਚੌਂਕ ਦਾ ਨਾਂ ਪੰਜਾਬੀ ਵਿੱਚ ਲਿਖਿਆ ਜਾਣਾ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ।

ਗਰਿਫ਼ਥ, ਜੋ ਨਿਊ ਸਾਊਥ ਵੇਲਸ ਦਾ ਇੱਕ ਪੇਂਡੂ ਸ਼ਹਿਰ ਹੈ, ਪਿਛਲੇ ਕਈ ਦਹਾਕਿਆਂ ਤੋਂ ਪੰਜਾਬੀ ਅਤੇ ਸਿੱਖ ਕਮਿਊਨਿਟੀ ਦਾ ਮਹੱਤਵਪੂਰਨ ਕੇਂਦਰ ਰਿਹਾ ਹੈ। ਇੱਥੇ ਪੰਜਾਬੀ ਪਰਿਵਾਰਾਂ ਨੇ ਖੇਤੀਬਾੜੀ, ਵਪਾਰ ਅਤੇ ਸਮਾਜਿਕ ਸੇਵਾਵਾਂ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ।

ਗਰਿਫ਼ਥ ਵਿੱਚ ਸਿੱਖ ਗੁਰਦੁਆਰੇ, ਸੱਭਿਆਚਾਰਕ ਸਮਾਗਮ ਅਤੇ ਖੇਡ ਟੂਰਨਾਮੈਂਟ ਸਿੱਖ ਕਮਿਊਨਿਟੀ ਦੀ ਸਰਗਰਮੀ ਦਾ ਪ੍ਰਤੀਕ ਹਨ। 'ਖ਼ਾਲਸਾ ਚੌਂਕ' ਦੀ ਸਥਾਪਨਾ ਨੇ ਇਸ ਸ਼ਹਿਰ ਨੂੰ ਸਿੱਖ ਸਭਿਆਚਾਰ ਦੇ ਨਕਸ਼ੇ 'ਤੇ ਹੋਰ ਵੀ ਪ੍ਰਮੁੱਖ ਕਰ ਦਿੱਤਾ ਹੈ। ਇਸ ਚੌਂਕ ਦੀ ਸਥਾਪਨਾ ਦਾ ਮੌਕਾ ਉਦੋਂ ਹੋਰ ਵੀ ਵਿਸ਼ੇਸ਼ ਬਣ ਗਿਆ ਜਦੋਂ ਇਹ ਸਮਾਚਾਰ ਸਾਹਮਣੇ ਆਇਆ ਕਿ 7-8 ਜੂਨ ਨੂੰ ਗਰਿਫ਼ਥ ਵਿੱਚ ਸ਼ਹੀਦੀ ਟੂਰਨਾਮੈਂਟ ਦਾ ਆਯੋਜਨ ਹੋ ਰਿਹਾ ਹੈ। ਇਹ ਟੂਰਨਾਮੈਂਟ, ਜੋ ਸਿੱਖ ਸ਼ਹੀਦਾਂ ਦੀ ਯਾਦ ਵਿੱਚ ਆਯੋਜਿਤ ਕੀਤਾ ਜਾਂਦਾ ਹੈ, ਹਰ ਸਾਲ ਹਜ਼ਾਰਾਂ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਇਸ ਵਾਰ 'ਖ਼ਾਲਸਾ ਚੌਂਕ' ਦੀ ਸਥਾਪਨਾ ਨੇ ਇਸ ਟੂਰਨਾਮੈਂਟ ਨੂੰ ਹੋਰ ਵੀ ਖਾਸ ਬਣਾ ਦਿੱਤਾ ਹੈ। ਸਥਾਨਕ ਨਿਵਾਸੀ ਅਤੇ ਸਿੱਖ ਸੰਗਤ ਦੇ ਮੈਂਬਰ ਜਸਪ੍ਰੀਤ ਕੌਰ ਨੇ ਕਿਹਾ, 'ਇਹ ਸਾਡੇ ਲਈ ਬਹੁਤ ਵੱਡੀ ਗੱਲ ਹੈ। ਸਾਡੀ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ 'ਤੇ ਮਾਣ ਕਰਨ ਦਾ ਮੌਕਾ ਮਿਲੇਗਾ ਅਤੇ ਇਹ ਚੌਂਕ ਸਾਨੂੰ ਸਾਡੀ ਪਹਿਚਾਣ ਨਾਲ ਜੋੜੇਗਾ।' ਇਸੇ ਤਰ੍ਹਾਂ, ਸਥਾਨਕ ਵਪਾਰੀ ਅਤੇ ਕਮਿਊਨਿਟੀ ਆਗੂ ਗੁਰਪ੍ਰੀਤ ਸਿੰਘ ਨੇ ਕਿਹਾ, 'ਇਹ ਸਿਰਫ਼ ਇੱਕ ਚੌਂਕ ਨਹੀਂ, ਸਗੋਂ ਸਾਡੀ ਕਮਿਊਨਿਟੀ ਦੀ ਸਮਰਪਣ ਅਤੇ ਸੰਘਰਸ਼ ਦੀ ਕਹਾਣੀ ਹੈ। ਇਸ ਨੇ ਸਾਨੂੰ ਆਸਟ੍ਰੇਲੀਆ ਦੇ ਮੁੱਖ ਧਾਰੇ ਵਿੱਚ ਸਾਡੀ ਪਹਿਚਾਣ ਨੂੰ ਮਜ਼ਬੂਤ ਕਰਨ ਦਾ ਮੌਕਾ ਦਿੱਤਾ ਹੈ।'

ਕੌਂਸਲ ਦੇ ਮੇਅਰ ਜੌਨ ਡਾਲਕਰੰਪ ਨੇ ਇਸ ਮੌਕੇ 'ਤੇ ਕਿਹਾ, 'ਗਰਿਫ਼ਥ ਵਿੱਚ ਸਿੱਖ ਕਮਿਊਨਿਟੀ ਨੇ ਸ਼ਹਿਰ ਦੀ ਤਰੱਕੀ ਅਤੇ ਵਿਭਿੰਨਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। 'ਖ਼ਾਲਸਾ ਚੌਂਕ' ਸਾਡੇ ਸਾਂਝੇ ਸੱਭਿਆਚਾਰ ਅਤੇ ਸਮਾਜ ਦੀ ਮਜ਼ਬੂਤੀ ਦਾ ਪ੍ਰਤੀਕ ਹੈ।'

# ਡਿਜੀਟਲ ਜਾਇਦਾਦਾਂ ਦੀ ਦੁਨੀਆ 'ਚ ਟਰੰਪ ਪਰਿਵਾਰ ਨੇ ਅਚਾਨਕ ਮਾਰੀ ਵੱਡੀ ਛਾਲ

## ਅੱਜ ਵੀ ਰੀਅਲ ਅਸਟੇਟ ਤੇ ਗੋਲ਼ਫ ਰਿਜ਼ੋਰਟਸ ਹਨ ਟਰੰਪ ਦੇ ਵਿੱਤੀ ਸਾਮਰਾਜ ਦੀ ਨੀਂਹ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਿਆਸਤ ਦੇ ਨਾਲ-ਨਾਲ ਕਾਰੋਬਾਰ ਵੀ ਖੂਬ ਵਧ-ਫੁਲ ਰਿਹਾ ਹੈ। ਉਨ੍ਹਾਂ ਦੀ ਕਮਾਈ ਹੁਣ ਅਮਰੀਕਾ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਹੁਣੇ ਜਿਹੇ ਜਨਤਕ ਕੀਤੀ ਗਈ ਇਸ ਫ਼ਾਇਨਾਂਸ਼ੀਅਲ ਡਿਸਕਲੋਜ਼ਰ ਰਿਪੋਰਟ ਅਨੁਸਾਰ ਟਰੰਪ ਨੇ ਸਾਲ 2024 ਦੌਰਾਨ ਕ੍ਰਿਪਟੋਕਰੰਸੀ, ਰੀਅਲ ਅਸਟੇਟ, ਗੋਲਫ਼ ਕਲੱਬਾਂ, ਬ੍ਰਾਂਡਿਡ ਉਤਪਾਦਾਂ ਅਤੇ ਕੌਮਾਂਤਰੀ ਸੌਦਿਆਂ ਰਾਹੀਂ 600 ਮਿਲੀਅਨ ਡਾਲਰ (ਲੱਗਭਗ 5,000 ਕਰੋੜ ਰੁਪਏ) ਤੋਂ ਜ਼ਿਆਦਾ ਦੀ ਕਮਾਈ ਕੀਤੀ ਹੈ। ਰਿਪੋਰਟ ਵਿਚੋਂ ਉਨ੍ਹਾਂ ਕੋਲ ਘੱਟੋ-ਘੱਟ 1.6 ਅਰਬ ਡਾਲਰ ਦੀ ਜਾਇਦਾਦ ਹੋਣ ਦੀ ਗੱਲ ਕਹੀ ਗਈ ਹੈ। ਹਾਲਾਂਕਿ ਇਹ ਘੱਟੋ-ਘੱਟ ਅਨੁਮਾਨ ਹੈ ਕਿਉਂਕਿ ਜ਼ਿਆਦਾਤਰ ਅੰਕੜਿਆਂ ਲਈ ਘੱਟੋ-ਘੱਟ ਗਿਣਤੀ ਨੂੰ ਹੀ ਅਨੁਮਾਨ ਵਿੱਚ ਸ਼ਾਮਲ ਕੀਤਾ ਗਿਆ ਹੈ।

ਡੀ. ਡਬਲਯੂ. ਪੋਰਟਲ ਨੇ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਦੀ ਕਾਰੋਬਾਰੀ ਕਮਾਈ ਵਿੱਚ ਸਭ ਤੋਂ ਨਵਾਂ ਤੇ ਤੇਜ਼ੀ ਨਾਲ ਵਧਦਾ ਹੋਇਆ ਸਰੋਤ ਕ੍ਰਿਪਟੋ ਵਿਖਾਇਆ ਗਿਆ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਵਰਲਡ ਲਿਬਰਟੀ ਫਾਇਨਾਂਸ਼ੀਅਲ ਨਾਂ ਦੀ ਇਕ ਡੀਸੈਂਟਰਲਾਈਜ਼ਡ ਫ਼ਾਇਨਾਂਸ ਕੰਪਨੀ ਤੋਂ ਉਨ੍ਹਾਂ ਨੂੰ 57.35 ਮਿਲੀਅਨ ਡਾਲਰ ਦੀ ਆਮਦਨ ਟੋਕਨ ਵਿਕਰੀ ਰਾਹੀਂ ਹੋਈ। ਇਸ ਦੇ ਨਾਲ ਹੀ ਉਨ੍ਹਾਂ ਕੋਲ ਕੰਪਨੀ ਵਿਚ 15.75 ਅਰਬ ਗਵਰਨੈਂਸ ਟੋਕਨ ਵੀ ਹਨ।

ਇਸ ਤੋਂ ਇਲਾਵਾ ਇਸ ਸਾਲ ਦੇ ਸ਼ੁਰੂ ਵਿਚ ਟਰੰਪ ਵੱਲੋਂ ਲਾਂਚ ਕੀਤਾ ਗਿਆ ਇਕ ਮੀਮ ਕੁਆਇਨ 'ਟਰੰਪ ਡਾਲਰ' ਇਕੱਲਾ ਹੀ 320 ਮਿਲੀਅਨ ਡਾਲਰ ਦੀ ਕਮਾਈ ਕਰ ਚੁੱਕਾ ਹੈ। ਹਾਲਾਂਕਿ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਉਸ ਵਿਚ ਟਰੰਪ ਦੀ ਹਿੱਸੇਦਾਰੀ ਕਿੰਨੀ ਹੈ ਜਾਂ ਇਹ ਮਾਲੀਆ ਟਰੰਪ ਦੇ ਕੰਟਰੋਲ ਵਾਲੀਆਂ ਸੰਸਥਾਵਾਂ ਤੇ ਭਾਈਵਾਲਾਂ ਵਿਚਾਲੇ ਕਿਵੇਂ ਵੰਡਿਆ ਗਿਆ ਹੈ। ਖ਼ਬਰ ਏਜੰਸੀ 'ਰਾਇਟਰਜ਼' ਨੇ ਇਕ ਵਿਸ਼ਲੇਸ਼ਣ ਤੋਂ ਬਾਅਦ ਲਿਖਿਆ ਹੈ ਕਿ ਇਹ ਸਪਸ਼ਟ ਹੈ ਕਿ ਡਿਜੀਟਲ ਜਾਇਦਾਦਾਂ ਦੀ ਦੁਨੀਆ ਵਿੱਚ ਟਰੰਪ ਪਰਿਵਾਰ ਨੇ ਅਚਾਨਕ ਵੱਡੀ ਛਾਲ ਮਾਰੀ ਹੈ।

**ਪ੍ਰਸ਼ਾਸਨ ਦੀਆਂ ਨੀਤੀਆਂ ਤੋਂ ਮਿਲਿਆ ਫ਼ਾਇਦਾ**

ਆਬਜ਼ਰਵਰਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਕ੍ਰਿਪਟੋ 'ਤੇ ਅਪਣਾਈਆਂ ਗਈਆਂ ਨੀਤੀਆਂ ਉਨ੍ਹਾਂ ਕਾਰੋਬਾਰਾਂ ਲਈ ਫ਼ਾਇਦੇਮੰਦ ਸਾਬਤ ਹੋਈਆਂ ਹਨ, ਜਿਨ੍ਹਾਂ ਨਾਲ ਟਰੰਪ ਜਾਂ ਉਨ੍ਹਾਂ ਦੇ ਪਰਿਵਾਰ ਦਾ ਸਬੰਧ ਹੈ। ਇਸ ਕਾਰਨ ਇੱਕ ਵਾਰ ਫ਼ਿਰ ਰਾਸ਼ਟਰਪਤੀ ਦੀਆਂ ਨਿੱਜੀ ਜਾਇਦਾਦਾਂ ਅਤੇ ਸਰਕਾਰੀ ਨੀਤੀ ਨਿਰਧਾਰਣ ਵਿਚਾਲੇ ਹਿੱਤਾਂ ਦੇ ਟਕਰਾਅ ਦੇ ਦੋਸ਼ ਉਭਰ ਕੇ ਸਾਹਮਣੇ ਆਏ ਹਨ। ਟਰੰਪ ਦੇ ਵਿੱਤੀ ਸਾਮਰਾਜ ਦੀ ਨੀਂਹ ਅੱਜ ਵੀ ਰੀਅਲ ਅਸਟੇਟ ਤੇ ਗੋਲਫ਼ ਰਿਜ਼ੋਰਟਸ ਹਨ। ਰਿਪੋਰਟ ਅਨੁਸਾਰ ਫ਼ਲੋਰੀਡਾ ਵਿੱਚ ਸਥਿਤ ਉਨ੍ਹਾਂ ਦੇ 3 ਪ੍ਰਮੁੱਖ (ਬਾਕੀ ਸਫ਼ਾ 31 'ਤੇ)

# ਅਮਰੀਕਾ 'ਚ ਟਰੰਪ ਪ੍ਰਸ਼ਾਸਨ ਵਿਰੁੱਧ 400 ਤੋਂ ਵੱਧ ਮੁਕੱਦਮੇ ਦਾਇਰ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਬਾਅਦ ਵਾਸ਼ਿੰਗਟਨ ਵਿੱਚ ਵਕੀਲਾਂ 'ਤੇ ਕੰਮ ਦਾ ਬੋਝ ਵਧ ਗਿਆ ਹੈ। ਨਿਊਯਾਰਕ ਟਾਈਮਜ਼ ਅਨੁਸਾਰ ਟਰੰਪ ਪ੍ਰਸ਼ਾਸਨ ਵਿਰੁੱਧ 400 ਤੋਂ ਵੱਧ ਮੁਕੱਦਮੇ ਦਾਇਰ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲੇ ਵਾਸ਼ਿੰਗਟਨ ਵਿੱਚ ਲੜੇ ਜਾ ਰਹੇ ਹਨ। ਵਾਸ਼ਿੰਗਟਨ ਅਤੇ ਇਸਦੇ ਆਸ ਪਾਸ ਦੇ ਖੇਤਰਾਂ ਵਿੱਚ ਲਗਭਗ 80 ਹਜ਼ਾਰ ਵਕੀਲ ਹਨ। ਉਨ੍ਹਾਂ ਲਈ ਇਹ ਸਮਾਂ ਚੁਣੌਤੀਪੂਰਨ ਪਰ ਕੰਮ ਨਾਲ ਭਰਪੂਰ ਹੈ।

ਕਈ ਵੱਡੀਆਂ ਕਾਨੂੰਨ ਫਰਮਾਂ ਟਰੰਪ ਦੀਆਂ ਧਮਕੀਆਂ ਅੱਗੇ ਝੁਕ ਗਈਆਂ ਹਨ ਅਤੇ ਵ੍ਹਾਈਟ ਹਾਊਸ ਨੂੰ 1 ਬਿਲੀਅਨ ਡਾਲਰ (ਲਗਭਗ 8560 ਕਰੋੜ ਰੁਪਏ) ਦੀ ਮੁਫ਼ਤ ਕਾਨੂੰਨੀ ਮਦਦ ਪ੍ਰਦਾਨ ਕਰਨ ਦਾ ਵਾਅਦਾ ਕੀਤਾ ਹੈ। ਪਰ ਟਰੰਪ ਵਿਰੁੱਧ ਕੇਸ ਲੜ ਰਹੀਆਂ ਫਰਮਾਂ ਲਈ ਕੰਮ ਦੀ ਕੋਈ ਕਮੀ ਨਹੀਂ ਹੈ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਵ੍ਹਾਈਟ ਹਾਊਸ ਦੇ ਸਾਬਕਾ ਵਕੀਲ ਗ੍ਰੇਗਰੀ ਬੀ. ਕ੍ਰੇਗ ਨੇ ਕਿਹਾ, 'ਇਸ ਸਮੇਂ ਵਾਸ਼ਿੰਗਟਨ ਵਿੱਚ ਵਕੀਲ ਹੋਣਾ ਲਾਭਦਾਇਕ ਹੈ। ਭਾਵੇਂ ਤੁਸੀਂ ਇਮੀਗ੍ਰੇਸ਼ਨ ਵਕੀਲ ਹੋ, ਯੂਨੀਵਰਸਿਟੀ ਦੇ ਪ੍ਰਧਾਨ ਹੋ ਜਾਂ ਕਿਸੇ ਸੁਤੰਤਰ ਏਜੰਸੀ ਦੇ ਮੁਖੀ ਹੋ, ਤੁਹਾਨੂੰ ਆਪਣੇ ਵਕੀਲ ਤੋਂ ਬਿਨਾਂ ਘਰ ਛੱਡਣ ਦੀ ਲੋੜ ਨਹੀਂ ਹੈ।' ਕ੍ਰੇਗ ਹਾਲ ਹੀ ਵਿੱਚ ਸੇਵਾਮੁਕਤੀ ਤੋਂ ਬਾਹਰ ਆਇਆ ਹੈ ਅਤੇ ਫੋਲੀ ਹੋਗ ਦੀ ਬੋਸਟਨ ਫਰਮ ਵਿੱਚ ਸ਼ਾਮਲ ਹੋਇਆ ਹੈ। ਵਾਸ਼ਿੰਗਟਨ ਵਿੱਚ ਦੇਸ਼ ਦੇ ਕਿਸੇ ਵੀ ਹੋਰ ਖੇਤਰ ਨਾਲੋਂ ਵੱਧ ਵਕੀਲ ਹਨ। ਹਰ 80 ਲੋਕਾਂ ਲਈ ਇੱਕ ਵਕੀਲ ਹੈ, ਜਦੋਂ ਕਿ ਨਿਊਯਾਰਕ ਵਿੱਚ ਹਰ 103 ਲੋਕਾਂ ਲਈ ਇੱਕ ਵਕੀਲ ਹੈ। (ਬਾਕੀ ਸਫ਼ਾ 31 'ਤੇ)

# ਨੌਜਵਾਨਾਂ 'ਚ ਅਪੈਂਡਿਕਸ ਕੈਂਸਰ ਦਾ ਵਧਦਾ ਖ਼ਤਰਾ, ਜੀਵਨਸ਼ੈਲੀ ਜ਼ਿੰਮੇਵਾਰ



ਵਾਸ਼ਿੰਗਟਨ/ਏ.ਟੀ.ਨਿਊਜ਼: ਐਨਲਸ ਆਫ਼ ਇੰਟਰਨਲ ਮੈਡੀਸਿਨ ਵਿੱਚ ਪ੍ਰਕਾਸ਼ਿਤ ਇੱਕ ਖੋਜ ਨੇ ਖੁਲਾਸਾ ਕੀਤਾ ਹੈ ਕਿ 1970 ਦੇ ਦਹਾਕੇ ਤੋਂ ਬਾਅਦ ਜਨਮੇ ਨੌਜਵਾਨਾਂ ਵਿੱਚ ਅਪੈਂਡਿਕਸ ਕੈਂਸਰ ਦੇ ਮਾਮਲਿਆਂ ਵਿੱਚ ਨਾਟਕੀ ਵਾਧਾ ਹੋਇਆ ਹੈ। ਪਹਿਲਾਂ ਬਜ਼ੁਰਗਾਂ ਵਿੱਚ ਦੇਖਿਆ ਜਾਣ ਵਾਲਾ ਇਹ ਕੈਂਸਰ ਹੁਣ 30-40 ਸਾਲ ਦੀ ਉਮਰ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਖੋਜ ਅਨੁਸਾਰ, 1940 ਦੇ ਦਹਾਕੇ ਦੇ ਮੁਕਾਬਲੇ ਨੌਜਵਾਨ ਪੀੜ੍ਹੀ ਵਿੱਚ ਇਸ ਦੇ ਮਾਮਲੇ ਤਿੰਨ ਤੋਂ ਚਾਰ ਗੁਣਾ ਵਧੇ ਹਨ। ਇਸ ਦੇ ਪਿੱਛੇ ਜੀਵਨਸ਼ੈਲੀ ਅਤੇ ਵਾਤਾਵਰਣ ਵਿੱਚ ਬਦਲਾਅ ਮੁੱਖ ਕਾਰਨ ਮੰਨੇ ਜਾ ਰਹੇ ਹਨ। ਮੋਟਾਪਾ, ਪ੍ਰੋਸੈਸਡ ਭੋਜਨ, ਮਿੱਠੇ ਪੀਣ ਵਾਲੇ ਪਦਾਰਥ ਅਤੇ ਰੈੱਡ ਮੀਟ ਦਾ ਸੇਵਨ, ਸਰੀਰਕ ਅਕਿਰਿਆਸ਼ੀਲਤਾ ਵਰਗੇ ਕਾਰਕ ਇਸ ਦੇ ਜੋਖਮ ਨੂੰ ਵਧਾ ਰਹੇ ਹਨ। ਅਪੈਂਡਿਕਸ ਕੈਂਸਰ ਦਾ ਪਤਾ ਲਗਾਉਣਾ ਔਖਾ ਹੈ ਕਿਉਂਕਿ ਇਸ ਦੇ ਲੱਛਣ ਅਸਪਸ਼ਟ ਹੁੰਦੇ ਹਨ, ਜਿਵੇਂ ਹਲਕਾ ਢਿੱਡ ਦਰਦ ਜਾਂ ਸੋਜ। ਜ਼ਿਆਦਾਤਰ ਮਾਮਲਿਆਂ ਦਾ ਪਤਾ ਅਪੈਂਡੀਸਾਈਟਿਸ ਦੇ ਆਪ੍ਰੇਸ਼ਨ ਤੋਂ ਬਾਅਦ ਹੀ ਲੱਗਦਾ ਹੈ, ਜਦੋਂ ਇਲਾਜ ਲਈ ਦੇਰ ਹੋ ਜਾਂਦੀ ਹੈ।

# ਅਮਰੀਕਾ ਵੱਲੋਂ 36 ਹੋਰ ਦੇਸ਼ਾਂ ਦੇ ਲੋਕਾਂ ਦੀ ਆਮਦ ਨੂੰ ਰੋਕਣ ਦਾ ਕੀਤਾ ਜਾ ਸਕਦੈ ਐਲਾਨ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਦੇਸ਼ੀਆਂ ਦੀ ਐਂਟਰੀ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਜਾ ਰਹੇ ਹਨ। 12 ਦੇਸ਼ਾਂ 'ਤੇ ਯਾਤਰਾ ਪਾਬੰਦੀ ਲਗਾਉਣ ਮਗਰੋਂ ਉਹ ਇਸ ਸੂਚੀ ਦਾ ਵਿਸਥਾਰ ਕਰਨਾ ਚਾਹੁੰਦੇ ਹਨ, ਜਿਸ ਨਾਲ 36 ਹੋਰ ਦੇਸ਼ਾਂ ਦੇ ਨਾਗਰਿਕਾਂ 'ਤੇ ਅਮਰੀਕਾ ਵਿੱਚ ਦਾਖ਼ਲ ਹੋਣ 'ਤੇ ਪਾਬੰਦੀ ਲੱਗ ਸਕਦੀ ਹੈ। ਇਸ ਸੂਚੀ ਵਿਚ ਭਾਰਤ ਦੇ ਇਕ ਹੋਰ ਗੁਆਂਢੀ ਦੇਸ਼ ਭੂਟਾਨ ਦਾ ਨਾਮ ਹੈ। ਉਂਝ ਪ੍ਰਭਾਵਿਤ ਦੇਸ਼ਾਂ ਦੀ ਸੂਚੀ ਵਿੱਚ ਕਈ ਅਫਰੀਕੀ, ਕੈਰੇਬੀਅਨ ਅਤੇ ਮੱਧ ਏਸ਼ੀਆਈ ਦੇਸ਼ ਸ਼ਾਮਲ ਹਨ।

ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਅੰਦਰੂਨੀ ਜਾਣਕਾਰੀ ਅਨੁਸਾਰ ਇਹ ਕਦਮ ਦੇਸ਼ ਨੂੰ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ੀ ਅੱਤਵਾਦੀਆਂ ਤੋਂ ਬਚਾਉਣ ਲਈ ਚੁੱਕਿਆ ਜਾ ਰਿਹਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਟਰੰਪ ਨੇ 12 ਦੇਸ਼ਾਂ ਦੇ ਨਾਗਰਿਕਾਂ ਦੇ ਦਾਖ਼ਲੇ 'ਤੇ ਪਾਬੰਦੀ ਲਗਾਉਣ ਦਾ ਆਦੇਸ਼ ਜਾਰੀ ਕੀਤਾ ਸੀ, ਜਿਸ ਵਿੱਚ ਅਫਗਾਨਿਸਤਾਨ ਅਤੇ ਮਿਆਂਮਾਰ ਵੀ ਸ਼ਾਮਲ ਸਨ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਦਸਤਖ਼ਤ ਕੀਤੇ ਗਏ ਇਸ ਪੱਤਰ ਵਿਹਾਰ ਵਿੱਚ ਇਨ੍ਹਾਂ 36 ਦੇਸ਼ਾਂ ਬਾਰੇ ਇੱਕ ਦਰਜਨ ਚਿੰਤਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਕੇਬਲ ਵਿੱਚ ਕਿਹਾ ਗਿਆ ਹੈ ਕਿ ਜੇਕਰ ਇਹ ਦੇਸ਼ 60 ਦਿਨਾਂ ਦੇ ਅੰਦਰ ਨਿਰਧਾਰਤ ਮਾਪਦੰਡਾਂ ਅਤੇ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ ਹਨ, ਤਾਂ ਉਨ੍ਹਾਂ ਦੇ ਨਾਗਰਿਕਾਂ ਦੇ ਦਾਖ਼ਲੇ 'ਤੇ ਪੂਰੀ ਜਾਂ ਅੰਸ਼ਕ ਪਾਬੰਦੀ ਲਗਾਈ ਜਾ ਸਕਦੀ ਹੈ। ਵਾਸ਼ਿੰਗਟਨ ਪੋਸਟ ਨੇ ਸਭ ਤੋਂ ਪਹਿਲਾਂ ਇਸ ਪੱਤਰ ਵਿਹਾਰ ਬਾਰੇ ਜਾਣਕਾਰੀ ਦਿੱਤੀ।

ਵਿਦੇਸ਼ ਵਿਭਾਗ ਨੇ ਚਿੰਤਾ ਜ਼ਾਹਰ ਕੀਤੀ ਕਿ ਕੁਝ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੀ ਭਰੋਸੇਯੋਗ ਤਰੀਕੇ ਨਾਲ ਪਛਾਣ ਨਹੀਂ ਕਰਦੀਆਂ। ਕੁਝ ਦੇਸ਼ਾਂ ਦੇ ਪਾਸਪੋਰਟਾਂ ਦੀ ਸੁਰੱਖਿਆ ਵੀ ਸ਼ੱਕੀ ਹੈ। ਇਸ ਤੋਂ ਇਲਾਵਾ ਕੁਝ ਦੇਸ਼ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਵਿੱਚ ਸਹਿਯੋਗ ਨਹੀਂ ਕਰਦੇ ਜਿਨ੍ਹਾਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਗਿਆ ਹੈ। ਕਈ ਦੇਸ਼ਾਂ ਦੇ ਨਾਗਰਿਕ ਆਪਣੇ ਅਮਰੀਕੀ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਰਹਿ ਰਹੇ ਹਨ। ਪੱਤਰ ਵਿਹਾਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੁਝ (ਬਾਕੀ ਸਫ਼ਾ 31 'ਤੇ)

# ਦੁਨੀਆ ਦੀ ਦਰਦਨਾਕ ਦਾਸਤਾਨ: 12 .2 ਕਰੋੜ ਲੋਕ ਜ਼ਬਰਦਸਤੀ ਉਜਾੜੇ

➢ ਸੁਡਾਨ-ਸੀਰੀਆ ਤੋਂ ਲੈ ਕੇ ਕਸ਼ਮੀਰੀ ਤੇ ਅਫ਼ਗਾਨੀ ਸਿੱਖਾਂ ਦੀ ਦੁਖਾਂਤਕ ਦਾਸਤਾਨ ➢ ਸੁਡਾਨ-ਸੀਰੀਆ 'ਚ ਸਭ ਤੋਂ ਵੱਧ ਸੰਕਟ, ਜੰਗਾਂ ਰਾਹੀਂ ਮਨੁੱਖਤਾ ਨੂੰ ਮਿਲੇ ਜ਼ਖ਼ਮ





ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਦੀ ਤਾਜ਼ਾ 'ਗਲੋਬਲ ਰੁਝਾਨ' ਰਿਪੋਰਟ ਦੱਸਦੀ ਹੈ ਕਿ ਦੁਨੀਆਂ ਭਰ ਵਿੱਚ ਜ਼ਬਰਦਸਤੀ ਉਜਾੜੇ ਲੋਕਾਂ ਦੀ ਗਿਣਤੀ 12.21 ਕਰੋੜ ਨੂੰ ਪਾਰ ਕਰ ਗਈ ਹੈ। ਇਹ ਅੰਕੜਾ ਪਿਛਲੇ ਸਾਲ ਨਾਲੋਂ 20 ਲੱਖ ਵੱਧ ਹੈ ਅਤੇ ਪਿਛਲੇ ਦਹਾਕੇ ਦੇ ਮੁਕਾਬਲੇ ਦੁੱਗਣਾ। ਸੁਡਾਨ ਵਿੱਚ 14 ਲੱਖ, ਸੀਰੀਆ ਵਿੱਚ 13.5 ਲੱਖ, ਅਫ਼ਗਾਨਿਸਤਾਨ ਵਿੱਚ 10 ਲੱਖ ਅਤੇ ਯੂਕ੍ਰੇਨ ਵਿੱਚ 8.8 ਲੱਖ ਲੋਕ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋਏ ਹਨ। ਪਰ ਇਹ ਸਿਰਫ਼ ਅੰਕੜੇ ਨਹੀਂ, ਹਰ ਅੰਕੜੇ ਪਿੱਛੇ ਇੱਕ ਦਰਦਨਾਕ ਦਾਸਤਾਨ ਹੈ 'ਘਰ ਦੀ ਛੱਤ ਖੁੱਸਣ ਦੀ, ਸੁਰੱਖਿਅਤ ਆਸਰੇ ਦੀ ਤੜਪ, ਅਤੇ ਅਣਜਾਣ ਦੇਸ਼ਾਂ ਵਿੱਚ ਸ਼ਰਨ ਲੈਣ ਦੀ ਤਕਲੀਫ਼।'

**ਸੁਡਾਨ: ਜੰਗ ਦੀ ਅੱਗ 'ਚ ਸੜਦੇ ਸੁਪਨੇ**

ਸੁਡਾਨ, ਅਫ਼ਰੀਕਾ ਦਾ ਇਹ ਦੇਸ਼, ਅੱਜ ਦੁਨੀਆ ਦੇ ਸਭ ਤੋਂ ਵੱਡੇ ਮਨੁੱਖੀ ਉਜਾੜੇ ਦਾ ਸੰਕਟ ਬਣਿਆ ਹੋਇਆ ਹੈ। 2023 ਵਿੱਚ ਸੁਡਾਨੀ ਸੈਨਾ ਅਤੇ ਅਰਧ-ਸੈਨਿਕ ਬਲਾਂ ਵਿਚਕਾਰ ਸ਼ੁਰੂ ਹੋਈ ਘਰੇਲੂ ਜੰਗ ਨੇ 14 ਲੱਖ ਤੋਂ ਵੱਧ ਲੋਕਾਂ ਨੂੰ ਬੇਘਰ ਕਰ ਦਿੱਤਾ। ਖਾਰਤੂਮ ਦੀਆਂ ਗਲੀਆਂ, ਜੋ ਕਦੇ ਜੀਵਨ ਨਾਲ ਧੜਕਦੀਆਂ ਸਨ, ਅੱਜ ਬਾਰੂਦ ਦੀ ਬਦਬੂ ਅਤੇ ਤਬਾਹੀ ਦੇ ਮੰਜ਼ਰ ਨਾਲ ਭਰੀਆਂ ਹਨ। ਔਰਤਾਂ, ਬੱਚੇ ਅਤੇ ਬਜ਼ੁਰਗ ਗੁਆਂਢੀ ਦੇਸ਼ਾਂ 'ਚਾਡ, ਦੱਖਣੀ ਸੁਡਾਨ ਅਤੇ ਮਿਸਰ' ਵਿੱਚ ਸ਼ਰਨ ਮੰਗਣ ਲਈ ਮਜਬੂਰ ਹਨ। ਸੰਯੁਕਤ ਰਾਸ਼ਟਰ ਸ਼ਰਨਾਰਥੀ ਸੰਗਠਨ ਦੀ ਰਿਪੋਰਟ ਮੁਤਾਬਕ, ਸੁਡਾਨ ਵਿੱਚ ਉਜੜੇ ਲੋਕਾਂ ਦੀ ਗਿਣਤੀ 1 ਕਰੋੜ ਨੂੰ ਛੂਹ ਰਹੀ ਹੈ। ਇਹ ਜੰਗ ਸਿਰਫ਼ ਸੱਤਾ ਦੀ ਲੜਾਈ ਨਹੀਂ, ਸਗੋਂ ਨਸਲੀ ਅਤੇ ਕਬਾਇਲੀ ਤਣਾਅ ਦੀ ਅੱਗ ਵਿੱਚ ਸੜਦੀ ਇਨਸਾਨੀਅਤ ਦੀ ਦਾਸਤਾਨ ਹੈ।

**ਸੀਰੀਆ: ਘਰ ਵਾਪਸੀ ਦੀ ਉਮੀਦ, ਪਰ ਸੰਘਰਸ਼ ਜਾਰੀ**



ਸੀਰੀਆ, ਜਿੱਥੇ 2011 ਵਿੱਚ ਅਰਬ ਬਹਾਰ ਦੀ ਲਹਿਰ ਨੇ ਬਸ਼ਰ ਅਲ-ਅਸਦ ਸਰਕਾਰ ਖ਼ਿਲਾਫ਼ ਬਗਾਵਤ ਦੀ ਚਿੰਗਾਰੀ ਸੁਲਗਾਈ, ਅੱਜ ਵੀ ਤਬਾਹੀ ਦੇ ਦਰਿਆ ਵਿੱਚ ਡੁੱਬਿਆ ਹੋਇਆ ਹੈ। 13.5 ਲੱਖ ਲੋਕ ਬੇਘਰ ਹੋਏ ਹਨ, ਪਰ 2024 ਦੇ ਅਖੀਰ ਵਿੱਚ ਅਸਦ ਸਰਕਾਰ ਦੇ ਪਤਨ ਤੋਂ ਬਾਅਦ 20 ਲੱਖ ਸੀਰੀਆਈ ਘਰ ਵਾਪਸ ਪਰਤੇ। ਸੰਯੁਕਤ ਰਾਸ਼ਟਰ ਸ਼ਰਨਾਰਥੀ ਸੰਗਠਨ ਦੇ ਮੁਖੀ ਫ਼ਿਲਿਪੋ ਗ੍ਰਾਂਡੀ ਨੇ ਇਸ ਨੂੰ 'ਉਮੀਦ ਦੀ ਕਿਰਨ' ਦੱਸਿਆ, ਪਰ ਸੀਰੀਆ ਦੀ ਧਰਤੀ ਅਜੇ ਵੀ ਸੰਘਰਸ਼, ਆਰਥਿਕ ਸੰਕਟ ਅਤੇ ਰਾਜਨੀਤਿਕ ਅਸਥਿਰਤਾ ਨਾਲ ਜੂਝ ਰਹੀ ਹੈ। ਤੁਰਕੀ, ਜਾਰਡਨ ਅਤੇ ਲਿਬਨਾਨ ਵਰਗੇ ਗੁਆਂਢੀ ਦੇਸ਼ਾਂ ਵਿੱਚ ਸੀਰੀਆਈ ਸ਼ਰਨਾਰਥੀਆਂ ਦੀ ਹਾਲਤ ਦਿਨੋ-ਦਿਨ ਬਦਤਰ ਹੁੰਦੀ ਜਾ ਰਹੀ ਹੈ।

**ਅਫ਼ਗਾਨਿਸਤਾਨ: ਸਿੱਖਾਂ ਸਮੇਤ ਲੱਖਾਂ ਦਾ ਉਜਾੜਾ**

ਅਫ਼ਗਾਨਿਸਤਾਨ, ਜਿੱਥੇ 2021 ਵਿੱਚ ਤਾਲਿਬਾਨ ਦੀ ਵਾਪਸੀ ਨੇ ਦੁਨੀਆਂ ਨੂੰ ਹਿਲਾ ਦਿੱਤਾ, ਅੱਜ 10 ਲੱਖ ਤੋਂ ਵੱਧ ਲੋਕਾਂ ਦੇ ਉਜਾੜੇ ਦਾ ਗਵਾਹ ਹੈ। ਇਨ੍ਹਾਂ ਵਿੱਚ ਸਿੱਖ ਭਾਈਚਾਰਾ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਨਸਲਵਾਦੀ ਹਿੰਸਾ ਅਤੇ ਧਾਰਮਿਕ ਅੱਤਿਆਚਾਰ ਕਾਰਨ ਆਪਣੇ ਪੁਰਖਿਆਂ ਦੀ ਧਰਤੀ ਛੱਡਣੀ ਪਈ। 1980 ਦਹਾਕੇ ਵਿੱਚ ਸੋਵੀਅਤ ਹਮਲੇ ਦੌਰਾਨ ਅਫ਼ਗਾਨ ਸਿੱਖਾਂ ਦੀ ਗਿਣਤੀ ਲਗਭਗ 1 ਲੱਖ ਸੀ, ਪਰ ਅੱਜ ਇਹ ਸਿਰਫ਼ 100-150 ਪਰਿਵਾਰਾਂ ਤੱਕ ਸਿਮਟ ਗਈ ਹੈ। 2020 ਵਿੱਚ ਕਾਬੁਲ ਦੇ ਗੁਰਦੁਆਰੇ 'ਤੇ ਹੋਏ ਅੱਤਵਾਦੀ ਹਮਲੇ ਨੇ 25 ਸਿੱਖਾਂ ਦੀ ਜਾਨ ਲਈ, ਜਿਸ ਤੋਂ ਬਾਅਦ ਸੈਂਕੜੇ ਸਿੱਖ ਪਰਿਵਾਰ ਭਾਰਤ, ਕੈਨੇਡਾ ਅਤੇ ਯੂਰਪ ਵੱਲ ਪਰਵਾਸ ਕਰ ਗਏ। ਸੰਯੁਕਤ ਰਾਸ਼ਟਰ ਸ਼ਰਨਾਰਥੀ ਸੰਗਠਨ ਦੀ ਰਿਪੋਰਟ ਵਿੱਚ ਅਫ਼ਗਾਨ ਸਿੱਖਾਂ ਦੇ ਉਜਾੜੇ ਦੀ ਗਿਣਤੀ ਦਾ ਵੱਖਰਾ ਜ਼ਿਕਰ ਨਹੀਂ, ਪਰ ਅੰਤਰਰਾਸ਼ਟਰੀ ਮੀਡੀਆ ਜਿਵੇਂ ਬੀ.ਬੀ.ਸੀ. ਅਤੇ ਅਲ ਜਜੀਰਾ ਨੇ ਇਸ ਦੁਖਦਾਈ ਸਥਿਤੀ ਨੂੰ ਉਜਾਗਰ ਕੀਤਾ ਹੈ।

**ਯੂਕ੍ਰੇਨ: ਰੂਸੀ ਹਮਲੇ ਦੀ ਤਬਾਹੀ**

2022 ਵਿੱਚ ਰੂਸ ਦੇ ਹਮਲੇ ਨੇ ਯੂਕ੍ਰੇਨ ਵਿੱਚ 8.8 ਲੱਖ ਲੋਕਾਂ ਨੂੰ ਬੇਘਰ ਕਰ ਦਿੱਤਾ। ਪੋਲੈਂਡ, ਜਰਮਨੀ ਅਤੇ ਚੈੱਕ ਗਣਰਾਜ ਵਰਗੇ ਦੇਸ਼ਾਂ ਵਿੱਚ ਸ਼ਰਨ ਮੰਗਣ ਵਾਲੇ ਯੂਕ੍ਰੇਨੀਆਂ ਦੀਆਂ ਕਹਾਣੀਆਂ ਦੁਨੀਆਂ ਦੇ ਮੀਡੀਆ ਵਿੱਚ ਛਾਈਆਂ ਰਹੀਆਂ ਹਨ। 'ਦਾ ਗਾਰਡੀਅਨ' ਅਤੇ ਰਿਊਟਰਜ਼ ਨਿਊਜ਼ ਏਜੰਸੀ ਵਰਗੇ ਅੰਤਰਰਾਸ਼ਟਰੀ ਅਖਬਾਰਾਂ ਨੇ ਦੱਸਿਆ ਕਿ ਯੂਕ੍ਰੇਨ ਵਿੱਚ ਔਰਤਾਂ ਅਤੇ ਬੱਚਿਆਂ 'ਤੇ ਸਭ ਤੋਂ ਵੱਧ ਅਸਰ ਪਿਆ, ਜਿਨ੍ਹਾਂ ਨੂੰ ਜੰਗ ਦੀ ਅੱਗ ਵਿਚੋਂ ਨਿਕਲਣ ਲਈ ਸਰਹੱਦਾਂ ਪਾਰ ਕਰਨੀਆਂ ਪਈਆਂ।

**ਕਸ਼ਮੀਰੀ ਸਿੱਖਾਂ ਦੀ ਅਣਸੁਣੀ ਦਾਸਤਾਨ**

ਕਸ਼ਮੀਰ ਵਿੱਚ ਸਿੱਖ ਭਾਈਚਾਰੇ ਦੀ ਉਜਾੜੇ ਦੀ ਕਹਾਣੀ ਵੀ ਘੱਟ ਦੁਖਦਾਈ ਨਹੀਂ। ਛੱਤੀਸਿੰਘਪੁਰਾ ਵਰਗੀਆਂ ਘਟਨਾਵਾਂ, ਜਿੱਥੇ 2000 ਵਿੱਚ 35 ਸਿੱਖਾਂ ਦਾ ਕਤਲੇਆਮ ਹੋਇਆ, ਨੇ ਹਜ਼ਾਰਾਂ ਸਿੱਖ ਪਰਿਵਾਰਾਂ ਨੂੰ ਜੰਮੂ ਜਾਂ ਪੰਜਾਬ ਵੱਲ ਪਰਵਾਸ ਕਰਨ ਲਈ ਮਜਬੂਰ ਕੀਤਾ। 'ਦਾ ਵਾਇਰ' ਵਰਗੇ ਸਰੋਤਾਂ ਮੁਤਾਬਕ, ਕਸ਼ਮੀਰ ਵਿੱਚ ਸਿੱਖਾਂ ਦੀ ਗਿਣਤੀ 60,000 ਤੋਂ ਘਟ ਕੇ 15,000 ਦੇ ਕਰੀਬ ਰਹਿ ਗਈ ਹੈ। ਨਸਲਵਾਦੀ ਹਿੰਸਾ ਅਤੇ ਸਿਆਸੀ ਅਸਥਿਰਤਾ ਨੇ ਸਿੱਖਾਂ ਦੇ ਜੀਵਨ ਨੂੰ ਉਥਲ-ਪੁਥਲ ਕਰ ਦਿੱਤਾ। (ਬਾਕੀ ਸਫ਼ਾ 30 'ਤੇ)

# ਸਿੰਥੈਟਕ ਡਰਗਜ਼ ਨੇ ਪੰਜਾਬ ਨੂੰ ਜਕੜਿਆ, ਨੌਜਵਾਨ ਬਣੇ ਸ਼ਿਕਾਰ

➢ 10-20 ਦੇ ਨੋਟ ਬਣੇ ਨਸ਼ੇੜੀਆਂ ਦਾ ਹਥਿਆਰ, ਪੁਲਿਸ ਛਾਪੇ ਵਿੱਚ ਸੜੇ ਨੋਟ ਬਰਾਮਦ !

➢ ਹੁਸ਼ਿਆਰਪੁਰ ਜੇਲ੍ਹ 'ਚ ਡਰਗ ਮਾਫ਼ੀਆ ਬਣੇ ਸੀਨੀਅਰ ਅਧਿਕਾਰੀ ਫ਼ਰਾਰ, ਹਾਈਕੋਰਟ ਸਖ਼ਤ !



ਪੰਜਾਬ ਦੀ ਜਵਾਨੀ ਨੂੰ ਸਿੰਥੈਟਿਕ ਡਰੱਗਜ਼ ਦਾ ਜ਼ਹਿਰ ਖਾ ਰਿਹਾ ਹੈ। ਹੈਰੋਇਨ, ਆਈਸ (ਕ੍ਰਿਸਟਲ ਮੈਥ), ਕੈਟਾਮਾਈਨ, ਐਮ.ਡੀ.ਐਮ.ਏ. ਵਰਗੀਆਂ ਡਰੱਗਜ਼ ਨੇ ਸੂਬੇ ਨੂੰ ਨਸ਼ੇ ਦੀ ਚਪੇਟ ਵਿੱਚ ਲਿਆ ਹੋਇਆ ਹੈ। ਪੰਜਾਬ ਪੁਲਿਸ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਹਜ਼ਾਰਾਂ ਨਸ਼ੇੜੀਆਂ ਅਤੇ ਸਮਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਵੱਡੇ ਮਾਸਟਰਮਾਈਂਡ ਅਜੇ ਵੀ ਕਾਨੂੰਨ ਦੀ ਪਕੜ ਤੋਂ ਬਾਹਰ ਹਨ। ਸਵਾਲ ਉੱਠ ਰਿਹਾ ਹੈ ਕਿ ਨਸ਼ਿਆਂ ਦੀ ਸਪਲਾਈ ਦਾ ਜਾਲ ਕਿਵੇਂ ਤੋੜਿਆ ਜਾਵੇ ਅਤੇ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਕਿਵੇਂ ਬਚਾਇਆ ਜਾਵੇ?

ਪੁਲਿਸ ਦੀਆਂ ਛਾਪੇਮਾਰੀਆਂ ਦੌਰਾਨ ਹੈਰਾਨੀਜਨਕ ਖੁਲਾਸੇ ਹੋਏ ਹਨ। ਨਸ਼ੇੜੀਆਂ ਕੋਲੋਂ 10-20 ਰੁਪਏ ਦੇ ਸੜੇ-ਝੁਲਸੇ ਨੋਟ ਮਿਲ ਰਹੇ ਹਨ, ਜਿਨ੍ਹਾਂ ਨੂੰ ਹੈਰੋਇਨ ਸੁੰਘਣ ਲਈ ਪਾਈਪ ਵਾਂਗ ਵਰਤਿਆ ਜਾਂਦਾ ਹੈ। ਇਹ ਛੋਟੀ ਕਰੰਸੀ ਨਸ਼ਿਆਂ ਦੀ ਖਰੀਦ-ਫ਼ਰੋਖਤ ਵਿੱਚ ਵੀ ਚੱਲਦੀ ਹੈ, ਕਿਉਂਕਿ ਵੱਡੇ ਨੋਟ ਪੁਲਿਸ ਦਾ ਸ਼ੱਕ ਵਧਾਉਂਦੇ ਹਨ। 2023-2025 ਦੌਰਾਨ ਪੁਲਿਸ ਨੇ 500 ਕਿਲੋ ਤੋਂ ਵੱਧ ਹੈਰੋਇਨ, 3 ਕਿਲੋ ਆਈਸ, 100 ਕਿਲੋ ਗਾਂਜਾ ਅਤੇ ਲੱਖਾਂ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ, ਪਰ ਸਮਗਲਿੰਗ ਦਾ ਜਾਲ ਟੁੱਟਣ ਦਾ ਨਾਂ ਨਹੀਂ ਲੈ ਰਿਹਾ।ਸਿੰਥੈਟਿਕ ਡਰੱਗਜ਼ ਦੀ ਸਪਲਾਈ ਹਿਮਾਚਲ ਦੀਆਂ ਗੁਪਤ ਲੈਬਾਂ, ਗੁਜਰਾਤ ਦੀਆਂ ਫ਼ਾਰਮਾ ਕੰਪਨੀਆਂ ਤੋਂ ਹੋ ਰਹੀ ਹੈ। ਹੈਰੋਇਨ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਰਾਹੀਂ ਡਰੋਨ, ਸੁਰੰਗਾਂ ਅਤੇ ਸਮੁੰਦਰੀ ਰਸਤਿਆਂ ਪੰਜਾਬ ਪਹੁੰਚਦੀ ਹੈ। ਨਵੀਂ ਪੀੜ੍ਹੀ ਦੇ ਸਮਗਲਰ ਡਾਰਕ ਵੈੱਬ ਰਾਹੀਂ ਡਰੱਗਜ਼ ਮੰਗਵਾਉਂਦੇ ਹਨ, ਜੋ ਕੋਰੀਅਰ ਸਰਵਿਸ ਜਾਂ ਡਾਕ 'ਤੇ ਛੋਟੇ ਪਾਰਸਲਾਂ ਵਿੱਚ ਆਉਂਦੀਆਂ ਹਨ।ਪੰਜਾਬ ਸਿਰਫ਼ ਨਸ਼ਿਆਂ ਦਾ ਸ਼ਿਕਾਰ ਨਹੀਂ, ਸਗੋਂ ਸਪਲਾਈ ਦਾ ਕੇਂਦਰ ਵੀ ਬਣ ਰਿਹਾ ਹੈ। ਕੈਟਾਮਾਈਨ, ਜੋ ਮੈਡੀਕਲ ਵਰਤੋਂ ਲਈ ਬਣਦੀ ਹੈ, ਯੂਰਪ, ਅਮਰੀਕਾ, ਅਤੇ ਆਸਟ੍ਰੇਲੀਆ ਵਿੱਚ ਸਮਗਲ ਹੋ ਰਹੀ ਹੈ। ਯੂਰਪ ਵਿੱਚ 2023-24 ਦੌਰਾਨ ਕੈਟਾਮੀਨ ਦੀ ਵਰਤੋਂ 85-90% ਵਧੀ ਹੈ ਅਤੇ 53 ਮੌਤਾਂ ਇਸ ਨਾਲ ਜੁੜੀਆਂ ਹਨ। ਸਮਗਲਰ ਫ਼ਰਜ਼ੀ ਕੰਪਨੀਆਂ ਦੀ ਆੜ ਵਿੱਚ ਕੈਟਾਮਾਈਨ ਨੂੰ ਵਿਦੇਸ਼ ਭੇਜਦੇ ਹਨ। ਹੁਸ਼ਿਆਰਪੁਰ ਜੇਲ੍ਹ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਸਨਸਨੀਖੇਜ ਮਾਮਲਾ ਸਾਹਮਣੇ ਆਇਆ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਜੇਲ ? ਅਧਿਕਾਰੀਆਂ ਦੀ ਮਿਲੀਭੁਗਤ 'ਤੇ ਸਖਤ ਨਾਰਾਜ਼ਗੀ ਜਤਾਈ ਹੈ, ਜਿਨ੍ਹਾਂ ਵਿੱਚ ਸੀਨੀਅਰ ਸੁਪਰਡੈਂਟ ਬਲਜੀਤ ਸਿੰਘ ਵੀ ਸ਼ਾਮਲ ਹੈ, ਜੋ ਫ਼ਰਾਰ ਹੈ। ਅਦਾਲਤ ਨੇ ਜਾਂਚ ਦੀ ਨਿਗਰਾਨੀ ਖੁਦ ਕਰਨ ਦਾ ਫ਼ੈਸਲਾ ਕੀਤਾ ਅਤੇ ਮੁਲਜ਼ਮਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ।ਸਰਕਾਰ ਅਤੇ ਪੁਲਿਸ ਦੀਆਂ ਕੋਸ਼ਿਸ਼ਾਂ ਦੇ, ਵੱਡੇ ਸਮਗਲਰਾਂ ਨੂੰ ਫ਼ੜਨ ਵਿਚ ਨਾਕਾਮੀ ਨੇ ਲੋਕਾਂ ਦਾ ਭਰੋਸਾ ਡਗਮਗਾਇਆ ਹੈ। ਸਿਆਸੀ ਗਠਜੋੜ ਅਤੇ ਸਮਗਲਰਾਂ ਦੀ ਮਿਲੀਭੁਗਤ ਦੀਆਂ ਅਫ਼ਵਾਹਾਂ ਨੇ ਮਸਲੇ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਪੰਜਾਬ ਨੂੰ ਨਸ਼ੇ ਦੀ ਇਸ ਪੱਖੋਂ ਬਚਾਉਣ ਲਈ ਸਖ਼ਤ ਕਦਮ ਚੁੱਕਣ, ਅੰਤਰਰਾਸ਼ਟਰੀ ਸਹਿਯੋਗ ਵਧਾਉਣ ਅਤੇ ਸਾਈਬਰ ਨਿਗਰਾਨੀ ਵਧਾਉਣ ਦੀ ਲੋੜ ਹੈ।

# ਬਰਾੜ-ਬਿਸ਼ਨੋਈ ਦੀ 15 ਸਾਲ ਪੁਰਾਣੀ ਯਾਰੀ ਟੁੱਟੀ, ਅਨਮੋਲ ਦੀ ਗ੍ਰਿਫ਼ਤਾਰੀ ਬਣੀ ਵਜ੍ਹਾ

**ਕੈਨੇਡਾ ਸਰਕਾਰ ਗੈਂਗਸਟਰਾਂ ਨੂੰ ਨੱਥ ਕਿਉਂ ਨਾ ਪਾ ਸਕੀ, ਇਸ ਲਾਚਾਰੀ ਦਾ ਕਾਰਨ ਕੀ ਹੈ?**





ਗੈਂਗਸਟਰ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਦੀ ਦੋਸਤੀ, ਜੋ 2011 ਵਿੱਚ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਰਾਜਨੀਤੀ ਤੋਂ ਸ਼ੁਰੂ ਹੋਈ ਸੀ, 15 ਸਾਲ ਬਾਅਦ ਟੁੱਟ ਗਈ ਹੈ। ਇਹ ਜੋੜੀ ਅਪਰਾਧ ਦੀ ਦੁਨੀਆ ਵਿੱਚ ਇਕੱਠੀ ਉੱਤਰੀ ਸੀ ਅਤੇ ਜਬਰਨ ਵਸੂਲੀ, ਹੱਤਿਆ, ਨਸ਼ਿਆਂ ਦੀ ਤਸਕਰੀ ਅਤੇ ਹਥਿਆਰਾਂ ਦੇ ਅਪਰਾਧਕ ਸਾਮਰਾਜ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਚਲਾਉਂਦੀ ਸੀ। ਸੂਤਰਾਂ ਮੁਤਾਬਕ, ਇਸ ਦੋਸਤੀ ਵਿੱਚ ਤਕਰਾਰ ਦਾ ਮੁੱਖ ਕਾਰਨ ਲਾਰੈਂਸ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਦੀ ਨਵੰਬਰ 2024 ਵਿੱਚ ਅਮਰੀਕਾ ਦੇ ਕੈਲੀਫ਼ੋਰਨੀਆ ਵਿੱਚ ਗ੍ਰਿਫ਼ਤਾਰੀ ਹੈ। ਸੂਤਰਾਂ ਮੁਤਾਬਕ, ਲਾਰੈਂਸ ਨੂੰ ਲੱਗਦਾ ਹੈ ਕਿ ਗੋਲਡੀ ਨੇ ਅਨਮੋਲ ਦੀ ਸੁਰੱਖਿਆ ਲਈ ਕਾਫ਼ੀ ਕੋਸ਼ਿਸ਼ ਨਹੀਂ ਕੀਤੀ। ਦੂਸਰਾ, ਅਪਰਾਧਕ ਸਾਮਰਾਜ ਦੀ ਵੰਡ ਅਤੇ ਵਪਾਰਕ ਹਿੱਤਾਂ ਦੀ ਲੜਾਈ ਨੇ ਵੀ ਇਸ ਫ਼ੁੱਟ ਨੂੰ ਹਵਾ ਦਿੱਤੀ ਹੈ।

ਅਨਮੋਲ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। (ਬਾਕੀ ਸਫ਼ਾ 30 'ਤੇ)

# ਮੈਨਚੈਸਟਰ ਵਿੱਚ ਪਾਕਿਸਤਾਨੀ ਗਰੂਮਿੰਗ ਗੈਂਗ ਸਕੈਂਡਲ ਦਾ ਹੋਇਆ ਪਰਦਾਫਾਸ਼

## ਸੱਤ ਮਰਦ ਨਾਬਾਲਗ ਕੁੜੀਆਂ ਦੇ ਸ਼ੋਸ਼ਣ ਦੇ ਦੋਸ਼ੀ, ਲੰਮੀ ਸਜ਼ਾ ਦੀ ਸੰਭਾਵਨਾ

## ਰੌਦਰਹੈਮ ਸਕੈਂਡਲ: 1400 ਬੱਚਿਆਂ ਦੇ ਜਿਨਸੀ ਸ਼ੋਸ਼ਣ ਨੇ ਹਿਲਾਇਆ ਬਰਤਾਨੀਆ

> ਪ੍ਰਧਾਨ ਮੰਤਰੀ ਸਟਾਰਮਰ ਨੇ ਗਰੂਮਿੰਗ ਗੈਂਗ ਮੁੱਦੇ ’ਤੇ ਰਾਸ਼ਟਰੀ ਜਾਂਚ ਨੂੰ ਦਿੱਤੀ ਮਨਜ਼ੂਰੀ
> ਸੰਨ 2000 ਦੌਰਾਨ ਸਿੱਖ ਕੁੜੀਆਂ ਵੀ ਨਿਸ਼ਾਨੇ ’ਤੇ ਸਨ ਅਤੇ ਸਿੱਖ ਸੰਗਠਨਾਂ ਨੇ ਉਠਾਈ ਸੀ ਆਵਾਜ਼

ਲੰਡਨ/ਏ.ਟੀ.ਨਿਊਜ਼: ਬਰਤਾਨੀਆ ਵਿੱਚ ਗਰੂਮਿੰਗ ਗੈਂਗ ਉਹ ਅਪਰਾਧੀ ਗਿਰੋਹ ਹਨ, ਜੋ ਛੋਟੀ ਉਮਰ ਦੀਆਂ ਕੁੜੀਆਂ, ਖਾਸ ਕਰਕੇ ਨਾਬਾਲਗ (10 ਤੋਂ 16 ਸਾਲ ਦੀਆਂ), ਨੂੰ ਫਸਾਉਣ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕਰਦੇ ਹਨ। ਇਹ ਗਿਰੋਹ ਨੌਜਵਾਨ ਕੁੜੀਆਂ ਨੂੰ ਪਹਿਲਾਂ ਦੋਸਤੀ ਜਾਂ ਪਿਆਰ ਦਾ ਝਾਂਸਾ ਦਿੰਦੇ ਹਨ, ਉਨ੍ਹਾਂ ਨੂੰ ਤੋਹਫੇ, ਪੈਸੇ, ਨਸ਼ੀਲੇ ਪਦਾਰਥ ਜਾਂ ਸ਼ਰਾਬ ਦੇ ਕੇ ਫਸਾਉਂਦੇ ਹਨ, ਅਤੇ ਫਿਰ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਦੇ ਹਨ। ਬਰਤਾਨੀਆ ਵਿੱਚ ਅਜਿਹੇ ਗਿਰੋਹਾਂ ਦੀਆਂ ਗਤੀਵਿਧੀਆਂ 1980 ਦੇ ਦਹਾਕੇ ਤੋਂ ਸਾਹਮਣੇ ਆਉਣੀਆਂ ਸ਼ੁਰੂ ਹੋਈਆਂ ਸਨ, ਪਰ 2000 ਤੋਂ 2013 ਦਰਮਿਆਨ ਇਹ ਮਾਮਲੇ ਵੱਡੇ ਪੈਮਾਨੇ ’ਤੇ ਸਾਹਮਣੇ ਆਏ, ਜਿਨ੍ਹਾਂ ਨੂੰ ਗਰੂਮਿੰਗ ਗੈਂਗ ਸਕੈਂਡਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਬਰਤਾਨੀਆ ਵਿੱਚ ਗਰੂਮਿੰਗ ਗੈਂਗ ਦੇ ਮਾਮਲੇ ਸਭ ਤੋਂ ਪਹਿਲਾਂ ਵੱਡੇ ਪੱਧਰ ’ਤੇ ਉੱਤਰੀ ਇੰਗਲੈਂਡ ਦੇ ਸ਼ਹਿਰ ਰੌਦਰਹੈਮ ਵਿੱਚ ਸਾਹਮਣੇ ਆਇਆ। 2014 ਦੀ ਇੱਕ ਜਾਂਚ ਰਿਪੋਰਟ (ਜੈਕਸ ਰਿਪੋਰਟ) ਮੁਤਾਬਕ, 1997 ਤੋਂ 2013 ਦਰਮਿਆਨ ਰੌਦਰਹੈਮ ਵਿੱਚ ਘੱਟੋ-ਘੱਟ 1400 ਨਾਬਾਲਗ ਬੱਚਿਆਂ, ਜ਼ਿਆਦਾਤਰ ਕੁੜੀਆਂ, ਦਾ ਜਿਨਸੀ ਸ਼ੋਸ਼ਣ ਹੋਇਆ। ਇਸ ਸਕੈਂਡਲ ਨੇ ਪੂਰੇ ਬਰਤਾਨੀਆ ਨੂੰ ਹਿਲਾ ਕੇ ਰੱਖ ਦਿੱਤਾ, ਕਿਉਂਕਿ ਜਾਂਚ ਵਿੱਚ ਪਤਾ ਲੱਗਾ ਕਿ ਸਥਾਨਕ ਪੁਲਿਸ ਅਤੇ ਸੋਸ਼ਲ ਸਰਵਿਸਿਜ਼ ਨੂੰ ਇਨ੍ਹਾਂ ਮਾਮਲਿਆਂ ਦੀ ਜਾਣਕਾਰੀ ਸੀ, ਪਰ ਉਹ ਨਸਲਵਾਦ ਦੇ ਇਲਜ਼ਾਮ ਦੇ ਡਰ ਕਾਰਨ ਚੁੱਪ ਰਹੇ। ਜ਼ਿਆਦਾਤਰ ਦੋਸ਼ੀ ਪਾਕਿਸਤਾਨੀ ਮੂਲ ਦੇ ਬਰਤਾਨਵੀ ਨਾਗਰਿਕ ਸਨ, ਜਿਨ੍ਹਾਂ ਨੇ ਸੰਗਠਿਤ ਤਰੀਕੇ ਨਾਲ ਨਾਬਾਲਗ ਕੁੜੀਆਂ ਨੂੰ ਨਿਸ਼ਾਨਾ ਬਣਾਇਆ।

ਹਾਲ ਹੀ ਵਿੱਚ, ਮੈਨਚੈਸਟਰ ਦੀ ਅਦਾਲਤ ਵਿੱਚ ਇੱਕ ਮਾਮਲੇ ਵਿੱਚ ਸੱਤ ਮਰਦਾਂ ਨੂੰ 2001 ਤੋਂ 2006 ਦਰਮਿਆਨ ਦੋ ਨਾਬਾਲਗ ਕੁੜੀਆਂ (13 ਸਾਲ ਦੀ ਉਮਰ ਤੋਂ) ਦੇ ਜਿਨਸੀ ਸ਼ੋਸ਼ਣ ਦੇ 50 ਦੋਸ਼ਾਂ ਵਿੱਚ ਦੋਸ਼ੀ ਠਹਿਰਾਇਆ ਗਿਆ। ਇਹਨਾਂ ਦੋਸ਼ੀ ਮਰਦਾਂ ਦੀ ਉਮਰ 39 ਤੋਂ 67 ਸਾਲ ਦਰਮਿਆਨ ਹੈ, ਨੇ ਨਾਬਾਲਗ ਕੁੜੀਆਂ ਨੂੰ ਫਸਾਉਣ ਲਈ ਸ਼ਰਾਬ, ਨਸ਼ੀਲੇ ਪਦਾਰਥ ਅਤੇ ਤੋਹਫਿਆਂ ਦੀ ਵਰਤੋਂ ਕੀਤੀ। ਅਦਾਲਤ ਨੇ ਇਨ੍ਹਾਂ ਨੂੰ ਬਲਾਤਕਾਰ ਅਤੇ ਬੱਚਿਆਂ ਨਾਲ ਗ਼ਲਤ ਵਰਤਾਓ ਦਾ ਦੋਸ਼ੀ ਮੰਨਿਆ, ਅਤੇ ਜੱਜ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਨੂੰ ਲੰਮੀ ਜੇਲ੍ਹ ਸਜ਼ਾ ਮਿਲੇਗੀ।

### ਗਰੂਮਿੰਗ ਗੈਂਗ ਦੀ ਸ਼ੁਰੂਆਤ ਅਤੇ ਪੀੜਤਾਂ ਦੀ ਗਿਣਤੀ

ਗਰੂਮਿੰਗ ਗੈਂਗ ਦੀਆਂ ਗਤੀਵਿਧੀਆਂ 1980 ਦੇ ਦਹਾਕੇ ਵਿੱਚ ਸ਼ੁਰੂ ਹੋਈਆਂ, ਪਰ 1990 ਦੇ





ਅਖੀਰ ਅਤੇ 2000 ਦੇ ਸ਼ੁਰੂ ਵਿੱਚ ਇਹ ਵੱਡੇ ਪੈਮਾਨੇ ’ਤੇ ਸਾਹਮਣੇ ਆਈਆਂ ਸਨ। ਰੌਦਰਹੈਮ, ਰੋਚਡੇਲ, ਆਕਸਫੋਰਡ, ਟੈਲਫੋਰਡ ਅਤੇ ਮੈਨਚੈਸਟਰ ਵਰਗੇ ਸ਼ਹਿਰਾਂ ਵਿੱਚ ਅਜਿਹੇ ਮਾਮਲੇ ਵਧੇਰੇ ਪ੍ਰਕਾਸ਼ ਵਿੱਚ ਆਏ। ਇੱਕ ਅਨੁਮਾਨ ਮੁਤਾਬਕ, 1980 ਤੋਂ 2013 ਦਰਮਿਆਨ ਲਗਭਗ 60,000 ਤੋਂ 100,000 ਨਾਬਾਲਗ ਕੁੜੀਆਂ ਇਨ੍ਹਾਂ ਗੈਂਗਾਂ ਦਾ ਸ਼ਿਕਾਰ ਹੋਈਆਂ। ਜ਼ਿਆਦਾਤਰ ਪੀੜਤ ਗੋਰੀਆਂ ਬਰਤਾਨਵੀ ਕੁੜੀਆਂ ਸਨ, ਜਿਨ੍ਹਾਂ ਦੀਆਂ ਉਮਰਾਂ 12 ਤੋਂ 16 ਸਾਲ ਦਰਮਿਆਨ ਸਨ।

### ਸਿੱਖ ਕੁੜੀਆਂ ਨੂੰ ਨਿਸ਼ਾਨਾ ਬਣਾਇਆ ਗਿਆ ?


ਐਕਸ ’ਤੇ ਕੁਝ ਪੋਸਟਾਂ ਅਨੁਸਾਰ, ਸਿੱਖ ਕੁੜੀਆਂ ਇਨ੍ਹਾਂ ਗੈਂਗਾਂ ਦੀਆਂ ਸ਼ੁਰੂਆਤੀ ਪੀੜਤਾਂ ਵਿੱਚ ਸ਼ਾਮਲ ਸਨ। ਇੱਕ ਪੋਸਟ ਵਿੱਚ ਦਾਅਵਾ ਕੀਤਾ ਗਿਆ ਕਿ ਸਥਾਨਕ ਇਸਲਾਮੀ ਗਿਰੋਹਾਂ ਨੇ ਸਿੱਖ ਕੁੜੀਆਂ ਨੂੰ ਕੌਰ ਤੋਂ ਖਾਨ (ਅਰਥਾਤ ਸਿੱਖ ਤੋਂ ਮੁਸਲਿਮ) ਬਣਾਉਣ ਲਈ ਵਿਸ਼ੇਸ਼ ਤੌਰ ’ਤੇ ਨਿਸ਼ਾਨਾ ਬਣਾਇਆ ਅਤੇ ਇਸਦੇ ਲਈ ਗੋਰੀਆਂ ਕੁੜੀਆਂ ਦੀ ਤੁਲਨਾ ਵਿੱਚ 10 ਗੁਣਾ ਵੱਧ ਇਨਾਮ ਦੀ ਪੇਸ਼ਕਸ਼ ਕੀਤੀ। ਸਿੱਖ ਸੰਗਠਨਾਂ, ਜਿਵੇਂ ਕਿ ਸਿੱਖ ਯੂਥ ਯੂਕੇ ਅਤੇ ਸਿੱਖ ਅਵੇਰਨੈਸ ਸੁਸਾਇਟੀ, ਨੇ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਇਸ ਮੁੱਦੇ ਨੂੰ ਉਠਾਇਆ ਸੀ। ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਸਿੱਖ ਕੁੜੀਆਂ ਨੂੰ ਜਿਨਸੀ ਸ਼ੋਸ਼ਣ ਦੇ ਨਾਲ-ਨਾਲ ਧਰਮ ਪਰਿਵਰਤਨ ਲਈ ਵੀ ਨਿਸ਼ਾਨਾ ਬਣਾਇਆ ਗਿਆ ਸੀ। ਸਿੱਖ ਸੰਗਠਨਾਂ ਨੇ ਇਸ ਸਬੰਧੀ ਪੁਲਿਸ ਅਤੇ ਸਥਾਨਕ ਅਧਿਕਾਰੀਆਂ ਨੂੰ ਸੂਚਿਤ ਕੀਤਾ ਸੀ, ਪਰ ਸ਼ੁਰੂਆਤੀ ਸਮੇਂ ਵਿੱਚ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ ਗਿਆ, ਕਿਉਂਕਿ ਅਧਿਕਾਰੀ ਨਸਲੀ ਸੰਵੇਦਨਸ਼ੀਲਤਾ ਦੇ ਮੁੱਦੇ ਤੋਂ ਡਰਦੇ ਸਨ। ਸਿੱਖ ਸੰਗਠਨਾਂ ਨੇ ਆਪਣੀ ਕਮਿਊਨਿਟੀ ਵਿੱਚ ਜਾਗਰੂਕਤਾ ਫੈਲਾਉਣ ਲਈ ਕਈ ਕਦਮ ਚੁੱਕੇ, ਜਿਵੇਂ ਕਿ ਸਕੂਲਾਂ ਅਤੇ ਗੁਰਦੁਆਰਿਆਂ ਵਿੱਚ ਸੈਮੀਨਾਰ ਕਰਵਾਉਣਾ ਅਤੇ ਮਾਪਿਆਂ ਨੂੰ ਆਪਣੀਆਂ ਬੱਚੀਆਂ ਦੀ ਸੁਰੱਖਿਆ ਲਈ ਸੁਚੇਤ ਕਰਨਾ। ਪਰ, ਸਿੱਖ ਸੰਗਠਨਾਂ ਦੀਆਂ ਕੋਸ਼ਿਸ਼ਾਂ ਨੂੰ ਮੁੱਖਧਾਰਾ ਮੀਡੀਆ ਜਾਂ ਸਰਕਾਰੀ ਅਧਿਕਾਰੀਆਂ ਤੋਂ ਪੂਰਨ ਸਮਰਥਨ ਨਹੀਂ ਮਿਲਿਆ।

### ਯੂ.ਕੇ. ਸਰਕਾਰ ਦੀ ਕਾਰਵਾਈ

ਬਰਤਾਨੀਆ ਸਰਕਾਰ ਨੇ ਗਰੂਮਿੰਗ ਗੈਂਗ ਸਕੈਂਡਲ ਦੇ ਸਾਹਮਣੇ ਆਉਣ ਤੋਂ ਬਾਅਦ ਕਈ ਕਦਮ ਚੁੱਕੇ ਹਨ, ਪਰ ਇਹ ਕਾਰਵਾਈਆਂ ਸ਼ੁਰੂ ਵਿੱਚ ਢਿਲੀਆਂ ਅਤੇ ਅਪ੍ਰਭਾਵੀ ਸਨ। 2014 ਦੀ ਰੌਦਰਹੈਮ ਜਾਂਚ ਤੋਂ ਬਾਅਦ, ਸਰਕਾਰ ਨੇ ਸਥਾਨਕ ਪੁਲਿਸ ਅਤੇ ਸੋਸ਼ਲ ਸਰਵਿਸਿਜ਼ ਦੀ ਨਾਕਾਮੀ ਨੂੰ ਸਵੀਕਾਰ ਕੀਤਾ। ਇਸ ਤੋਂ ਬਾਅਦ, ਕਈ ਸ਼ਹਿਰਾਂ ਵਿੱਚ ਜਾਂਚ ਸ਼ੁਰੂ ਕੀਤੀ ਗਈ ਅਤੇ ਦਰਜਨਾਂ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਹਾਲ ਹੀ ਵਿੱਚ, ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ 2025 ਵਿੱਚ ਗਰੂਮਿੰਗ ਗੈਂਗ ਸਕੈਂਡਲ ਦੀ ਰਾਸ਼ਟਰੀ ਜਾਂਚ ਦੀ ਮਨਜ਼ੂਰੀ ਦੇਣ ਦਾ ਐਲਾਨ ਕੀਤਾ। ਗ੍ਰਹਿ ਮੰਤਰੀ ਇਵੈਟ ਕੂਪਰ ਨੇ ਸਾਬਕਾ ਅਧਿਕਾਰੀ ਲੁਈਸ ਕੇਸੀ ਨੂੰ ਇਸ ਮੁੱਦੇ ਦੀ ਤੇਜ਼ੀ ਨਾਲ ਜਾਂਚ ਦਾ ਜ਼ਿੰਮਾ ਸੌਂਪਿਆ।

(ਬਾਕੀ ਸਫ਼ਾ 31 ’ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




# ਹਵਾਈ ਜਹਾਜ਼ ਹਾਦਸੇ: ਜ਼ਿੰਮੇਵਾਰ ਕੌਣ ?

## 'ਜ਼ਮੀਨ' 'ਤੇ ਰਹਿੰਦੇ ਲੋਕਾਂ ਨੂੰ ਵੱਡੇ ਜ਼ਖ਼ਮ ਦੇ ਜਾਂਦੇ ਹਨ 'ਹਵਾ' 'ਚ ਵਾਪਰਦੇ ਹਾਦਸੇ



ਅੱਜ ਦੇ ਆਧੁਨਿਕ ਯੁੱਗ ਵਿੱਚ ਹਵਾਈ ਜਹਾਜ਼ਾਂ ਨੂੰ ਆਵਾਜਾਈ ਦੇ ਸਭ ਤੋਂ ਸੁਰੱਖਿਅਤ ਅਤੇ ਤੇਜ਼ ਰਫ਼ਤਾਰ ਵਾਲੇ ਸਾਧਨ ਮੰਨਿਆ ਜਾਂਦਾ ਹੈ, ਪਰ ਇਸ ਦੇ ਬਾਵਜੂਦ ਕਈ ਵਾਰ ਕੁਝ ਹਵਾਈ ਜਹਾਜ਼ ਵੱਡੇ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ, ਜਿਹਨਾਂ ਵਿੱਚ ਅਨੇਕਾਂ ਲੋਕਾਂ ਦੀ ਮੌਤ ਹੋ ਜਾਂਦੀ ਹੈ ਅਤੇ ਇਹ ਹਾਦਸੇ ਪੀੜਤਾਂ ਲਈ ਹਮੇਸ਼ਾ ਵਾਸਤੇ ਵੱਡੇ ਜ਼ਖ਼ਮ ਦੇ ਜਾਂਦੇ ਹਨ ਜੋ ਕਿ ਵਰ੍ਹਿਆਂ ਤੱਕ ਰਿਸਦੇ ਰਹਿੰਦੇ ਹਨ। ਵੱਖ- ਵੱਖ ਥਾਂਵਾਂ 'ਤੇ ਵਾਪਰਦੇ ਹਵਾਈ ਹਾਦਸਿਆਂ ਲਈ ਜ਼ਿੰਮੇਵਾਰ ਕੌਣ ਹੈ ? ਉਹਨਾਂ ਕਾਰਨਾਂ ਦਾ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ, ਜਿਹਨਾਂ ਕਾਰਨ ਹਵਾਈ ਹਾਦਸੇ ਵਾਪਰ ਜਾਂਦੇ ਹਨ। ਇਹਨਾਂ ਹਵਾਈ ਹਾਦਸਿਆਂ ਨੇ ਵਿਸ਼ਵ ਪੱਧਰ 'ਤੇ ਹਵਾਈ ਯਾਤਰਾ ਦੀ ਸੁਰੱਖਿਆ ਪ੍ਰਣਾਲੀ, ਤਕਨਾਲੋਜੀ ਅਤੇ ਸੰਚਾਲਨ ਦੀ ਮੁੜ ਪਰਿਭਾਸ਼ਾ ਨੂੰ ਵੀ ਮਜਬੂਰ ਕੀਤਾ ਹੈ। ਭਾਵੇਂ ਇਹ ਤਕਨੀਕੀ ਨੁਕਸ ਹੋਵੇ, ਮਨੁੱਖੀ ਗਲਤੀ ਹੋਵੇ, ਮੌਸਮ ਹੋਵੇ ਜਾਂ ਅੱਤਵਾਦੀ ਹਮਲੇ - ਅੱਜ ਦੀ ਹਵਾਈ ਯਾਤਰਾ ਇਨ੍ਹਾਂ ਘਟਨਾਵਾਂ ਤੋਂ ਸਿੱਖ ਕੇ ਹੀ ਮੁਕਾਬਲਤਨ ਸੁਰੱਖਿਅਤ ਹੋ ਗਈ ਹੈ। ਹਵਾਈ ਜਹਾਜ਼ ਨੂੰ ਹਾਦਸਿਆਂ ਤੋਂ ਬਚਾਉਣ ਲਈ ਅਕਸਰ ਵੱਡੇ ਬੰਦੋਬਸਤ ਕੀਤੇ ਜਾਂਦੇ ਹਨ ਅਤੇ ਪਾਈਲਟ ਸਮੇਤ ਚਾਲਕ ਦਲ ਨੂੰ

ਹਰ ਤਰ੍ਹਾਂ ਦੀ ਜ਼ਰੂਰੀ ਟ੍ਰੇਨਿੰਗ ਵੀ ਦਿੱਤੀ ਹੁੰਦੀ ਹੈ, ਪਰ ਫਿਰ ਵੀ ਜਦੋਂ ਕਿਸੇ ਕਾਰਨ ਕੋਈ ਵੱਡਾ ਹਵਾਈ ਹਾਦਸਾ ਹੋ ਜਾਂਦਾ ਹੈ ਤਾਂ ਇਸ ਸੁਰੱਖਿਅਤ ਮੰਨੀ ਜਾਂਦੀ ਯਾਤਰਾ 'ਤੇ ਵੀ ਸਵਾਲ ਖੜ੍ਹੇ ਹੋ ਜਾਂਦੇ ਹਨ। ਪਿਛਲੇ ਦਿਨੀਂ ਅਹਿਮਦਾਬਾਦ ਵਿਖੇ ਵਾਪਰਿਆ ਹਵਾਈ ਹਾਦਸਾ ਵੀ ਆਪਣੇ ਪਿੱਛੇ ਵੱਡੇ ਸਵਾਲ ਛੱਡ ਗਿਆ ਹੈ ਪਰ ਇਹਨਾਂ ਸਵਾਲਾਂ ਦਾ ਜਵਾਬ ਆਖ਼ਰ ਦੇਵੇਗਾ ਕੌਣ ? ਜਦੋਂ ਵੀ ਕੋਈ ਹਵਾਈ ਹਾਦਸਾ ਵਾਪਰਦਾ ਹੈ ਤਾਂ ਕੁਝ ਦਿਨ ਇਸ ਹਾਦਸੇ ਬਾਰੇ ਮੀਡੀਆ ਵਿੱਚ ਕਈ ਤਰ੍ਹਾਂ ਦੀ ਚਰਚਾ ਹੁੰਦੀ ਹੈ ਅਤੇ ਬਾਅਦ ਵਿੱਚ ਲੋਕ ਸਭ ਕੁੱਝ ਭੁੱਲ ਭੁਲਾ ਜਾਂਦੇ ਹਨ। ਪਿਛਲੇ ਦਿਨੀਂ ਅਹਿਮਦਾਬਾਦ ਤੋਂ ਲੰਡਨ ਦੇ ਗੈਟਵਿਕ ਹਵਾਈ ਅੱਡੇ ਜਾ ਰਿਹਾ ਏਅਰ ਇੰਡੀਆ ਦਾ ਜਹਾਜ਼ ਉਡਾਣ ਭਰਨ ਤੋਂ ਸਿਰਫ਼ ਦੋ ਮਿੰਟ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ ਜਿਸ ਕਾਰਨ ਅਨੇਕਾਂ ਲੋਕਾਂ ਦੇ ਬਹੁਤ ਸਾਰੇ ਸੁਪਨੇ ਅਤੇ ਇੱਛਾਵਾਂ ਹਮੇਸ਼ਾ ਲਈ ਮਲਬੇ ਵਿੱਚ ਦੱਬ ਗਈਆਂ। ਉਸ ਸਮੇਂ, ਜਹਾਜ਼ ਵਿੱਚ ਕੁੱਲ 268 ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਦੋ ਪਾਇਲਟ ਅਤੇ ਦਸ ਚਾਲਕ ਦਲ ਦੇ ਮੈਂਬਰ ਸ਼ਾਮਲ ਸਨ ਹਾਦਸੇ ਵਿੱਚ 267 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਨ੍ਹਾਂ 267 ਮੌਤਾਂ ਵਿੱਚੋਂ ਕੁਝ ਅਜਿਹੀਆਂ ਕਹਾਣੀਆਂ ਹਨ ਜੋ ਸੁਣ ਕੇ ਤੁਹਾਡੀਆਂ ਅੱਖਾਂ ਨਮ ਹੋ ਜਾਣਗੀਆਂ। ਲੰਬੇ ਇੰਤਜ਼ਾਰ ਤੋਂ ਬਾਅਦ, ਕੋਈ ਆਪਣੇ ਪੁੱਤਰ ਨੂੰ ਮਿਲਣ ਜਾ ਰਿਹਾ ਸੀ, ਕੋਈ ਧੀ ਨੂੰ ਅਤੇ ਕੋਈ ਪਤੀ ਨੂੰ, ਕੋਈ ਆਪਣੇ ਸੁਪਨਿਆਂ ਨੂੰ ਖੰਭ ਦੇਣ ਜਾ ਰਿਹਾ ਸੀ, ਜਦੋਂ ਕਿ ਕਿਸੇ ਦੇ ਪਰਿਵਾਰਕ ਮੈਂਬਰ ਅਜੇ ਵੀ ਉਸ ਦੀ ਵਾਪਸੀ ਦੀ ਉਡੀਕ ਕਰ ਰਹੇ ਹਨ ਪਰ ਮਿਲਣ ਦੀਆਂ ਇਹ ਇੱਛਾਵਾਂ ਅਧੂਰੀਆਂ ਰਹੀਆਂ। ਹਰ ਵਾਰ ਹਵਾਈ ਹਾਦਸੇ ਤੋਂ ਬਾਅਦ ਅਜਿਹੀਆਂ ਕਈ ਕਹਾਣੀਆਂ ਉਭਰ ਕੇ ਸਾਹਮਣੇ ਆਉਂਦੀਆਂ ਹਨ, ਜੋ ਕਿ ਹਾਦਸਿਆਂ ਕਾਰਨ ਅਧੂਰੀਆਂ ਰਹਿ ਜਾਂਦੀਆਂ ਹਨ। ਇਹਨਾਂ ਹਾਦਸਿਆਂ ਵਿੱਚ ਸਿਰਫ਼ ਹਵਾਈ ਜਹਾਜ਼ ਵਿੱਚ ਸਫ਼ਰ ਕਰਨ ਵਾਲੇ ਹੀ ਨਹੀਂ ਮਰਦੇ ਸਗੋਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੇ ਸੁਪਨੇ ਵੀ ਮਰ ਜਾਂਦੇ ਹਨ, ਜੋ ਕਿ ਉਹਨਾਂ 'ਤੇ ਨਿਰਭਰ ਹੁੰਦੇ ਹਨ। ਜਦੋਂ ਕੋਈ ਹਵਾਈ ਹਾਦਸਾ ਵਾਪਰਦਾ ਹੈ ਤਾਂ ਤੁਰੰਤ ਉਸ ਤੋਂ ਪਹਿਲਾਂ ਹੋਏ ਹਵਾਈ ਹਾਦਸਿਆਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ।

ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਜਹਾਜ਼ ਦਾ ਦਰਦਨਾਕ ਹਾਦਸਾ ਕਿਵੇਂ ਅਤੇ ਕਿਉਂ ਹੋਇਆ, ਇਹ ਤਾਂ ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ ਪਰ ਇਸ ਹਾਦਸੇ ਨੇ ਉਡਾਣ ਸੁਰੱਖਿਆ ਨਿਯਮਾਂ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

(ਬਾਕੀ ਸਫ਼ਾ 30 'ਤੇ)

### 'ਲੱਕੀ' ਹੈ ਸੀਟ ਨੰਬਰ 11 ਏ



ਪਿਛਲੇ ਦਿਨੀਂ ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋਏ ਏਅਰ ਇੰਡੀਆ ਡ੍ਰੀਮਲਾਈਨਰ ਜਹਾਜ਼ ਦੀਆਂ 238 ਇਕਾਨਮੀ ਕਲਾਸ ਸੀਟਾਂ ਵਿੱਚੋਂ, ਸਿਰਫ਼ 11ਏ ਸੀਟ ਸੀ, ਜਿਸ 'ਤੇ ਸਵਾਰ ਬਚ ਗਿਆ ਜਦੋਂ ਕਿ ਜਹਾਜ਼ ਵਿੱਚ ਸਵਾਰ ਕੁੱਲ 241 ਯਾਤਰੀਆਂ ਦੀ ਮੌਤ ਹੋ ਗਈ।

ਬ੍ਰਿਟਿਸ਼ ਨਾਗਰਿਕ ਵਿਸ਼ਵਾਸ ਕੁਮਾਰ ਰਮੇਸ਼ (45), ਜੋ ਹਾਦਸੇ ਵਿੱਚ ਬਚ ਗਿਆ, ਸੀਟ ਨੰਬਰ 11ਏ 'ਤੇ ਬੈਠਾ ਸੀ। ਸੀਟ ਦੇ ਨਕਸ਼ੇ ਦੇ ਅਨੁਸਾਰ, '11ਏ' ਸੀਟ ਏਅਰ ਇੰਡੀਆ ਦੇ ਜਹਾਜ਼ ਦੀ ਇਕਾਨਮੀ ਕਲਾਸ ਦੀ ਪਹਿਲੀ ਕਤਾਰ ਦੀਆਂ ਛੇ ਸੀਟਾਂ ਵਿੱਚੋਂ ਇੱਕ ਹੈ। ਇਹ ਐਮਰਜੈਂਸੀ ਐਗਜ਼ਿਟ ਦਰਵਾਜ਼ਿਆਂ ਦੇ ਨੇੜੇ ਸਥਿਤ ਇੱਕ ਖਿੜਕੀ ਵਾਲੀ ਸੀਟ ਹੈ।

ਇਹ ਪਹਿਲੀ ਵਾਰ ਨਹੀਂ ਹੋਇਆ ਕਿ ਹਵਾਈ ਹਾਦਸੇ 'ਚ ਸੀਟ ਨੰਬਰ 11ਏ ਖੁਸ਼ਕਿਸਮਤ ਰਹੀ ਸੀ। ਲਗਭਗ 27 ਸਾਲ ਪਹਿਲਾਂ, ਇੱਕ ਥਾਈ ਸਟਾਰ ਰੁਆਂਗਸਾਕ ਜੇਮਜ਼ ਲੋਇਚੁਸਾਕ ਵੀ ਇਸੇ ਤਰ੍ਹਾਂ ਇੱਕ ਵੱਡੇ ਜਹਾਜ਼ ਹਾਦਸੇ ਵਿੱਚ ਬਚ ਗਿਆ ਸੀ। ਥਾਈ ਅਦਾਕਾਰ-ਗਾਇਕ ਰੁਆਂਗਸਾਕ ਜੇਮਜ਼ ਲੋਇਚੁਸਾਕ, ਜੋ ਹੁਣ 47 ਸਾਲ ਦੇ ਹਨ, 1998 ਦੇ ਥਾਈ ਏਅਰਵੇਜ਼ ਜਹਾਜ਼ ਹਾਦਸੇ ਤੋਂ ਵਾਲ-ਵਾਲ ਬਚ ਗਏ। ਇਸ ਭਿਆਨਕ ਹਾਦਸੇ ਵਿੱਚ 101 ਲੋਕਾਂ ਦੀ ਜਾਨ ਚਲੀ ਗਈ।

ਰੁਆਂਗਸਾਕ ਜੇਮਸ ਲੋਇਚੁਸਾਕ ਨੇ ਕਿਹਾ ਕਿ ਜਦੋਂ 1998 ਦਾ ਜਹਾਜ਼ ਹਾਦਸਾ ਹੋਇਆ ਸੀ ਤਾਂ ਉਹ 20 ਸਾਲ ਦਾ ਸੀ। ਉਹ ਸੀਟ 11 ਏ 'ਤੇ ਬੈਠਾ ਸੀ, ਜੋ ਕਿ ਹਾਲ ਹੀ ਵਿੱਚ ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਜਹਾਜ਼ ਹਾਦਸੇ ਵਿੱਚ ਬਚੇ ਇਕਲੌਤੇ ਵਿਅਕਤੀ ਦੀ ਸੀਟ ਹੈ।

## ਭਾਰਤ ਦੇ ਹਵਾਬਾਜ਼ੀ ਇਤਿਹਾਸ ਵਿੱਚ ਸਭ ਤੋਂ ਵਿਨਾਸ਼ਕਾਰੀ ਹਵਾਈ ਹਾਦਸੇ

ਪਿਛਲੇ ਸਾਲਾਂ ਦੌਰਾਨ ਭਾਰਤ ਵਿੱਚ ਜਿਹੜੇ ਵਿਨਾਸ਼ਕਾਰੀ ਹਵਾਈ ਹਾਦਸੇ ਵਾਪਰੇ ਹਨ, ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ :

**ਏਅਰ ਇੰਡੀਆ ਐਕਸਪ੍ਰੈਸ ਫਲਾਈਟ 1344 (2020):** ਏਅਰ ਇੰਡੀਆ ਐਕਸਪ੍ਰੈਸ ਫਲਾਈਟ 1344, ਜੋ ਕਿ ਕੋਰੋਨਾ ਮਹਾਂਮਾਰੀ ਦੌਰਾਨ ਵੰਦੇ ਭਾਰਤ ਪੁਨਰਗਠਨ ਮਿਸ਼ਨ ਦੇ ਹਿੱਸੇ ਵਜੋਂ ਚਲਾਈ ਗਈ ਸੀ, 7 ਅਗਸਤ, 2020 ਨੂੰ ਕੋਜ਼ੀਕੋਡ (ਕਾਲੀਕਟ) ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਲੈਂਡਿੰਗ ਕਰਦੇ ਸਮੇਂ ਰਨਵੇਅ ਤੋਂ ਫਿਸਲ ਗਈ। ਜਹਾਜ਼ ਵਿੱਚ ਸਵਾਰ 190 ਲੋਕਾਂ ਵਿੱਚੋਂ, ਦੋ ਪਾਇਲਟਾਂ ਸਮੇਤ 21 ਲੋਕਾਂ ਦੀ ਜਾਨ ਚਲੀ ਗਈ।

**ਏਅਰ ਇੰਡੀਆ ਐਕਸਪ੍ਰੈਸ ਫਲਾਈਟ 812 (2010):** 22 ਮਈ, 2010 ਨੂੰ, ਏਅਰ ਇੰਡੀਆ ਐਕਸਪ੍ਰੈਸ ਫਲਾਈਟ 812 ਕਰਨਾਟਕ ਦੇ ਮੰਗਲੁਰੂ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਲੈਂਡਿੰਗ ਕਰਦੇ ਸਮੇਂ ਰਨਵੇਅ ਤੋਂ ਉੱਪਰ ਹੋ ਗਈ। ਦੁਬਈ ਤੋਂ ਆ ਰਿਹਾ ਬੋਇੰਗ 737-800, ਟੇਬਲਟੌਪ ਰਨਵੇਅ ਤੋਂ ਪਰੇ ਇੱਕ ਖਾਈ ਵਿੱਚ ਟਕਰਾ ਗਿਆ ਅਤੇ ਅੱਗ ਲੱਗ ਗਈ, ਜਿਸ ਨਾਲ 158 ਲੋਕ ਮਾਰੇ ਗਏ।

**ਅਲਾਇੰਸ ਏਅਰ ਫਲਾਈਟ 7412 (2000):** 17 ਜੁਲਾਈ, 2000 ਨੂੰ, ਅਲਾਇੰਸ ਏਅਰ ਫਲਾਈਟ 7412 ਪਟਨਾ, ਬਿਹਾਰ ਵਿੱਚ ਇੱਕ ਸੰਘਣੀ ਆਬਾਦੀ ਵਾਲੇ ਰਿਹਾਇਸ਼ੀ ਖੇਤਰ ਵਿੱਚ ਉੱਤਰਨ ਦੀ ਕੋਸ਼ਿਸ਼ ਕਰਦੇ ਹੋਏ ਹਾਦਸਾਗ੍ਰਸਤ ਹੋ ਗਈ। ਇਹ ਹਾਦਸੇ ਵਿੱਚ ਸੱਠ ਲੋਕ ਮਾਰੇ ਗਏ ਸਨ।

**ਚਰਖੀ ਦਾਦਰੀ ਵਿਖੇ ਹਵਾ ਵਿੱਚ ਟੱਕਰ (1996):** 12 ਨਵੰਬਰ, 1996 ਨੂੰ ਹੋਇਆ ਜਹਾਜ਼ ਹਾਦਸਾ ਭਾਰਤ ਦਾ ਸਭ ਤੋਂ ਵਿਨਾਸ਼ਕਾਰੀ ਹਵਾਬਾਜ਼ੀ ਹਾਦਸਾ ਬਣ ਗਿਆ। ਇਸ ਹਾਦਸੇ ਵਿੱਚ 349 ਲੋਕ ਮਾਰੇ ਗਏ। ਇਹ ਹਾਦਸਾ ਉਦੋਂ ਵਾਪਰਿਆ ਜਦੋਂ ਸਾਊਦੀਆ ਫਲਾਈਟ 763 (ਇੱਕ ਬੋਇੰਗ 747) ਅਤੇ ਕਜ਼ਾਕਿਸਤਾਨ ਏਅਰਲਾਈਨਜ਼ ਫਲਾਈਟ 1907 (ਇੱਕ ਇਲਯੂਸ਼ਿਨ ਆਈਐਲ-76) ਹਰਿਆਣਾ ਦੇ ਚਰਖੀ ਦਾਦਰੀ ਨੇੜੇ ਹਵਾ ਵਿੱਚ ਟਕਰਾ ਗਏ। ਇਹ ਹਾਦਸਾ ਖਰਾਬ ਸੰਚਾਰ ਅਤੇ ਕਜ਼ਾਖ ਜਹਾਜ਼ ਦੇ ਚਾਲਕ ਦਲ ਦੇ ਆਪਣੀ ਨਿਰਧਾਰਤ ਉਚਾਈ ਤੋਂ ਹੇਠਾਂ ਡਿੱਗਣ ਕਾਰਨ ਹੋਇਆ।

**ਇੰਡੀਅਨ ਏਅਰਲਾਈਨਜ਼ ਫਲਾਈਟ 605 (1990):** 14 ਫਰਵਰੀ 1990 ਨੂੰ, ਇੰਡੀਅਨ ਏਅਰਲਾਈਨਜ਼ ਫਲਾਈਟ 605 ਬੰਗਲੌਰ ਦੇ ਐਚ.ਏ.ਐਲ. ਹਵਾਈ ਅੱਡੇ ਦੇ ਨੇੜੇ ਹਾਦਸਾਗ੍ਰਸਤ ਹੋ ਗਈ, ਜਿਸ ਵਿੱਚ ਸਵਾਰ 146 ਲੋਕਾਂ ਵਿੱਚੋਂ 92 ਲੋਕਾਂ ਦੀ ਮੌਤ ਹੋ ਗਈ।

**ਇੰਡੀਅਨ ਏਅਰਲਾਈਨਜ਼ ਫਲਾਈਟ 113 (1988):** 19 ਅਕਤੂਬਰ 1988 ਨੂੰ, ਕਮਜ਼ੋਰ ਦ੍ਰਿਸ਼ਟੀ ਦੇ ਵਿਚਕਾਰ, ਇੰਡੀਅਨ ਏਅਰਲਾਈਨਜ਼ ਫਲਾਈਟ 113, ਇੱਕ ਬੋਇੰਗ 737-200, ਅਹਿਮਦਾਬਾਦ ਹਵਾਈ ਅੱਡੇ ਦੇ ਨੇੜੇ ਹਾਦਸਾਗ੍ਰਸਤ ਹੋ ਗਿਆ। ਜਿਸ ਨਾਲ ਸਵਾਰ 135 ਲੋਕਾਂ ਵਿੱਚੋਂ 133 ਲੋਕਾਂ ਦੀ ਮੌਤ ਹੋ ਗਈ।

**ਏਅਰ ਇੰਡੀਆ ਫਲਾਈਟ 855 (1978):** 1 ਜਨਵਰੀ 1978 ਨੂੰ, ਦੁਬਈ ਜਾਣ ਵਾਲੀ ਏਅਰ ਇੰਡੀਆ ਫਲਾਈਟ 855 (ਇੱਕ ਬੋਇੰਗ 747) ਮੁੰਬਈ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਅਰਬ ਸਾਗਰ ਵਿੱਚ ਹਾਦਸਾਗ੍ਰਸਤ ਹੋ ਗਈ, ਜਿਸ ਵਿੱਚ ਸਵਾਰ ਸਾਰੇ 213 ਲੋਕਾਂ ਦੀ ਮੌਤ ਹੋ ਗਈ।

**ਇੰਡੀਅਨ ਏਅਰਲਾਈਨਜ਼ ਫਲਾਈਟ 440 (1973):** 31 ਮਈ 1973 ਨੂੰ, ਇੰਡੀਅਨ ਏਅਰਲਾਈਨਜ਼ ਫਲਾਈਟ 440 ਦਿੱਲੀ ਦੇ ਪਾਲਮ ਹਵਾਈ ਅੱਡੇ ਦੇ ਨੇੜੇ ਪਹੁੰਚਦੇ ਸਮੇਂ ਹਾਦਸਾਗ੍ਰਸਤ ਹੋ ਗਈ। ਬੋਇੰਗ 737-200 ਖਰਾਬ ਮੌਸਮ ਦਾ ਸਾਹਮਣਾ ਕਰ ਰਿਹਾ ਸੀ ਅਤੇ ਰਨਵੇਅ ਤੋਂ ਥੋੜ੍ਹੀ ਦੂਰ ਹਾਈ-ਟੈਂਸ਼ਨ ਤਾਰਾਂ ਨਾਲ ਟਕਰਾ ਗਿਆ। ਜਹਾਜ਼ ਵਿੱਚ ਸਵਾਰ 65 ਲੋਕਾਂ ਵਿੱਚੋਂ 48 ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਪ੍ਰਮੁੱਖ ਭਾਰਤੀ ਸਿਆਸਤਦਾਨ ਮੋਹਨ ਕੁਮਾਰਮੰਗਲਮ ਵੀ ਸ਼ਾਮਲ ਸਨ। ਇਸ ਹਾਦਸੇ ਨੇ ਭਾਰਤੀ ਹਵਾਈ ਅੱਡਿਆਂ 'ਤੇ ਬਿਹਤਰ ਮੌਸਮ ਰਾਡਾਰ ਦੀ ਜ਼ਰੂਰਤ ਨੂੰ ਉਜਾਗਰ ਕੀਤਾ।

ਦਰਪਣ ਝੂਠ ਨਹੀਂ ਬੋਲਦਾ

# ਕਰਤਾਰਪੁਰ ਸਾਹਿਬ ਲਾਂਘਾ: ਸਿੱਖ ਭਾਵਨਾਵਾਂ, ਵਿਸ਼ਵ ਸ਼ਾਂਤੀ ਸੋਮਾ ਅਤੇ ਸਿਆਸੀ ਅੜਚਣਾਂ ਕਿਉਂ ?

## ਸਾਂਸਦ ਡਾ. ਗਾਂਧੀ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਇਸ ਲਾਂਘੇ ਨੂੰ ਮੁੜ ਖੋਲ੍ਹਣ ਦੀ ਅਪੀਲ

ਸਤਿਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਧਰਤੀ, ਸ੍ਰੀ ਕਰਤਾਰਪੁਰ ਸਾਹਿਬ, ਸਿੱਖ ਕੌਮ ਦੇ ਦਿਲ ਦੀ ਧੜਕਣ ਹੈ। ਇਹ ਉਹ ਪਵਿੱਤਰ ਸਥਾਨ ਹੈ, ਜਿੱਥੇ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਅਖੀਰਲੇ 18 ਸਾਲ ਬਿਤਾਏ, ਸੱਚ, ਨਿਆਂ, ਅਮਨ ਅਤੇ ਕਿਰਤ ਦਾ ਸੁਨੇਹਾ ਦੁਨੀਆ ਨੂੰ ਦਿੱਤਾ। ਕਰਤਾਰਪੁਰ ਸਾਹਿਬ ਲਾਂਘਾ, ਜੋ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਖੋਲ੍ਹਿਆ ਗਿਆ ਸੀ। ਇਹ ਸਿੱਖ ਸੰਗਤਾਂ ਲਈ ਨਾ ਸਿਰਫ਼ ਧਾਰਮਿਕ ਅਸਥਾਨ ਸੀ, ਸਗੋਂ ਭਾਰਤ-ਪਾਕਿਸਤਾਨ ਵਿਚਕਾਰ ਸ਼ਾਂਤੀ ਦਾ ਪੁਲ ਵੀ ਸੀ। ਪਰ, ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਚੱਲਦਿਆਂ ਇਹ ਲਾਂਘਾ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਸੀ।

ਹੁਣ ਪਟਿਆਲਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਇਸ ਲਾਂਘੇ ਨੂੰ ਮੁੜ ਖੋਲ੍ਹਣ ਦੀ ਅਪੀਲ ਕੀਤੀ ਹੈ। ਇਹ ਪੱਤਰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ, ਵਿਸ਼ਵ ਸ਼ਾਂਤੀ ਦੇ ਸੁਨੇਹੇ ਦਾ ਪ੍ਰਤੀਕ ਅਤੇ ਸਿਆਸੀ ਅੜਚਣਾਂ ਵਿਰੁੱਧ ਪੰਜਾਬੀਆਂ ਦੀ ਸਾਂਝੀ ਅਵਾਜ਼ ਹੈ। ਡਾ. ਧਰਮਵੀਰ ਗਾਂਧੀ ਨੇ ਆਪਣੇ ਪੱਤਰ ਵਿੱਚ ਇਸੇ ਭਾਵਨਾਤਮਕ ਮੁੱਦੇ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਸਿੱਖਾਂ



ਲਈ ਸਿਰਫ਼ ਇੱਕ ਧਾਰਮਿਕ ਸਥਾਨ ਨਹੀਂ, ਸਗੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਉਹ ਸੁਗੰਧੀਆਂ ਯਾਦਾਂ ਹਨ, ਜੋ ਮਨੁੱਖਤਾ ਦੀ ਰੂਹ ਨੂੰ ਰੂਹਾਨੀਅਤ ਤੇ ਅਮਨ ਨਾਲ ਜੋੜਦੀਆਂ ਹਨ। ਇਸ ਲਾਂਘੇ ਦਾ ਬੰਦ ਹੋਣਾ ਸਿੱਖ ਸੰਗਤ ਨੂੰ ਉਸ ਪਵਿੱਤਰ ਸਥਾਨ ਤੋਂ ਵਾਂਝਾ ਕਰ ਰਿਹਾ ਹੈ, ਜੋ ਉਸ ਦੀ ਅਧਿਆਤਮਿਕ ਯਾਤਰਾ ਦਾ ਅਟੁੱਟ ਹਿੱਸਾ ਹੈ।

ਅਕਾਲ ਯੂਥ ਅਤੇ ਸਿੱਖ ਜਥੇਬੰਦੀਆਂ ਨੇ ਵੀ ਇਸ ਮੰਗ ਨੂੰ ਉਠਾਇਆ, ਜਿਸ ਨੂੰ ਡਾ. ਗਾਂਧੀ ਨੇ ਪ੍ਰਧਾਨ ਮੰਤਰੀ ਸਾਹਮਣੇ ਪੇਸ਼ ਕੀਤਾ ਹੈ।

ਕਰਤਾਰਪੁਰ ਸਾਹਿਬ ਲਾਂਘਾ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਗੋਂ ਸਮੁੱਚੀ ਦੁਨੀਆ ਲਈ ਸ਼ਾਂਤੀ ਦਾ ਪ੍ਰਤੀਕ ਹੈ। ਜਦੋਂ 2019 ਵਿੱਚ ਇਹ ਲਾਂਘਾ ਖੋਲ੍ਹਿਆ ਗਿਆ ਸੀ, ਤਾਂ ਇਹ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਦਭਾਵਨਾ ਦਾ ਇੱਕ ਸੁਨਹਿਰੀ ਮੌਕਾ ਸੀ। ਇਹ ਲਾਂਘਾ ਉਹ ਸੁਗੰਧੀ ਹਵਾ ਸੀ, ਜੋ ਸਰਹੱਦਾਂ ਦੀਆਂ ਕੰਧਾਂ ਨੂੰ ਢਾਹ ਕੇ, ਦੋ ਦੇਸ਼ਾਂ ਦੇ ਲੋਕਾਂ ਨੂੰ ਜੋੜਦੀ ਸੀ। ਸਤਿਗੁਰੂ ਨਾਨਕ ਦੇਵ ਜੀ ਦਾ ਸੁਨੇਹਾ, ਜੋ ਸਰਬੱਤ ਦੇ ਭਲੇ ਦਾ ਸੁਨੇਹਾ ਸੀ, ਇਸ ਲਾਂਘੇ ਰਾਹੀਂ ਦੁਨੀਆ ਤੱਕ ਪਹੁੰਚ ਰਿਹਾ ਸੀ। ਅੱਜ, ਜਦੋਂ ਦੁਨੀਆ ਵਿੱਚ ਤਣਾਅ ਦੀਆਂ ਲਹਿਰਾਂ ਉੱਠ ਰਹੀਆਂ ਹਨ—ਭਾਰਤ-ਪਾਕਿਸਤਾਨ, ਚੀਨ-ਅਮਰੀਕਾ, ਰੂਸ-ਯੂਕ੍ਰੇਨ, ਇਜ਼ਰਾਇਲ-ਇਰਾਨ—ਇਸ ਸਮੇਂ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣਾ ਵਿਸ਼ਵ ਸ਼ਾਂਤੀ ਦਾ ਸੁਨੇਹਾ ਦੇ ਸਕਦਾ ਹੈ। ਇਹ ਲਾਂਘਾ ਸਤਿਗੁਰੂ ਦੇ ਸੁਨੇਹੇ ਨੂੰ ਸਰਹੱਦਾਂ ਪਾਰ ਲੈ ਜਾਣ ਦਾ ਮਾਧਿਅਮ ਬਣ ਸਕਦਾ ਹੈ, ਜੋ ਸੰਸਾਰ ਨੂੰ ਪਰਮਾਣੂ ਜੰਗਾਂ ਦੇ ਖ਼ਤਰੇ ਤੋਂ ਬਚਾਉਣ ਦੀ ਤਾਕਤ ਰੱਖਦਾ ਹੈ।

# ਕੀ ਇਜ਼ਰਾਇਲ ਨੇ ਖਾਮਨੇਈ ਦੀ ਹੱਤਿਆ ਦੀ ਸਾਜ਼ਿਸ਼ ਰਚੀ ਤੇ ਟਰੰਪ ਨੇ ਇਜ਼ਰਾਇਲ ਨੂੰ ਕਿਉਂ ਰੋਕਿਆ ?

## ਨੇਤਨਯਾਹੂ ਦੇ ਇਸ ਦਾਅਵੇ ਤੋਂ ਬਾਅਦ ਸੱਚ ਕੀ ਹੈ, ਕੀ ਇਰਾਨ ਟਰੰਪ ਦੀ ਹੱਤਿਆ ਕਰਨਾ ਚਾਹੁੰਦਾ ਹੈ ?

ਅੰਤਰਰਾਸ਼ਟਰੀ ਨਿਊਜ਼ ਏਜੰਸੀ ਰਾਇਟਰਜ਼ ਨੇ ਦੋ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਦਾਅਵਾ ਕੀਤਾ ਸੀ ਕਿ ਇਜ਼ਰਾਇਲ ਨੇ ਇਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਅਲੀ ਖਾਮਨੇਈ ਨੂੰ ਮਾਰਨ ਦੀ ਯੋਜਨਾ ਬਣਾਈ ਸੀ। ਇਹ ਯੋਜਨਾ ਇਜ਼ਰਾਇਲ ਦੀ ਉਸ ਵਿਆਪਕ ਰਣਨੀਤੀ ਦਾ ਹਿੱਸਾ ਸੀ, ਜਿਸ ਵਿੱਚ ਉਹ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਰਿਪੋਰਟ ਮੁਤਾਬਕ, ਇਜ਼ਰਾਇਲ ਨੇ ਅਮਰੀਕਾ ਨੂੰ ਇਸ ਯੋਜਨਾ ਬਾਰੇ ਸੂਚਿਤ ਵੀ ਕੀਤਾ ਸੀ, ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਨੂੰ ਵੀਟੋ ਕਰ ਦਿੱਤਾ। ਟਰੰਪ ਦਾ ਕਹਿਣਾ ਸੀ ਕਿ ਜਦੋਂ ਤੱਕ ਇਰਾਨ ਨੇ ਕਿਸੇ ਅਮਰੀਕੀ ਨਾਗਰਿਕ ਨੂੰ ਨੁਕਸਾਨ ਨਹੀਂ ਪਹੁੰਚਾਇਆ, ਅਜਿਹੀਆਂ ਕਾਰਵਾਈਆਂ ਮੱਧ ਪੂਰਬ ਵਿੱਚ ਜੰਗ ਦੀ ਅੱਗ ਨੂੰ ਹੋਰ ਭੜਕਾ ਸਕਦੀਆਂ ਹਨ।

ਅਲ ਜਜ਼ੀਰਾ ਨੇ ਇਰਾਨ ਦੇ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਇਜ਼ਰਾਇਲ ਦੀਆਂ ਗੁੰਡਾਗਰਦੀ ਵਾਲੀਆਂ ਨੀਤੀਆਂ ਦਾ ਹਿੱਸਾ ਹੈ, ਜਿਸ ਨੂੰ ਇਰਾਨ ਨੇ ਸਦਾ ਹੀ ਨਿਸ਼ਾਨਾ ਬਣਾਇਆ ਹੈ। ਜੇਰੂਸਲਮ ਪੋਸਟ ਵਰਗੇ ਇਜ਼ਰਾਇਲੀ ਅਖ਼ਬਾਰਾਂ ਨੇ ਇਸ ਬਾਰੇ ਚੁੱਪ ਵੱਟੀ ਹੋਈ ਹੈ, ਜੋ ਸੰਕੇਤ ਦਿੰਦਾ ਹੈ ਕਿ ਇਜ਼ਰਾਇਲ ਅਜਿਹੀਆਂ ਸੰਵੇਦਨਸ਼ੀਲ ਯੋਜਨਾਵਾਂ ਨੂੰ ਜਨਤਕ ਨਹੀਂ ਕਰਨਾ ਚਾਹੁੰਦਾ।

ਅਮਰੀਕੀ ਅਧਿਕਾਰੀਆਂ ਨੇ ਰਾਇਟਰਜ਼ ਨੂੰ ਦੱਸਿਆ ਕਿ ਟਰੰਪ ਨੇ



ਇਸ ਸਾਜ਼ਿਸ਼ ਨੂੰ ਰੋਕਣ ਦਾ ਫ਼ੈਸਲਾ ਇਸ ਲਈ ਲਿਆ ਕਿਉਂਕਿ ਉਹ ਮੱਧ ਪੂਰਬ ਵਿੱਚ ਪੂਰੀ ਤਰ੍ਹਾਂ ਜੰਗ ਨਹੀਂ ਚਾਹੁੰਦੇ। ਟਰੰਪ ਦੀ ਸੋਚ ਸੀ ਕਿ ਖਾਮਨੇਈ ਵਰਗੇ ਨੇਤਾ ਨੂੰ ਨਿਸ਼ਾਨਾ ਬਣਾਉਣ ਨਾਲ ਇਰਾਨ ਦੀ ਜਵਾਬੀ ਕਾਰਵਾਈ ਅਟੱਲ ਹੋਵੇਗੀ, ਜੋ ਅਮਰੀਕੀ ਹਿੱਤਾਂ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਹੈ।

ਇਹ ਦਾਅਵਾ ਅਜੇ ਸਿਰਫ਼ ਅਮਰੀਕੀ ਅਧਿਕਾਰੀਆਂ ਦੇ ਹਵਾਲੇ 'ਤੇ ਆਧਾਰਿਤ ਹੈ। ਇਜ਼ਰਾਇਲ ਨੇ ਇਸ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਅਤੇ ਇਰਾਨ ਨੇ ਵੀ ਇਸ ਨੂੰ 'ਪ੍ਰੋਪੇਗੰਡਾ' ਕਰਾਰ ਦਿੱਤਾ ਹੈ। ਇਸ ਲਈ, ਸਥਿਤੀ ਅਜੇ ਅਸਪਸ਼ਟ ਹੈ, ਪਰ ਇਹ ਸਪੱਸ਼ਟ ਹੈ ਕਿ ਇਜ਼ਰਾਇਲ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕਣ ਨੂੰ ਤਿਆਰ ਹੈ।

ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਫ਼ੌਕਸ ਨਿਊਜ਼ ਨਾਲ ਇੰਟਰਵਿਊ ਵਿੱਚ ਦਾਅਵਾ ਕੀਤਾ ਸੀ ਕਿ ਇਰਾਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਸ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ। ਨੇਤਨਯਾਹੂ ਨੇ ਕਿਹਾ, 'ਇਰਾਨੀ 'ਅਮਰੀਕਾ ਨੂੰ ਮੌਤ' ਦੇ ਨਾਅਰੇ ਲਾਉਂਦੇ ਹਨ ਅਤੇ ਉਨ੍ਹਾਂ ਨੇ ਟਰੰਪ ਦੀ ਹੱਤਿਆ ਦੀਆਂ ਦੋ ਵਾਰ ਕੋਸ਼ਿਸ਼ਾਂ ਕੀਤੀਆਂ ਸਨ।' ਉਨ੍ਹਾਂ ਨੇ ਇਹ ਵੀ ਕਿਹਾ ਕਿ ਇਰਾਨ ਨੇ ਉਸ ਦੀ ਹੱਤਿਆ ਦੀ ਕੋਸ਼ਿਸ਼ ਕੀਤੀ, ਜਦੋਂ ਉਸ ਦੇ ਘਰ ਦੀ ਖਿੜਕੀ 'ਤੇ ਮਿਜ਼ਾਇਲ ਦਾਗੀ ਗਈ। ਇਹ ਦਾਅਵਾ ਅਮਰੀਕੀ ਨਿਆਂ ਮੰਤਰਾਲੇ ਦੀ ਇੱਕ ਰਿਪੋਰਟ ਨਾਲ ਜੁੜਿਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਇਰਾਨ ਨੇ ਫ਼ਰਹਾਦ ਸ਼ਕੇਰੀ ਨਾਮ ਦੇ ਇੱਕ ਵਿਅਕਤੀ ਨੂੰ ਟਰੰਪ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਕੰਮ ਸੌਂਪਿਆ ਸੀ।

ਅੰਤਰਰਾਸ਼ਟਰੀ ਮੀਡੀਆ ਅਤੇ ਸਰੋਤਾਂ ਦੇ ਅਨੁਸਾਰ, ਇਹ ਸਾਰੇ ਦਾਅਵੇ ਅਜੇ ਪੂਰੀ ਤਰ੍ਹਾਂ ਸੱਚ ਸਾਬਤ ਨਹੀਂ ਹੋਏ, ਪਰ ਇਹ ਸਪੱਸ਼ਟ ਹੈ ਕਿ ਮੱਧ ਪੂਰਬ ਵਿੱਚ ਸਥਿਰਤਾ ਖ਼ਤਰੇ ਵਿੱਚ ਹੈ। ਅਮਰੀਕਾ ਜੰਗ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਇਜ਼ਰਾਇਲ ਦੀਆਂ ਸੁਤੰਤਰ ਕਾਰਵਾਈਆਂ ਅਤੇ ਇਰਾਨ ਦੀਆਂ ਚਿਤਾਵਨੀਆਂ ਨੇ ਸਥਿਤੀ ਨੂੰ ਗੰਭੀਰ ਬਣਾ ਦਿੱਤਾ ਹੈ। ਅਗਲੇ ਕੁਝ ਦਿਨ ਇਹ ਤੈਅ ਕਰਨਗੇ ਕਿ ਮੱਧ ਪੂਰਬ ਸ਼ਾਂਤੀ ਵੱਲ ਵਧਦਾ ਹੈ ਜਾਂ ਜੰਗ ਦੀ ਅੱਗ ਵਿੱਚ ਸੜਦਾ ਹੈ।

# ਸੰਯੁਕਤ ਰਾਸ਼ਟਰ ਵਿੱਚ ਭਾਰਤ ਨੇ ਫ਼ਲਸਤੀਨ ਮੁੱਦੇ 'ਤੇ ਵੋਟ ਤੋਂ ਦੂਰੀ ਕਿਉਂ ਬਣਾਈ, ਵਿਸ਼ਵ ਚਰਚਾ ਤੇਜ਼

## ਕਾਂਗਰਸ ਦਾ ਸਰਕਾਰ 'ਤੇ ਹਮਲਾ: ਕਿੱਥੇ ਗਈ ਗਾਂਧੀ ਦੇ ਭਾਰਤ ਦੀ ਨਿਆਂ ਦੀ ਆਵਾਜ਼ ?

ਸੰਯੁਕਤ ਰਾਸ਼ਟਰ ਦੀ ਮਹਾਂਸਭਾ ਵਿੱਚ ਜਦੋਂ ਗ਼ਾਜ਼ਾ ਵਿੱਚ ਤੁਰੰਤ ਅਤੇ ਸਥਾਈ ਯੁੱਧ ਖਤਮ ਕਰਨ ਦੀ ਮੰਗ ਵਾਲੇ ਪ੍ਰਸਤਾਵ 'ਤੇ ਵੋਟਿੰਗ ਹੋਈ, ਤਾਂ ਭਾਰਤ ਨੇ 19 ਹੋਰ ਦੇਸ਼ਾਂ ਨਾਲ ਮਿਲ ਕੇ ਇਸ ਮਤਦਾਨ ਤੋਂ ਦੂਰੀ ਬਣਾਈ। 149 ਦੇਸ਼ਾਂ ਨੇ ਪ੍ਰਸਤਾਵ ਦੇ ਹੱਕ ਵਿੱਚ ਵੋਟ ਪਾਈ, 12 ਨੇ ਵਿਰੋਧ ਕੀਤਾ, ਪਰ ਭਾਰਤ ਦੀ ਇਹ ਚੁੱਪ ਵਿਸ਼ਵ ਮੰਚ 'ਤੇ ਤੂਫ਼ਾਨ ਖੜ੍ਹਾ ਕਰ ਗਈ। ਵਿਰੋਧੀ ਪਾਰਟੀ ਕਾਂਗਰਸ ਨੇ ਇਸ ਨੂੰ ਨੈਤਿਕ ਕਾਇਰਤਾ ਦੱਸਦਿਆਂ ਕੇਂਦਰ ਦੀ ਮੋਦੀ ਸਰਕਾਰ 'ਤੇ ਤਿੱਖੇ ਵਾਰ ਕੀਤੇ। ਇੰਟਰਨੈਸ਼ਨਲ ਮੀਡੀਆ ਅਤੇ ਨੇਤਾਵਾਂ ਦੀਆਂ ਪ੍ਰਤੀਕਿਰਿਆਵਾਂ ਨੇ ਵੀ ਇਸ ਮੁੱਦੇ ਨੂੰ ਹੋਰ ਗਰਮਾ ਦਿੱਤਾ।

ਯਾਦ ਰਹੇ ਕਿ ਗ਼ਾਜ਼ਾ ਦੀ ਧਰਤੀ 'ਤੇ ਇਜ਼ਰਾਇਲੀ ਹਮਲਿਆਂ ਕਾਰਨ 60,000 ਤੋਂ ਵੱਧ ਲੋਕ, ਜਿਨ੍ਹਾਂ ਵਿਚ ਅੱਧੇ ਤੋਂ ਵੱਧ ਔਰਤਾਂ ਅਤੇ ਬੱਚੇ, ਇਸ ਜੰਗ ਦੀ ਭੇਂਟ ਚੜ੍ਹ ਚੁੱਕੇ ਹਨ। ਸੰਯੁਕਤ ਰਾਸ਼ਟਰ ਦੀ ਮਹਾਸਭਾ ਵਿਚ ਸਪੇਨ ਨੇ ਜਦੋਂ ਇਸ ਖ਼ੂਨ ਖ਼ਰਾਬੇ ਨੂੰ ਰੋਕਣ ਲਈ ਪ੍ਰਸਤਾਵ ਪੇਸ਼ ਕੀਤਾ, ਤਾਂ ਦੁਨੀਆ ਨੇ ਇਸ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਪਰ ਭਾਰਤ, ਜਿਸ ਦੀ ਨੀਂਹ ਅਹਿੰਸਾ ਅਤੇ ਨਿਆਂ ਦੀਆਂ ਗੱਲਾਂ 'ਤੇ ਰੱਖੀ ਗਈ, ਇਸ ਮੌਕੇ ਮੂਕ ਦਰਸ਼ਕ ਬਣਿਆ ਰਿਹਾ।

ਕਾਂਗਰਸ ਦੇ ਬੁਲਾਰੇ ਪਵਨ ਖੇੜਾ ਨੇ ਐਕਸ 'ਤੇ ਲਿਖਿਆ, ਇਹ ਚੁੱਪ ਸਾਡੀ ਅਜ਼ਾਦੀ ਦੀ ਲੜਾਈ ਦੇ ਸੁਫ਼ਨਿਆਂ ਨਾਲ ਧੋਖਾ ਹੈ। ਉਹਨਾਂ ਨੇ ਯਾਦ ਦਿਵਾਇਆ ਕਿ 1974 ਵਿੱਚ ਭਾਰਤ ਨੇ ਫ਼ਲਸਤੀਨ ਮੁਕਤੀ ਸੰਗਠਨ ਨੂੰ ਮਾਨਤਾ ਦੇਣ ਵਾਲਾ ਪਹਿਲਾ ਗੈਰ-ਅਰਬ ਦੇਸ਼ ਸੀ। 1983 ਵਿੱਚ ਨਵੀਂ ਦਿੱਲੀ ਵਿੱਚ ਗੁਟਨਿਰਪੇਖ ਅੰਦੋਲਨ ਦੀ ਬੈਠਕ ਵਿੱਚ ਯਾਸਰ ਅਰਾਫ਼ਾਤ ਨੂੰ ਸੱਦਾ ਦਿੱਤਾ ਸੀ। 1988 ਵਿੱਚ ਫ਼ਲਸਤੀਨ ਨੂੰ ਰਾਜ ਦਾ ਦਰਜਾ ਦਿੱਤਾ ਸੀ। ਪਰ ਅੱਜ ਇਸ ਮੁੱਦੇ ਉੱਪਰ ਪਿੱਠ ਕਿਉਂ ਦਿਖਾਈ ਹੈ ?

# ਪੰਜਾਬ ਆਲੂ ਇੰਡਸਟਰੀ 'ਚ ਗੁਜਰਾਤ ਦੇ ਮੁਕਾਬਲੇ ਕਿਉਂ ਪਛੜਿਆ ?

## ਗੁਜਰਾਤ ਦੀ ਆਲੂ ਕ੍ਰਾਂਤੀ: ਹਾਈ-ਟੈਕ ਪ੍ਰੋਸੈਸਿੰਗ ਅਤੇ ਕੰਟਰੈਕਟ ਫ਼ਾਰਮਿੰਗ ਨਾਲ ਗੁਜਰਾਤ ਗਲੋਬਲ ਮੋਹਰੀ

ਗੁਜਰਾਤ ਨੇ ਆਲੂ ਫ਼ਸਲ ਨੂੰ ਇੱਕ ਗਲੋਬਲ ਉਦਯੋਗ ਦਾ ਰੂਪ ਦੇ ਦਿੱਤਾ ਹੈ। ਮਹਿਸਾਣਾ ਅਤੇ ਬਨਾਸਕਾਂਠਾ ਵਰਗੇ ਜ਼ਿਲ੍ਹਿਆਂ ਵਿੱਚ ਹਾਈ-ਟੈਕ ਪ੍ਰੋਸੈਸਿੰਗ ਪਲਾਂਟਸ, ਕੋਲਡ ਸਟੋਰੇਜ ਸੁਵਿਧਾਵਾਂ ਅਤੇ ਕੰਟਰੈਕਟ ਫ਼ਾਰਮਿੰਗ ਨੇ ਆਲੂ ਨੂੰ ਨਵੀਂ ਪਛਾਣ ਦਿੱਤੀ ਹੈ। ਇਹ ਸਫ਼ਲਤਾ ਸਿਰਫ਼ ਖੇਤੀ ਦੀ ਨਹੀਂ, ਸਗੋਂ ਵਿਗਿਆਨ, ਉਦਯੋਗ ਅਤੇ ਨੀਤੀਆਂ ਦੇ ਸੁਮੇਲ ਦੀ ਕਹਾਣੀ ਹੈ। ਗੁਜਰਾਤ ਦੀ ਠੰਡੀ ਸਰਦੀਆਂ, ਰੇਤਲੀ ਮਿੱਟੀ ਅਤੇ ਘੱਟ ਨਮੀ ਨੇ ਪ੍ਰੋਸੈਸਿੰਗ-ਗਰੇਡ ਆਲੂਆਂ ਲਈ ਮੁਫ਼ੀਦ ਮਾਹੌਲ ਬਣਾਇਆ ਹੈ। ਨਾਲ ਹੀ, ਸੈਂਟਰਲ ਪੋਟੇਟੋ ਰਿਸਰਚ ਇੰਸਟੀਚਿਊਟ ਵਰਗੀਆਂ ਸੰਸਥਾਵਾਂ ਨੇ ਚਿਪਸੋਨਾ ਅਤੇ ਫ਼੍ਰਾਈਸੋਨਾ ਵਰਗੀਆਂ ਕਿਸਮਾਂ ਵਿਕਸਤ ਕਰਕੇ ਇਸ ਕ੍ਰਾਂਤੀ ਨੂੰ ਹੁਲਾਰਾ ਦਿੱਤਾ। ਹਾਈਫ਼ਨ ਫ਼ੂਡਜ਼ ਅਤੇ ਇਸਕਾਨ ਬਾਲਾਜੀ ਵਰਗੀਆਂ ਕੰਪਨੀਆਂ ਨੇ ਨਿਵੇਸ਼, ਨਵੀਨਤਮ ਤਕਨੀਕ ਅਤੇ ਕਿਸਾਨਾਂ ਨਾਲ ਸਾਂਝੇਦਾਰੀ ਨਾਲ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਇਆ। ਪਰ ਸਵਾਲ ਇਹ ਹੈ ਕਿ ਪੰਜਾਬ, ਜੋ ਖੇਤੀ ਦਾ ਮੋਹਰੀ ਸੂਬਾ ਹੈ, ਪਰ ਗੁਜਰਾਤ ਮੁਕਾਬਲੇ ਵਿੱਚ ਕਿਉਂ ਪਛੜ ਰਿਹਾ ਹੈ ?ਪੰਜਾਬ ਦੀ ਖੇਤੀ ਨੂੰ ਦੇਸ਼ ਦਾ ਅੰਨਦਾਤਾ ਮੰਨਿਆ ਜਾਂਦਾ ਹੈ, ਪਰ ਆਲੂ ਪ੍ਰੋਸੈਸਿੰਗ ਅਤੇ ਖੇਤੀ ਉਦਯੋਗ ਦੇ ਮਾਮਲੇ ਵਿੱਚ ਇਹ ਸੂਬਾ ਗੁਜਰਾਤ ਤੋਂ ਕਾਫ਼ੀ ਪਿੱਛੇ ਹੈ। ਪਹਿਲੀ ਵੱਡੀ



ਰੁਕਾਵਟ ਹੈ ਬੁਨਿਆਦੀ ਢਾਂਚੇ ਦੀ ਕਮੀ। ਗੁਜਰਾਤ ਵਿੱਚ 1,500 ਤੋਂ ਵੱਧ ਕੋਲਡ ਸਟੋਰੇਜ ਸਹੂਲਤਾਂ ਹਨ, ਜਦਕਿ ਪੰਜਾਬ ਵਿੱਚ ਅਜਿਹੀਆਂ ਸਹੂਲਤਾਂ ਦੀ ਗਿਣਤੀ ਅਤੇ ਗੁਣਵੱਤਾ ਕਾਫ਼ੀ ਸੀਮਤ ਹੈ। ਦੂਜਾ, ਕੰਟਰੈਕਟ ਫ਼ਾਰਮਿੰਗ ਦਾ ਮਾਡਲ ਪੰਜਾਬ ਵਿੱਚ ਅਜੇ ਪੂਰੀ ਤਰ੍ਹਾਂ ਅਪਣਾਇਆ ਨਹੀਂ ਗਿਆ। ਗੁਜਰਾਤ ਵਿੱਚ ਕਿਸਾਨਾਂ ਨੂੰ ਕੰਪਨੀਆਂ ਤੋਂ ਬੀਜ, ਸਲਾਹ ਅਤੇ ਖਰੀਦ ਦੀ ਗਰੰਟੀ ਮਿਲਦੀ ਹੈ, ਜਦਕਿ ਪੰਜਾਬ ਵਿੱਚ ਕਿਸਾਨ ਅਜੇ ਵੀ ਮੰਡੀਆਂ 'ਤੇ ਨਿਰਭਰ ਹਨ, ਜਿੱਥੇ ਕੀਮਤਾਂ ਵਿੱਚ ਅਸਥਿਰਤਾ ਰਹਿੰਦੀ ਹੈ। ਤੀਜਾ, ਪ੍ਰੋਸੈਸਿੰਗ ਤਕਨੀਕ ਅਤੇ ਨਿਵੇਸ਼ ਦੀ ਘਾਟ।

ਗੁਜਰਾਤ ਦੀ ਆਲੂ ਇੰਡਸਟਰੀ ਨੇ ਨਾ ਸਿਰਫ਼ ਘਰੇਲੂ ਮੰਗ ਪੂਰੀ ਕੀਤੀ, ਸਗੋਂ ਜਪਾਨ, ਆਸਟ੍ਰੇਲੀਆ, ਯੂ.ਏ.ਈ. ਅਤੇ ਮਾਰੀਸ਼ਸ ਵਰਗੇ ਦੇਸ਼ਾਂ ਨੂੰ ਵੀ ਨਿਰਯਾਤ ਸ਼ੁਰੂ ਕੀਤਾ ਹੈ।

(**ਬਾਕੀ ਸਫ਼ਾ 31 'ਤੇ**)

# ਕੀ ਸੁਖਬੀਰ ਬਾਦਲ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਮੋਹਲਤ ਮੰਗਣਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਹੈ ਜਾਂ ਸਮਝੌਤਾ ?

## ਤਖ਼ਤ ਪਟਨਾ ਸਾਹਿਬ ਦੇ ਹੁਕਮਨਾਮੇ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ’ਤੇ ਸਵਾਲ ਖੜੇ ਹੋਏ

## ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਗੌਹਰ ਬਾਰੇ ਜਲਦੀ ਵਿੱਚ ਲਿਆ ਫੈਸਲਾ ਪੰਥਕ ਸੰਕਟ ਦਾ ਕਾਰਨ ਬਣਿਆ

ਸ੍ਰੀ ਅਕਾਲ ਤਖ਼ਤ ਸਾਹਿਬ, ਜਿਸ ਦੀ ਫਸੀਲ ’ਤੇ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਅਡੋਲ ਨਿਸ਼ਾਨ ਖੜ੍ਹਾ ਕੀਤਾ ਸੀ, ਅੱਜ ਉਸ ਉੱਪਰ ਇੱਕ ਨਵਾਂ ਸੰਕਟ ਛਾਇਆ ਹੋਇਆ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੁਕਮਨਾਮੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸੰਤ ਟੇਕ ਸਿੰਘ ਨੂੰ ਤਨਖਾਹੀਆ ਕਰਾਰ ਦੇਣ ਵਾਲਾ ਇਹ ਫੈਸਲਾ ਕੀ ਸਿਰਫ਼ ਪੰਥਕ ਮਰਯਾਦਾ ਦੀ ਗੱਲ ਹੈ, ਜਾਂ ਇਸ ਦੇ ਪਿੱਛੇ ਸਿਆਸੀ ਹਿਤਾਂ ਦੀ ਛੁਪੀ ਖੇਡ ਹੈ?

ਸਿੱਖ ਪੰਥ ਦੀ ਮਰਯਾਦਾ ਅਨੁਸਾਰ ਕੋਈ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਨਕਾਰ ਨਹੀਂ ਸਕਦਾ। ਸਿੱਖ ਰਹਿਤ ਮਰਿਯਾਦਾ, ਜੋ 1945 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੀ ਗਈ, ਸਪਸ਼ਟ ਕਰਦੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਰੇ ਤਖ਼ਤਾਂ ਦਾ ਸਰਵਉੱਚ ਅਸਥਾਨ ਹੈ। ਪਰ, 21 ਮਈ 2025 ਨੂੰ ਤਖ਼ਤ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਸੁਖਬੀਰ ਸਿੰਘ ਬਾਦਲ, ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸੰਤ ਟੇਕ ਸਿੰਘ ਨੂੰ ਤਨਖਾਹੀਆ ਕਰਾਰ ਦੇ ਕੇ ਇੱਕ ਸਮਾਨਾਂਤਰ ਹੁਕਮ ਜਾਰੀ ਕੀਤਾ। ਇਹ ਹੁਕਮਨਾਮਾ ਸਿਰਫ਼ ਇੱਕ ਫੈਸਲਾ ਨਹੀਂ, ਸਗੋਂ ਸਿੱਖ ਪੰਥ ਦੀ ਸਦੀਆਂ ਪੁਰਾਣੀ ਪਰੰਪਰਾ ’ਤੇ ਸਿੱਧਾ ਹਮਲਾ ਹੈ। ਪੰਥਕ ਹਲਕਿਆਂ ਅਨੁਸਾਰ ਇਸ ਫੈਸਲੇ ਨੇ ਸਿੱਖ ਪੰਥ ਦੀ ਏਕਤਾ ਨੂੰ ਚੀਰ ਦੇਣ ਵਾਲੀ ਇੱਕ ਤਰੇੜ ਪਾ ਦਿੱਤੀ ਹੈ, ਜਿਸ ਦਾ ਹੱਲ ਸਿਰਫ਼ ਸਰਬਸੰਮਤੀ ਅਤੇ ਮਰਯਾਦਾ ਦੇ ਅਧੀਨ ਹੀ ਸੰਭਵ ਹੈ।

ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਨੂੰ ਤਖ਼ਤ ਪਟਨਾ ਸਾਹਿਬ ਨੇ 21 ਮਈ 2025 ਨੂੰ ਤਨਖਾਹੀਆ ਕਰਾਰ ਦਿੱਤਾ ਸੀ। ਇਸ ਦਾ ਮੁੱਖ ਕਾਰਨ 2007-2017 ਦੌਰਾਨ ਅਕਾਲੀ ਸਰਕਾਰ ਦੀਆਂ ਕਥਿਤ ਨਕਾਮੀਆਂ, ਖਾਸਕਰ 2015 ਦੇ ਬਰਗਾੜੀ ਬੇਅਦਬੀ ਕਾਂਡ ਅਤੇ ਪੁਲਿਸ ਗੋਲੀਬਾਰੀ ਵਿੱਚ ਦੋ ਸਿੱਖ ਨੌਜਵਾਨਾਂ ਦੀ ਮੌਤ ਨੂੰ ਮੰਨਿਆ ਜਾ ਰਿਹਾ ਹੈ। ਇਹ ਘਟਨਾਵਾਂ ਸਿੱਖ ਪੰਥ ਦੇ ਦਿਲ ’ਤੇ ਜ਼ਖ਼ਮ ਵਾਂਗ ਹਨ, ਜਿਨ੍ਹਾਂ ਦੀ ਤਪਸ਼ ਅਜੇ ਵੀ ਮਹਿਸੂਸ ਹੁੰਦੀ ਹੈ।

ਪਰ ਸਵਾਲ ਇਹ ਹੈ ਕਿ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਸ ਮਾਮਲੇ ’ਤੇ ਪਹਿਲਾਂ ਹੀ ਫੈਸਲਾ ਸੁਣਾਇਆ ਜਾ ਚੁੱਕਾ ਸੀ, ਤਾਂ ਪਟਨਾ ਸਾਹਿਬ ਨੂੰ ਇਸ ਨੂੰ ਦੁਬਾਰਾ ਛੇੜਨ ਦੀ ਕੀ ਲੋੜ ਸੀ ? ਜਦ ਕਿ ਇਹ ਸਿੱਖ ਪਰੰਪਰਾ ਤੇ ਰਵਾਇਤ ਅਨੁਸਾਰ ਉਸਦਾ ਅਧਿਕਾਰ ਖੇਤਰ ਨਹੀਂ ਸੀ।



ਪੰਥਕ ਹਲਕੇ ਇਸ ਮਾਮਲੇ ਵਿੱਚ ਸਰਕਾਰੀ ਜਾਂ ਸਿਆਸੀ ਦਖਲ ਦੀ ਸੰਭਾਵਨਾ ਨੂੰ ਨਹੀਂ ਨਕਾਰਦੇ। ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦਾ ਫੈਸਲਾ, ਜੋ ਪੰਜ ਪਿਆਰਿਆਂ ਵੱਲੋਂ ਜਾਰੀ ਕੀਤਾ ਗਿਆ, ਸਿੱਖ ਮਰਯਾਦਾ ਦੀ ਉਲੰਘਣਾ ਹੈ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਨਕਾਰਨਾ ਸਿੱਖ ਪੰਥ ਦੇ ਸੰਵਿਧਾਨ ਤੇ ਵਿਧਾਨ ਨੂੰ ਚੁਣੌਤੀ ਦੇਣ ਦੇ ਸਮਾਨ ਹੈ।

### ਗਿਆਨੀ ਰਣਜੀਤ ਸਿੰਘ ਗੌਹਰ ਦਾ ਵਿਵਾਦ: ਗੁਰੂ ਘਰ ਦੀ ਸੰਪਤੀ ’ਤੇ ਸੰਕਟ

ਕਾਫੀ ਅਰਸੇ ਪਹਿਲਾਂ ਗਿਆਨੀ ਰਣਜੀਤ ਸਿੰਘ ਗੌਹਰ ਦਾ ਮਾਮਲਾ ਇਸ ਵਿਵਾਦ ਦੀ ਜੜ੍ਹ ਵਿੱਚੋਂ ਇੱਕ ਹੈ। ਡਾ. ਗੁਰਵਿੰਦਰ ਸਿੰਘ ਸਮਰਾ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਦਾਨ ਕੀਤੀ ਗਈ ਸੰਪਤੀ—ਸੋਨੇ ਦੀ ਕਲਗੀ, ਪੰਘੂੜਾ ਸਾਹਿਬ ਅਤੇ 5 ਕਰੋੜ ਤੋਂ ਵੱਧ ਦੀ ਕੀਮਤੀ ਵਸਤੂਆਂ ’ਤੇ ਹੇਰਾਫੇਰੀ ਦੇ ਇਲਜ਼ਾਮ ਨੇ ਤੂਫਾਨ ਖੜ੍ਹਾ ਕਰ ਦਿੱਤਾ ਸੀ। ਇਹ ਇਲਜ਼ਾਮ ਗਿਆਨੀ ਗੌਹਰ ’ਤੇ ਲੱਗੇ ਸਨ। ਪਰ, 21 ਮਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਾਂਚ ਕਮੇਟੀ ਦੀ ਰਿਪੋਰਟ ਜਨਤਕ ਕੀਤੀ, ਜਿਸ ਵਿੱਚ ਗੌਹਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ। ਇਸ ਫੈਸਲੇ ਨੂੰ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਪੰਜ ਪਿਆਰਿਆਂ ਰਾਹੀਂ ਸੁਖਬੀਰ ਸਿੰਘ ਬਾਦਲ, ਜਥੇਦਾਰ ਅਕਾਲ ਤਖ਼ਤ ਜਥੇਦਾਰ ਦਮਦਮਾ ਸਾਹਿਬ ਨੂੰ ਤਨਖਾਹੀਆ ਕਰਾਰ ਦਿੱਤਾ ਸੀ। ਪੰਥਕ ਮਾਹਿਰਾਂ ਅਨੁਸਾਰ ਇਹ ਮਸਲਾ ਨਹੀਂ ਸੀ ਉਲਝਣਾ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਇਸ ਫੈਸਲੇ ਨੂੰ ਕਰਨ ਤੋਂ ਪਹਿਲਾਂ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਵਿਸ਼ਵਾਸ ਵਿੱਚ ਲੈਂਦੇ।

ਸ਼੍ਰੋਮਣੀ ਕਮੇਟੀ ਦੀ ਮੋਹਲਤ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਜਾਂ ਸਮਝੌਤਾ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਖਬੀਰ ਬਾਦਲ ਲਈ 20 ਦਿਨਾਂ ਦੀ ਮੋਹਲਤ ਮੰਗੀ, ਜਿਸ ਨੂੰ ਪਟਨਾ ਸਾਹਿਬ ਨੇ ਮੰਨ ਲਿਆ। ਪਰ, ਇਹ ਮੋਹਲਤ ਕੀ ਸਿਰਫ਼ ਸਮਝੌਤੇ ਦੀ ਇੱਕ ਕੋਸ਼ਿਸ਼ ਸੀ, ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਹੈ ?

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਨੇ ਇੱਕ ਵਫ਼ਦ ਤਖ਼ਤ ਪਟਨਾ ਸਾਹਿਬ ਭੇਜਿਆ ਸੀ, ਜਿਸ ਵਿੱਚ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਅਤੇ ਹੋਰ ਮੈਂਬਰ ਸ਼ਾਮਲ ਸਨ। ਪੰਥਕ ਮਾਹਿਰਾਂ ਅਨੁਸਾਰ ਇਸ ਵਫ਼ਦ ਦੀ ਗੱਲਬਾਤ ਤੋਂ ਬਾਅਦ ਤਖ਼ਤ ਪਟਨਾ ਸਾਹਿਬ ਰਿਪੋਰਟ ਸੌਂਪੀ ਗਈ ਸੀ, ਪਰ ਇਸ ਨੇ ਮਸਲੇ ਨੂੰ ਹੱਲ ਕਰਨ ਦੀ ਬਜਾਏ ਹੋਰ ਉਲਝਾ ਦਿੱਤਾ। ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੀ ਇਸ ਭੂਮਿਕਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਕਮਜ਼ੋਰ ਕਰਨ ਵਾਲਾ ਮੰਨਿਆ। ਜੇ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਨੂੰ ਸਵੀਕਾਰ ਕਰਦੀ ਹੈ, ਤਾਂ ਪਟਨਾ ਸਾਹਿਬ ਦੇ ਹੁਕਮ ਨੂੰ ਮੰਨਣ ਜਾਂ ਮੋਹਲਤ ਮੰਗਣ ਦੀ ਕੀ ਲੋੜ ਸੀ ?

### ਸਰਬਤ ਖ਼ਾਲਸਾ ਹੀ ਸਿੱਖ ਪੰਥ ਦੀ ਏਕਤਾ, ਚੁਣੌਤੀਆਂ ਤੇ ਵਿਵਾਦ ਦਾ ਹੱਲ

ਇਸ ਸੰਕਟ ਦਾ ਹੱਲ ਸਿਰਫ਼ ਪੰਥਕ ਨੁਮਾਇੰਦਾ ਇਕੱਠ ਸਰਬਤ ਖ਼ਾਲਸਾ ਵਿੱਚ ਹੀ ਹੈ। ਸਰਬਤ ਖ਼ਾਲਸਾ, ਜੋ ਸਿੱਖ ਪੰਥ ਦੀ ਸਰਬਸਾਂਝੀ ਸੰਸਥਾ ਹੈ, ਸੰਗਤ, ਜਥੇਦਾਰਾਂ ਅਤੇ ਵਿਦਵਾਨਾਂ ਨੂੰ ਇੱਕ ਮੰਚ ’ਤੇ ਲਿਆਉਂਦੀ ਹੈ। ਸਰਬਤ ਖ਼ਾਲਸਾ ਵਿੱਚ ਸੁਖਬੀਰ ਸਿੰਘ ਬਾਦਲ ਦੇ ਮਾਮਲੇ, ਗਿਆਨੀ ਗੌਹਰ ਦੇ ਵਿਵਾਦ ਅਤੇ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ’ਤੇ ਸਪਸ਼ਟ ਫੈਸਲੇ ਲਏ ਜਾ ਸਕਦੇ ਹਨ। ਸਰਕਾਰੀ ਦਖਲ ਨੂੰ ਰੋਕਣ ਲਈ ਸੰਗਤ ਨੂੰ ਜਾਗਰੂਕ ਕਰਨਾ, ਪੰਜ ਪਿਆਰਿਆਂ ਦੀ ਚੋਣ ਨੂੰ ਮਰਯਾਦਾ ਅਧੀਨ ਰੱਖਣਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਸਿੱਖ ਸੰਸਥਾਵਾਂ ਦੀ ਸੁਤੰਤਰਤਾ ਨੂੰ ਯਕੀਨੀ ਬਣਾਉਣਾ ਸਮੇਂ ਦੀ ਮੰਗ ਹੈ। ਸਰਬਤ ਖ਼ਾਲਸਾ ਨਾ ਸਿਰਫ਼ ਇਸ ਵਿਵਾਦ ਦਾ ਹੱਲ ਕਰ ਸਕਦੀ ਹੈ, ਸਗੋਂ ਸਿੱਖ ਪੰਥ ਦੀ ਏਕਤਾ ਨੂੰ ਮਜ਼ਬੂਤ ਕਰਕੇ ਗੁਰੂ ਦੇ ਨਿਸ਼ਾਨ ਨੂੰ ਹੋਰ ਉੱਚਾ ਚੁੱਕ ਸਕਦੀ ਹੈ। ਜਿਵੇਂ ਸਤਿਗੁਰੂ ਦੀ ਜੋਤ ਸਾਰੇ ਅੰਧਕਾਰ ਨੂੰ ਦੂਰ ਕਰਦੀ ਹੈ, ਤਿਵੇਂ ਹੀ ਸਰਬਤ ਖ਼ਾਲਸਾ ਦੀ ਸਰਬਸੰਮਤੀ ਸਿੱਖ ਪੰਥ ਨੂੰ ਮੁੜ ਏਕਤਾ ਦੇ ਸੂਤਰ ਵਿੱਚ ਪਰੋ ਸਕਦੀ ਹੈ।

## ਅਕਾਲੀ ਦਲ ਵਿਰੁੱਧ ਹੋ ਰਹੀਆਂ ਨੇ ਸਾਜ਼ਿਸ਼ਾਂ: ਸੁਖਬੀਰ ਸਿੰਘ ਬਾਦਲ



ਲੁਧਿਆਣਾ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਖ਼ਤਮ ਕਰਨ ਲਈ ਵੱਡੇ ਪੱਧਰ ’ਤੇ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਸੂਬੇ ਦੀ ਬੁਲੰਦ ਆਵਾਜ਼ ਬੰਦ ਕੀਤੀ ਜਾ ਸਕੇ। ਸੁਖਬੀਰ ਬਾਦਲ ਇੱਥੇ ਭਾਈ ਰਣਧੀਰ ਸਿੰਘ ਨਗਰ ਸਥਿਤ ਗੁਰਿੰਦਰਪਾਲ ਸਿੰਘ ਪੱਪੂ ਦੇ ਪੁੱਤਰ ਐਡਵੋਕੇਟ ਗਗਨਪ੍ਰੀਤ ਸਿੰਘ ਦੇ ਘਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਹੱਕ ਵਿੱਚ ਹੋਈ ਚੋਣ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਇਸ ਵੇਲੇ ਏਜੰਸੀਆਂ ਦਾ ਸਾਰਾ ਜ਼ੋਰ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਅਤੇ ਖ਼ਤਮ ਕਰਨ ’ਤੇ ਲੱਗਿਆ ਹੋਇਆ ਹੈ ਪਰ ਜੁਝਾਰੂ ਵਰਕਰ ਪਾਰਟੀ ਦੀ ਮਜ਼ਬੂਤੀ ਲਈ ਡਟ ਕੇ ਪਹਿਰਾ ਦੇ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿੱਚ ਸ਼੍ਰੋਮਣੀ ਅਕਾਲੀ ਦਲ, ਬਾਦਲ ਸਰਕਾਰ ਜਾਂ ਉਨ੍ਹਾਂ ਦਾ ਕੋਈ ਹੱਥ ਨਹੀਂ ਕਿਉਂਕਿ ਉਹ ਅੰਮ੍ਰਿਤਧਾਰੀ ਸਿੱਖ ਹਨ ਅਤੇ ਸਵੇਰੇ ਸ਼ਾਮ ਰਹਿਤ ਮਰਿਆਦਾ ਅਨੁਸਾਰ ਨਿਤਨੇਮ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਘਟੀਆ ਦੋਸ਼ ਏਜੰਸੀਆਂ ਵੱਲੋਂ ਸਿੱਖ ਕੌਮ ਵਿੱਚ ਭਰਮ ਭੁਲੇਖੇ ਪੈਦਾ ਕਰਨ ਅਤੇ ਵੰਡੀਆਂ ਪਾਉਣ ਲਈ ਲਗਾਏ ਗਏ ਹਨ। ਉਨ੍ਹਾਂ ਆਮ ਆਦਮੀ ਪਾਰਟੀ ਸਮੇਤ ਦੂਜੀਆਂ ਰਾਜਸੀ ਪਾਰਟੀਆਂ ਨੂੰ ਪੰਜਾਬ ਵਿਰੋਧੀ ਕਰਾਰ ਦਿੰਦਿਆਂ ਲੋਕਾਂ ਨੂੰ ਅਜਿਹੀਆਂ ਪਾਰਟੀਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਹਲਕਾ ਪੱਛਮੀ ਦੀ ਜ਼ਿਮਨੀ ਚੋਣ ਪੰਜਾਬ ਦੀ ਸਿਆਸਤ ਨੂੰ ਮੋੜਾ ਦੇਵੇਗੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਭਾਈ ਰਜਿੰਦਰ ਸਿੰਘ ਮਹਿਤਾ, ਸ਼ਰਨਜੀਤ ਸਿੰਘ ਢਿੱਲੋਂ ਤੇ ਗੁਰਦੀਪ ਸਿੰਘ ਲੀਲ ਆਦਿ ਹਾਜ਼ਰ ਸਨ।

## ਮੁੜ ਅਕਾਲੀ ਦਲ ਬਾਦਲ ਵਿੱਚ ਸ਼ਾਮਲ ਹੋਏ ਸਾਬਕਾ ਕੈਬਨਿਟ ਮੰਤਰੀ ਮਲੂਕਾ



ਬਠਿੰਡਾ/ਏ.ਟੀ.ਨਿਊਜ਼: ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਪਿਛਲੇ ਦਿਨੀਂ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਵੱਲੋਂ ਮਲੂਕਾ ਨੂੰ ਅਨੁਸ਼ਾਸਨੀ ਕਮੇਟੀ ਦੇ ਮੁਖੀ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਠੀਕ ਇੱਕ ਸਾਲ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਮੁੜ ਪਾਰਟੀ ਵਿੱਚ ਸ਼ਾਮਲ ਕਰ ਲਿਆ।

ਇਸ ਦੌਰਾਨ, ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਲੂਕਾ ਨੇ ਕਿਹਾ, “ਮੈਂ ਪਾਰਟੀ ਛੱਡੀ ਨਹੀਂ ਸੀ, ਬਲਕਿ ਉਨ੍ਹਾਂ ਨੇ ਮੈਨੂੰ ਅਤੇ ਕੁਝ ਹੋਰਾਂ ਨੂੰ ਕੱਢ ਦਿੱਤਾ ਸੀ। ਹੁਣ ਮੈਂ ਆਪਣੀ ਪਾਰਟੀ ਵਿੱਚ ਵਾਪਸ ਆ ਗਿਆ ਹਾਂ। ਮੈਂ ਪਹਿਲਾਂ ਹੀ ਆਪਣੇ ਪੁੱਤਰ ਅਤੇ ਨੂੰਹ ਨੂੰ ਦੱਸ ਦਿੱਤਾ ਸੀ ਕਿ ਮੈਂ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸ ਜਾਵਾਂਗਾ ਅਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਸੀ। ਮੈਂ ਉਨ੍ਹਾਂ ਨਾਲ ਗੱਲ ਕੀਤੀ। ‘ਮੈਂ ਅਕਾਲੀ ਜੰਮਿਆ ਹਾਂ ਅਤੇ ਅਕਾਲੀ ਹੀ ਮਰਾਂਗਾ।”

ਇਹ ਪੁੱਛੇ ਜਾਣ ’ਤੇ ਕਿ ਕੀ ਉਨ੍ਹਾਂ ਦੇ ਪਰਿਵਾਰ ਦੇ ਹੋਰ ਮੈਂਬਰਾਂ ਦੇ ਵੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦੀ ਆਸ ਹੈ, ਮਲੂਕਾ ਨੇ ਕਿਹਾ, “ਮੈਂ ਨਾ ਤਾਂ ਉਨ੍ਹਾਂ ਨੂੰ ਪੁੱਛਿਆ ਹੈ ਤੇ ਨਾ ਹੀ ਉਨ੍ਹਾਂ ਨੇ ਕੋਈ ਇੱਛਾ ਜ਼ਾਹਿਰ ਕੀਤੀ ਹੈ।” ਇਹ ਪੁੱਛੇ ਜਾਣ ’ਤੇ ਕਿ ਕੀ ਕੋਈ ਹੋਰ ਬਾਗ਼ੀ ਆਗੂ ਵੀ ਸ਼੍ਰੋਮਣੀ ਅਕਾਲੀ ਦਲ ਵਿੱਚ ਮੁੜ ਤੋਂ ਸ਼ਾਮਲ ਹੋਣ ਲਈ ਤਿਆਰ ਹੈ, ਉਨ੍ਹਾਂ ਕਿਹਾ, “ਸਿਆਸਤ ਵਿੱਚ ਕੁਝ ਵੀ ਹੋ ਸਕਦਾ ਹੈ। ਮੈਂ ਵਾਪਸ ਆ ਗਿਆ ਹਾਂ ਅਤੇ ਹੋਰ ਵੀ ਵਾਪਸ ਆ ਸਕਦੇ ਹਨ। ਸਿਆਸਤ ਪਿਆਰ ਨਾਲ ਕੀਤੀ ਜਾਂਦੀ ਹੈ। ਮੈਂ ਪਾਰਟੀ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਮੰਗੀ ਹੈ।”ਬਾਦਲਾਂ ਦੇ ਨੇੜਲੇ ਸਹਿਯੋਗੀ ਰਹੇ ਮਲੂਕਾ 28 ਸਾਲਾਂ ਤੱਕ ਸ਼੍ਰੋਮਣੀ ਅਕਾਲੀ ਦਲ ਦੇ ਬਠਿੰਡਾ ਜ਼ਿਲ੍ਹਾ ਪ੍ਰਧਾਨ ਰਹੇ। ਉਨ੍ਹਾਂ ਦੀ ਨੂੰਹ ਪਰਮਪਾਲ ਕੌਰ ਸਿੱਧੂ ਜੋ ਕਿ ਇੱਕ ਸਾਬਕਾ ਆਈਏਐੱਸ ਅਧਿਕਾਰੀ ਹੈ, ਨੇ ਪਿਛਲੇ ਸਾਲ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਖ਼ਿਲਾਫ਼ ਭਾਜਪਾ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜੀ ਸੀ ਪਰ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਮਲੂਕਾ ਦੇ ਪੁੱਤਰ ਗੁਰਪ੍ਰੀਤ ਸਿੰਘ ਬਠਿੰਡਾ ਜ਼ਿਲ੍ਹਾ ਪਰਿਸ਼ਦ ਦੇ ਸਾਬਕਾ ਚੇਅਰਮੈਨ ਹਨ। ਉਸ ਸਮੇਂ ਮਲੂਕਾ ਨੇ ਕਿਹਾ ਸੀ ਕਿ ਉਨ੍ਹਾਂ ਨੇ ਆਪਣੇ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਅਤੇ ਨੂੰਹ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਸਫ਼ਲ ਨਹੀਂ ਹੋਏ।

ਪਿਛਲੇ ਸਾਲ ਅਪ੍ਰੈਲ ਵਿੱਚ ਉਨ੍ਹਾਂ ਨੂੰ ਅਕਾਲੀ ਦਲ ਦੇ ਮੌੜ ਵਿਧਾਨ ਸਭਾ ਖੇਤਰ ਦੇ ਇੰਚਾਰਜ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਪਾਰਟੀ ਨੇ ਉਨ੍ਹਾਂ ਦੀ ਜਗ੍ਹਾ ਇੱਕ ਹੋਰ ਸਾਬਕਾ ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ ਨਿਯੁਕਤ ਕਰ ਦਿੱਤਾ ਸੀ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲ ਮਤਭੇਦ ਹੋਣ ਮਗਰੋਂ ਮਲੂਕਾ ‘ਸੁਧਾਰ ਲਹਿਰ’ ਵਿੱਚ ਸ਼ਾਮਲ ਹੋ ਕੇ ਪਾਰਟੀ ਤੋਂ ਬਾਗੀ ਹੋ ਗਏ ਸਨ। ਪਿਛਲੇ ਸਾਲ ਦਸੰਬਰ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਹੁਕਮਾਂ ’ਤੇ ਸੁਧਾਰ ਲਹਿਰ ਨੂੰ ਭੰਗ ਕਰ ਦਿੱਤਾ ਗਿਆ ਸੀ।

### ਲੁਧਿਆਣਾ ਪੱਛਮੀ ਵਿਧਾਨ ਸਭਾ ਖੇਤਰ ’ਚ ਪਾਰਟੀ ਦੀ ਪ੍ਰਚਾਰ ਮੁਹਿੰਮ ’ਚ ਸ਼ਾਮਲ ਹੋਣਗੇ ਮਲੂਕਾ: ਸੁਖਬੀਰ ਬਾਦਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ‘ਐਕਸ’ ਉੱਤੇ ਪੋਸਟ ਪਾ ਕੇ ਕਿਹਾ, “ਮੈਨੂੰ ਸੀਨੀਅਰ ਅਕਾਲੀ ਆਗੂ ਸ੍ਰੀ ਸਿਕੰਦਰ ਸਿੰਘ ਮਲੂਕਾ ਦਾ ਸ਼੍ਰੋਮਣੀ ਅਕਾਲੀ ਦਲ ਵਿੱਚ ਮੁੜ ਤੋਂ ਸਵਾਗਤ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ। ਮਲੂਕਾ ਸਾਹਿਬ ਨੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਦਿੱਤਾ ਹੈ।” ਉਨ੍ਹਾਂ ਕਿਹਾ, “ਉਨ੍ਹਾਂ ਦੀ ਵਾਪਸੀ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਉਹ ਤੁਰੰਤ ਲੁਧਿਆਣਾ ਪੱਛਮੀ ਵਿਧਾਨ ਸਭਾ ਖੇਤਰ ਵਿੱਚ ਪਾਰਟੀ ਦੀ ਪ੍ਰਚਾਰ ਮੁਹਿੰਮ ਵਿੱਚ ਸ਼ਾਮਲ ਹੋਣਗੇ।

# ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ: ਜਥੇਦਾਰ ਗੜਗੱਜ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਦੀ ਕੌਮ ਨੂੰ ਵਧਾਈ ਦਿੰਦਿਆਂ ਆਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਇਸ ਲਈ ਕੀਤੀ ਕਿ ਰਾਜਨੀਤੀ ਧਰਮ ਦੇ ਮੁਤਾਬਕ ਹੋਵੇ, ਜਿਸ ਨਾਲ ਰੱਬ ਦੇ ਨਿਆਂ ਵਾਲੇ ਸਮਾਜ ਦੀ ਸਿਰਜਣਾ ਹੋਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਹੋਇਆ। ਜਥੇਦਾਰ ਗਿਆਨੀ ਗੜਗੱਜ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ, ਜਿਸ ਨੂੰ ਗੁਰੂ ਸਾਹਿਬ ਨੇ ਆਪ ਸਿਰਜਿਆ। ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਰਿਹਾ ਹੈ ਅਤੇ (**ਬਾਕੀ ਸਫ਼ਾ** 31 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਸੇਵਾ ਨਿਯਮ, ਨਿਯੁਕਤੀ ਤੇ ਸੇਵਾ ਮੁਕਤੀ ਨੂੰ ਲੈ ਕੇ ਸਬ ਕਮੇਟੀ ਗਠਤ ਕੀਤੀ ਜਾਵੇਗੀ: ਧਾਮੀ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਹੋਇਆ ਫ਼ੈਸਲਾ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੀ ਗਈ। ਪ੍ਰਧਾਨ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਸੇਵਾ ਨਿਯਮ, ਨਿਯੁਕਤੀ ਤੇ ਸੇਵਾ ਮੁਕਤੀ ਨੂੰ ਲੈ ਕੇ ਸਬ ਕਮੇਟੀ ਗਠਤ ਕੀਤੀ ਜਾਵੇਗੀ, ਜੋ ਇਸ ਸਬੰਧੀ ਆਪਣੀ ਰਾਏ ਸ਼੍ਰੋਮਣੀ ਕਮੇਟੀ ਨੂੰ ਦੇਵੇਗੀ।



ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਇਸ ਸ਼ਤਾਬਦੀ ਲਈ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਵਿੱਚ ਪੰਜ ਕਰੋੜ ਦਾ ਵਿਸ਼ੇਸ਼ ਬਜਟ ਵੀ ਰਾਖਵਾਂ ਰੱਖਿਆ ਗਿਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿੱਚ ਲਗਾਉਣ ਦੇ ਫੈਸਲੇ ਬਾਰੇ ਮੁੜ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਛੇ ਜੂਨ ਦੇ ਘੱਲੂਘਾਰਾ ਸਮਾਗਮ ਵਿੱਚ ਦਮਦਮੀ ਟਕਸਾਲ ਤੇ ਨਿਹੰਗ ਸਿੰਘ ਜਥੇਬੰਦੀਆਂ ਸਮੇਤ ਸਹਿਯੋਗ ਦੇਣ ਵਾਲੀਆਂ ਸਮੂਹ ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਗੁਰਮਤਿ ਸਮਾਗਮ, ਸ਼ਾਮ ਨੂੰ ਹੋਈ ਦੀਪਮਾਲਾ

ਅੰਮ੍ਰਿਤਸਰ/ਏ.ਟੀ.ਨਿਊਜ਼: ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੇ ਸੰਦੇਸ਼ ਵਿੱਚ ਸੰਗਤ ਨੂੰ ਗੁਰੂ ਦੇ ਸੰਦੇਸ਼ 'ਤੇ ਚੱਲਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਪ੍ਰਕਾਸ਼ ਪੁਰਬ ਸਬੰਧੀ ਅਖੰਡ ਪਾਠ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ 'ਤੇ ਪੂਰਨ ਭਰੋਸਾ ਰੱਖਣ ਦੀ ਅਪੀਲ ਕੀਤੀ ਅਤੇ ਪ੍ਰੇਰਨਾ ਕੀਤੀ ਕਿ ਸਿੱਖ ਕੌਮ ਸਿੱਖੀ ਦੇ ਮਹੱਤਵਪੂਰਨ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਿੱਖੀ ਦੀ ਚੜ੍ਹਦੀ ਕਲਾ ਲਈ ਇਕਜੁਟ ਹੋਵੇ। ਛੇਵੇਂ ਗੁਰੂ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁੰਦਰ ਸਜਾਵਟ ਕੀਤੀ ਗਈ ਸੀ। ਇਸ ਦੌਰਾਨ ਸ਼ਾਮ ਨੂੰ ਦੀਪਮਾਲਾ ਕੀਤੀ ਗਈ ਅਤੇ ਆਤਿਸ਼ਬਾਜ਼ੀ ਵੀ ਚਲਾਈ ਗਈ। ਇਸ ਦਿਨ ਸਵੇਰ ਤੋਂ ਹੀ ਕਾਫ਼ੀ ਗਿਣਤੀ ਵਿੱਚ ਸੰਗਤ ਇੱਥੇ ਨਤਮਸਤਕ ਹੋਣ ਲਈ ਆਈ ਹੋਈ ਸੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਗੁਰਮੀਤ ਸਿੰਘ ਬੂਹ, ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੈਨੇਜਰ ਨਰਿੰਦਰ ਸਿੰਘ, ਰਾਜਿੰਦਰ ਸਿੰਘ ਰੂਬੀ, ਮੀਤ ਮੈਨੇਜਰ ਗੁਰਿੰਦਰਪਾਲ ਸਿੰਘ ਕਾਦੀਆਂ ਆਦਿ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜਥਾ ਪਾਕਿਸਤਾਨ ਨਾ ਭੇਜਣ ਦਾ ਐਲਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 29 ਜੂਨ ਨੂੰ ਮਨਾਈ ਜਾ ਰਹੀ ਬਰਸੀ ਮੌਕੇ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਸ਼ਮੂਲੀਅਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਲਹਿੰਦੇ ਪੰਜਾਬ ਨਹੀਂ ਭੇਜਿਆ ਜਾਵੇਗਾ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸਿੱਖ ਸ਼ਰਧਾਲੂਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਲਈ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾਏ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ, ਪ੍ਰੰਤੂ ਇਸ ਵਾਰ ਦੋਹਾਂ ਦੇਸ਼ਾਂ ਵਿੱਚ ਬਣੇ ਤਨਾਅ ਵਾਲੇ ਮਾਹੌਲ ਅਤੇ ਭਾਰਤ ਸਰਕਾਰ ਵੱਲੋਂ ਯਾਤਰਾ ਸਬੰਧੀ ਲਾਈਆਂ ਪਾਬੰਦੀਆਂ ਤੇ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਸ਼੍ਰੋਮਣੀ ਕਮੇਟੀ ਨੇ ਇਸ ਵਾਰ ਇਹ ਜਥਾ ਨਾ ਭੇਜਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂ ਵਧੇਰੇ ਜਾਣਕਾਰੀ ਲਈ ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਵਿਖੇ ਸੰਪਰਕ ਕਰ ਸਕਦੇ ਹਨ।

# ਗਿਆਨੀ ਮਲਕੀਤ ਸਿੰਘ ਨੇ ਮਹਿਰੋਂ ਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ



ਅੰਮ੍ਰਿਤਸਰ/ਏ.ਟੀ.ਨਿਊਜ਼: ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਕਤਲ ਮਗਰੋਂ ਕੁਝ ਜਥੇਬੰਦੀਆਂ ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਹੱਕ 'ਚ ਨਜ਼ਰ ਆ ਰਹੀਆਂ ਹਨ। ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ ਹੈ।

ਇੱਕ ਬਿਆਨ ਵਿੱਚ ਉਹਨਾਂ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਜਿਹੇ ਲੋਕ ਨਾਂ ਬਦਲ ਕੇ ਸਿੱਖੀ ਵਾਲਾ ਨਾਂ ਰੱਖ ਲੈਂਦੇ ਹਨ ਤੇ ਬਾਅਦ ਵਿੱਚ ਅਸ਼ਲੀਲ ਕੰਟੈਂਟ ਸੋਸ਼ਲ ਮੀਡੀਆ 'ਤੇ ਪਾ ਕੇ ਸਿੱਖਾਂ ਨੂੰ ਬਦਨਾਮ ਕਰਦੇ ਹਨ। ਹੈੱਡ ਗ੍ਰੰਥੀ ਮਲਕੀਤ ਸਿੰਘ ਨੇ ਕਿਹਾ ਕਿ ਮਹਿਰੋਂ ਨੇ ਕੁਝ ਗ਼ਲਤ ਨਹੀਂ ਕੀਤਾ ਕਿਉਂਕਿ ਸਿੱਖੀ ਨੂੰ ਵੰਗਾਰਨ ਵਾਲੀਆਂ ਤਾਕਤਾਂ ਨਾਲ ਇਸ ਤਰ੍ਹਾਂ ਦਾ ਸਲੂਕ ਹੀ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਵੀ ਅਜਿਹਾ ਹੀ ਵਾਪਰਦਾ ਰਿਹਾ ਹੈ। ਹੈੱਡ ਗ੍ਰੰਥੀ ਨੇ ਅਪੀਲ ਕੀਤੀ ਕਿ ਨਾ ਕੇਵਲ ਸਿੱਖ ਬਲਕਿ ਹਰੇਕ ਧਰਮ ਜਾਂ ਫ਼ਿਰਕੇ ਦੇ ਨੌਜਵਾਨਾਂ ਨੂੰ ਅਜਿਹੀਆਂ ਅਸ਼ਲੀਲ ਵੀਡੀਓਜ਼ ਤੋਂ ਦੂਰ ਰਹਿਣਾ ਚਾਹੀਦਾ ਹੈ, ਕਿਉਂਕਿ ਇਹ ਲੋਕ ਆਪਣੇ ਵਪਾਰਕ ਹਿੱਤਾਂ ਲਈ ਲੋਕਾਂ ਦੇ ਧੀਆਂ ਪੁੱਤਾਂ ਨੂੰ ਵਿਗਾੜ ਰਹੇ ਹਨ।

## ਮਾਮਲਾ ਸਿੱਖ ਵਿਅਕਤੀ 'ਤੇ ਚੱਪਲ ਸੁੱਟਣ ਦਾ

# ਕੋਲਕਾਤਾ 'ਚ ਕੇਂਦਰੀ ਮੰਤਰੀ ਮਜੂਮਦਾਰ ਵਿਰੁੱਧ ਐਫ.ਆਈ.ਆਰ. ਦਰਜ

ਕੋਲਕਾਤਾ/ਏ.ਟੀ.ਨਿਊਜ਼: ਕੇਂਦਰੀ ਮੰਤਰੀ ਸੁਕਾਂਤਾ ਮਜੂਮਦਾਰ ਵਿਰੁੱਧ ਕੋਲਕਾਤਾ ਦੇ ਇੱਕ ਥਾਣੇ 'ਚ ਇੱਕ ਸਿੱਖ ਵਿਅਕਤੀ 'ਤੇ ਕਥਿਤ ਚੱਪਲ ਸੁੱਟਣ ਦੇ ਦੋਸ਼ 'ਚ ਐਫ਼.ਆਈ.ਆਰ. ਦਰਜ ਕੀਤੀ ਗਈ ਹੈ। ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਕਿ ਇਹ ਚੱਲ ਸਿੱਖ ਦੀ ਪੱਗ 'ਚ ਜਾ ਕੇ ਵੱਜੀ ਸੀ। ਹਾਲਾਂਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੋਸ਼ਾਂ ਨੂੰ ਖਾਰਜ ਕਰ ਦਿਤਾ ਅਤੇ ਕਿਹਾ ਕਿ ਇਹ ਸਿਰਫ਼ ਇੱਕ ਕਾਗਜ਼ ਸੀ ਜੋ ਵਿਰੋਧ ਪ੍ਰਦਰਸ਼ਨ 'ਚ ਵਰਤਿਆ ਗਿਆ ਸੀ।



ਦਖਣੀ ਕੋਲਕਾਤਾ ਦੇ ਕਾਲੀਘਾਟ ਥਾਣੇ 'ਚ 13 ਜੂਨ ਨੂੰ ਦਰਜ ਐਫ਼.ਆਈ.ਆਰ. 'ਚ ਦਾਅਵਾ ਕੀਤਾ ਗਿਆ ਹੈ ਕਿ 12 ਜੂਨ ਨੂੰ ਮਜੂਮਦਾਰ, ਜੋ ਪ੍ਰਦੇਸ਼ ਭਾਜਪਾ ਪ੍ਰਧਾਨ ਵੀ ਹਨ, ਨੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਰਿਹਾਇਸ਼ ਦੇ ਨੇੜੇ ਹਾਜਰਾ ਰੋਡ ਅਤੇ ਹਰੀਸ਼ ਚੈਟਰਜੀ ਸਟ੍ਰੀਟ ਦੇ ਕਰਾਸਿੰਗ 'ਤੇ ਇੱਕ ਜਨਤਕ ਸਥਾਨ 'ਤੇ ਚੱਪਲ ਵਗਾਹ ਕੇ ਮਾਰੀ ਸੀ। ਐਫ਼.ਆਈ.ਆਰ., ਜਿਸ ਦੀ ਇੱਕ ਕਾਪੀ ਤ੍ਰਿਣਮੂਲ ਕਾਂਗਰਸ ਨੇ ਅਪਣੇ 'ਐਕਸ' ਹੈਂਡਲ 'ਤੇ ਪੋਸਟ ਕੀਤੀ ਸੀ, 'ਚ ਕਿਹਾ ਗਿਆ ਹੈ ਕਿ ਸ਼ਿਕਾਇਤਕਰਤਾ, ਇੱਕ ਸਿੱਖ ਵਿਅਕਤੀ, ਨੇ ਦੋਸ਼ ਲਾਇਆ ਕਿ ਇਹ ਮਜੂਮਦਾਰ ਵੱਲੋਂ ਜਾਣਬੁਝ ਕੇ ਕੀਤਾ ਗਿਆ ਕੰਮ ਸੀ, ਜਿਸ ਨਾਲ "ਧਾਰਮਿਕ ਵਿਸ਼ਵਾਸ ਦਾ ਅਪਮਾਨ ਹੋਇਆ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਅਤੇ ਉਸ ਵਿਅਕਤੀ ਨੂੰ ਵੀ ਸੱਟ ਲੱਗੀ।" ਹਾਲਾਂਕਿ ਟੀ.ਐਮ.ਸੀ. ਦੇ ਐਕਸ ਹੈਂਡਲ ਪੋਸਟ 'ਤੇ ਪੋਸਟ ਕੀਤੀ ਐਫ਼.ਆਈ.ਆਰ. ਦੀ ਕਾਪੀ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।

ਇਹ ਐਫ਼.ਆਈ.ਆਰ. ਬੀ.ਐਨ.ਐਸ. ਦੀ ਧਾਰਾ 302 (ਵਿਅਕਤੀਆਂ ਨੂੰ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਕੀਤੀਆਂ ਗਈਆਂ ਕਾਰਵਾਈਆਂ ਤੋਂ ਬਚਾਉਣਾ) ਅਤੇ 115 (2) (ਸਵੈ-ਇੱਛਾ ਨਾਲ ਸੱਟ ਪਹੁੰਚਾਉਣਾ) ਤਹਿਤ ਦਰਜ ਕੀਤੀ ਗਈ ਸੀ। ਪਛਮੀ ਬੰਗਾਲ 'ਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਕਿ ਸਿੱਖ ਭਾਈਚਾਰੇ ਨੇ ਮਜੂਮਦਾਰ ਵਿਰੁਧ 'ਸਹੀ ਗੁੱਸੇ ਨਾਲ ਜਵਾਬ ਦਿੱਤਾ' ਹੈ। ਤ੍ਰਿਣਮੂਲ ਕਾਂਗਰਸ ਨੇ ਅਪਣੇ 'ਐਕਸ' ਹੈਂਡਲ ਪੋਸਟ 'ਚ ਕਿਹਾ ਕਿ ਉਨ੍ਹਾਂ ਨੇ ਤੁਰੰਤ ਅਤੇ ਬਿਨਾਂ ਸ਼ਰਤ ਮੁਆਫ਼ੀ ਮੰਗਣ ਦੀ ਮੰਗ ਕੀਤੀ ਹੈ ਅਤੇ ਚਿਤਾਵਨੀ ਦਿਤੀ ਹੈ ਕਿ ਜੇਕਰ ਉਨ੍ਹਾਂ ਦੀ ਆਵਾਜ਼ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਵਿਆਪਕ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਜੰਗਾਂ ਦਾ ਅਖਾੜਾ ਬਣਿਆ ਵਿਸ਼ਵ

ਇਰਾਨ ਅਤੇ ਇਜ਼ਰਾਇਲ ਵਿਚਾਲੇ ਜੰਗ ਸ਼ੁਰੂ ਹੋਣ ਕਾਰਨ ਸਾਡਾ ਸੰਸਾਰ ਜੰਗਾਂ ਦਾ ਅਖਾੜਾ ਬਣਦਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਹੀ ਰੂਸ ਤੇ ਯੂਕ੍ਰੇਨ ਅਤੇ ਇਜ਼ਰਾਇਲ ਤੇ ਫ਼ਲਸਤੀਨ/ਹਮਾਸ ਵਿਚਾਲੇ ਜੰਗਾਂ ਜਾਰੀ ਹਨ, ਜਿਨ੍ਹਾਂ ਦਾ ਕੋਈ ਨਤੀਜਾ ਨਹੀਂ ਨਿਕਲਿਆ। ਦੁਨੀਆ ਦੇ ਵੱਖ- ਵੱਖ ਹਿੱਸਿਆਂ ਵਿੱਚ ਵੱਖ- ਵੱਖ ਦੇਸ਼ਾਂ ਵਿਚਾਲੇ ਜੰਗਾਂ ਸ਼ੁਰੂ ਹੋਣ ਕਾਰਨ ਇਹ ਮਹਿਸੂਸ ਹੋ ਰਿਹਾ ਹੈ ਕਿ ਜੇ ਸਥਿਤੀ ਇਸੇ ਤਰ੍ਹਾਂ ਰਹੀ ਤਾਂ ਜਲਦੀ ਹੀ ਤੀਜੀ ਵਿਸ਼ਵ ਜੰਗ ਸ਼ੁਰੂ ਹੋ ਸਕਦੀ ਹੈ। ਉਂਝ ਵੀ ਕਿਹਾ ਜਾ ਰਿਹਾ ਹੈ ਕਿ ਤੀਜੀ ਵਿਸ਼ਵ ਜੰਗ ਇਸ ਸਮੇਂ ਕਿਸ਼ਤਾਂ ਵਿੱਚ ਲੜੀ ਜਾ ਰਹੀ ਹੈ।

ਤਾਜ਼ਾ ਰਿਪੋਰਟਾਂ ਅਨੁਸਾਰ ਅਮਰੀਕਾ ਵੀ ਇਰਾਨ-ਇਜ਼ਰਾਇਲ ਜੰਗ ਵਿੱਚ ਕੁੱਦ ਪਿਆ ਹੈ ਅਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਇਰਾਨ ਨੂੰ ਸਖ਼ਤ ਧਮਕੀ ਦੇ ਦਿੱਤੀ ਹੈ ਕਿ ਜਾਂ ਤਾਂ ਇਰਾਨ ਆਤਮ ਸਮਰਪਣ ਕਰੇ ਨਹੀਂ ਤਾਂ ਅਮਰੀਕਾ ਵੱਲੋਂ ਇਰਾਨ 'ਤੇ ਭਾਰੀ ਬੰਬਾਰੀ ਕੀਤੀ ਜਾਵੇਗੀ। ਅਮਰੀਕਾ ਦੀ ਇਸ ਧਮਕੀ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ ਕਿਉਂਕਿ ਅਮਰੀਕਾ ਇਸ ਤੋਂ ਪਹਿਲਾਂ ਇਰਾਨ ਦੇ ਗੁਆਂਢੀ ਮੁਲਕਾਂ ਇਰਾਕ ਅਤੇ ਅਫ਼ਗਾਨਿਸਤਾਨ ਵਿੱਚ ਭਾਰੀ ਤਬਾਹੀ ਮਚਾ ਕੇ ਸੱਤਾ ਪਰਿਵਰਤਨ ਕਰ ਚੁੱਕਿਆ ਹੈ ਅਤੇ ਇਸ ਸਮੇਂ ਇਰਾਕ ਵਿੱਚ ਅਮਰੀਕਾ ਦੀ ਕਠਪੁਤਲੀ ਸਰਕਾਰ ਰਾਜ ਕਰ ਰਹੀ ਹੈ।

ਅਮਰੀਕਾ ਨੂੰ ਵਿਸ਼ਵ ਦੀ ਮਹਾਂਸ਼ਕਤੀ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਅਮਰੀਕਾ ਦੁਨੀਆ ਦੇ ਕਿਸੇ ਵੀ ਇਲਾਕੇ ਵਿੱਚ ਕਿਸੇ ਵੀ ਸਮੇਂ ਕੁਝ ਵੀ ਕਰਵਾ ਸਕਦਾ ਹੈ। ਕਈ ਦੇਸ਼ਾਂ ਵਿੱਚ ਸੱਤਾ ਪਰਿਵਰਤਨ ਕਰਵਾਉਣ ਪਿੱਛੇ ਅਮਰੀਕਾ ਦਾ ਹੱਥ ਹੋਣ ਦੀਆਂ ਖ਼ਬਰਾਂ ਅਕਸਰ ਮੀਡੀਆ ਵਿੱਚ ਆਉਂਦੀਆਂ ਰਹਿੰਦੀਆਂ ਹਨ। ਜਦੋਂ ਤੋਂ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ, ਉਦੋਂ ਤੋਂ ਉਹਨਾਂ ਵੱਲੋਂ ਅਮਰੀਕਾ ਨੂੰ ਦੁਨੀਆ ਦਾ 'ਸਰਦਾਰ' ਬਣਾਉਣਾ ਚਾਹੁੰਦੇ ਹਨ ਭਾਵ ਉਹ ਚਾਹੁੰਦੇ ਹਨ ਕਿ ਅਮਰੀਕਾ ਦੀ ਪੂਰੀ ਦੁਨੀਆ 'ਤੇ ਚੌਧਰ ਚੱਲੇ। ਟਰੰਪ ਤਾਂ ਆਪਣੇ ਗੁਆਂਢੀ ਦੇਸ਼ ਕੈਨੇਡਾ ਨੂੰ ਵੀ ਅਮਰੀਕਾ ਦਾ ਹੀ ਇੱਕ ਸੂਬਾ ਬਣਾਉਣ ਬਾਰੇ ਕਈ ਵਾਰ ਬਿਆਨ ਦੇ ਚੁੱਕੇ ਹਨ। ਜਿਸ ਤੋਂ ਅਮਰੀਕਾ ਦੀਆਂ ਵਿਸਤਾਰਵਾਦੀ ਨੀਤੀਆਂ ਦਾ ਪਤਾ ਚੱਲ ਜਾਂਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਤਾਂ ਇੱਥੋਂ ਤਕ ਵੀ ਕਹਿ ਚੁੱਕੇ ਹਨ ਕਿ ਉਹ ਗ਼ਾਜ਼ਾ ਪੱਟੀ ਨੂੰ ਅਮਰੀਕਾ ਦੇ ਕੰਟਰੋਲ ਹੇਠ ਕਰਨਾ ਚਾਹੁੰਦੇ ਹਨ ਅਤੇ ਉਸ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨਾ ਚਾਹੁੰਦੇ ਹਨ।

ਇਹ ਤਾਂ ਸਭ ਨੂੰ ਪਤਾ ਹੈ ਕਿ ਅਮਰੀਕਾ ਵਿੱਚ ਹਥਿਆਰ ਬਣਾਉਣ ਦੇ ਵੱਡੇ ਕਾਰਖ਼ਾਨੇ ਹਨ। ਕੁਝ ਪੱਖੀ ਕੁੱਝ ਲੇਖਕ ਦੋਸ਼ ਲਗਾਉਂਦੇ ਹਨ ਕਿ ਇਹਨਾਂ ਕਾਰਖ਼ਾਨਿਆਂ ਵਿੱਚ ਬਣੇ ਹਥਿਆਰਾਂ ਨੂੰ ਵੇਚਣ ਲਈ ਅਮਰੀਕਾ ਵੱਲੋਂ ਅਕਸਰ ਦੁਨੀਆ ਦੇ ਵੱਖ- ਵੱਖ ਦੇਸ਼ਾਂ ਵਿਚਾਲੇ ਤਣਾਓ ਪੈਦਾ ਕਰਨ ਦੇ ਯਤਨ ਕੀਤੇ ਜਾਂਦੇ ਹਨ ਅਤੇ ਫਿਰ ਇਹਨਾਂ ਦੇਸ਼ਾਂ ਨੂੰ ਆਪਣੇ ਹਥਿਆਰ ਵੇਚੇ ਜਾਂਦੇ ਹਨ। ਕਈ ਦੇਸ਼ਾਂ ਵਿੱਚ ਹੁੰਦੀਆਂ ਬਗ਼ਾਵਤਾਂ ਅਤੇ ਰਾਜ ਪਲਟੇ ਨੂੰ ਵੀ ਅਮਰੀਕਾ ਵੱਲੋਂ ਸ਼ਹਿ ਦੇਣ ਦੀਆਂ ਖ਼ਬਰਾਂ ਮੀਡੀਆ ਵਿੱਚ ਆ ਚੁੱਕੀਆਂ ਹਨ। ਪਰ ਇਸ ਦੇ ਬਾਵਜੂਦ ਵੱਖ- ਵੱਖ ਦੇਸ਼ਾਂ ਵਿਚਾਲੇ ਜੰਗਾਂ ਲਈ ਅਮਰੀਕਾ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਸ ਦੁਨੀਆ ਵਿੱਚ ਇਜ਼ਰਾਇਲ ਵਰਗੇ ਕੁਝ ਦੇਸ਼ ਹਨ, ਜੋਕਿ ਪਰਮਾਣੂ ਹਥਿਆਰਾਂ ਦੇ ਦਮ 'ਤੇ ਹੋਰਨਾਂ ਦੇਸ਼ਾਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਸੇ ਕਾਰਨ ਇਹਨਾਂ ਦੇਸ਼ਾਂ ਦੀ ਦੂਜੇ ਦੇਸ਼ਾਂ ਨਾਲ ਜੰਗ ਹੋ ਜਾਂਦੀ ਹੈ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਵੱਖ- ਵੱਖ ਦੇਸ਼ਾਂ ਵਿਚਾਲੇ ਹੋ ਰਹੀਆਂ ਜੰਗਾਂ ਦੌਰਾਨ ਸੰਯੁਕਤ ਰਾਸ਼ਟਰ ਦੀ ਭੂਮਿਕਾ ਨਿਗੂਣੀ ਰਹਿੰਦੀ ਹੈ ਜਦੋਂ ਕਿ ਸੰਯੁਕਤ ਰਾਸ਼ਟਰ ਨੂੰ ਚਾਹੀਦਾ ਹੈ ਕਿ ਉਹ ਵੱਖ- ਵੱਖ ਦੇਸ਼ਾਂ ਵਿਚਾਲੇ ਹੋ ਰਹੀਆਂ ਜੰਗਾਂ ਨੂੰ ਰੋਕਣ ਲਈ ਵੱਡੇ ਉਪਰਾਲੇ ਕਰੇ ਅਤੇ ਸਾਰੇ ਦੇਸ਼ਾਂ ਨੂੰ ਸ਼ਾਂਤੀ ਦਾ ਸੰਦੇਸ਼ ਦੇਵੇ। ਭਾਵੇਂ ਕਿ ਸੰਯੁਕਤ ਰਾਸ਼ਟਰ ਵੱਲੋਂ ਇਹਨਾਂ ਜੰਗਾਂ ਨੂੰ ਖ਼ਤਮ ਕਰਨ ਲਈ ਕੁਝ ਯਤਨ ਕੀਤੇ ਵੀ ਜਾਂਦੇ ਹਨ ਪਰ ਇਹ ਯਤਨ ਨਾਕਾਫ਼ੀ ਹਨ, ਕਿਉਂਕਿ ਦੁਨੀਆਂ ਦੇ ਵੱਖ- ਵੱਖ ਦੇਸ਼ ਆਪੋ ਆਪਣੇ ਸਟੈਂਡ 'ਤੇ ਡਟੇ ਹੋਏ ਹਨ ਤੇ ਜੰਗ ਵਿਚੋਂ ਪਿੱਛੇ ਹਟਣ ਨੂੰ ਤਿਆਰ ਨਹੀਂ।

ਜੇ ਇਜ਼ਰਾਇਲ ਕੋਲ ਪਰਮਾਣੂ ਹਥਿਆਰ ਹਨ ਤਾਂ ਇਰਾਨ ਦਾ ਪਰਮਾਣੂ ਪ੍ਰੋਗਰਾਮ ਕਿਸੇ ਤੋਂ ਗੁੱਝਾ ਨਹੀਂ ਹੈ। ਇਰਾਨ ਬਾਰੇ ਵੀ ਕਿਹਾ ਜਾਂਦਾ ਹੈ ਕਿ ਇਹ ਦੇਸ਼ ਵੀ ਪਰਮਾਣੂ ਸਮਰੱਥਾ ਵਾਲਾ ਦੇਸ਼ ਹੈ ਅਤੇ ਕਿਸੇ ਵੀ ਦੇਸ਼ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਇਹੋ ਕਾਰਨ ਹੈ ਕਿ ਇਜ਼ਰਾਇਲ ਦੇ ਹਮਲੇ ਦਾ ਇਰਾਨ ਵੱਲੋਂ ਤੁਰੰਤ ਹੀ ਮੂੰਹ ਤੋੜ ਜਵਾਬ ਦਿੱਤਾ ਗਿਆ ਅਤੇ ਇਸ ਸਮੇਂ ਇਰਾਨ ਪੂਰੀ ਤਰ੍ਹਾਂ ਡਟ ਕੇ ਇਜ਼ਰਾਇਲ ਦਾ ਮੁਕਾਬਲਾ ਕਰ ਰਿਹਾ ਹੈ। ਜਿਸ ਕਾਰਨ ਇਜ਼ਰਾਇਲ ਅਤੇ ਇਰਾਨ ਵਿਚਾਲੇ ਜੰਗ ਹੋਰ ਤੇਜ਼ ਹੋਣ ਦੇ ਆਸਾਰ ਬਣ ਗਏ ਹਨ।

ਦੂਜੇ ਪਾਸੇ ਰੂਸ ਅਤੇ ਯੂਕ੍ਰੇਨ ਵਿਚਾਲੇ ਵੀ ਜੰਗ ਜਾਰੀ ਹੈ। ਅਸਲ ਵਿੱਚ ਇਹ ਜੰਗਾਂ ਦੋ ਦੇਸ਼ ਨਹੀਂ ਸਗੋਂ ਵਿਸ਼ਵ ਦੀਆਂ ਦੋ ਮਹਾਂ ਸ਼ਕਤੀਆਂ ਵਿਚਾਲੇ ਹੋ ਰਹੀਆਂ ਹਨ। ਇਹਨਾਂ ਜੰਗਾਂ ਕਾਰਨ ਵਿਸ਼ਵ ਦੇ ਸਾਰੇ ਦੇਸ਼ ਦੋ ਧੜਿਆਂ ਵਿੱਚ ਵੰਡੇ ਗਏ ਹਨ, ਜੋ ਕਿ ਵਿਸ਼ਵ ਸ਼ਾਂਤੀ ਲਈ ਠੀਕ ਨਹੀਂ। ਜਿੱਥੇ ਵੱਡੀ ਗਿਣਤੀ ਦੇਸ਼ ਅਮਰੀਕਾ ਦੇ ਸਮਰਥਨ ਵਿੱਚ ਹਨ ਉਥੇ ਰੂਸ ਦੇ ਹੱਕ ਵਿੱਚ ਖੜਨ ਵਾਲੇ ਦੇਸ਼ਾਂ ਦੀ ਗਿਣਤੀ ਵੀ ਬਹੁਤ ਹੈ। ਇਸ ਤਰ੍ਹਾਂ ਵਿਸ਼ਵ ਦੀਆਂ ਦੋ ਮਹਾਂ ਸ਼ਕਤੀਆਂ ਵੱਖ- ਵੱਖ ਦੇਸ਼ਾਂ ਰਾਹੀਂ ਆਪਸ ਵਿੱਚ ਹੀ ਲੁਕਵੀਂ ਜੰਗ ਲੜ ਰਹੀਆਂ ਹਨ।

ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਜੰਗ ਵਿੱਚ ਸਿਰਫ਼ ਤਬਾਹੀ ਹੁੰਦੀ ਹੈ। ਇਸ ਲਈ ਰੂਸ-ਯੂਕ੍ਰੇਨ, ਇਜ਼ਰਾਇਲ-ਫ਼ਲਸਤੀਨ/ਹਮਾਸ ਅਤੇ ਇਜ਼ਰਾਇਲ -ਇਰਾਨ ਵਿਚਾਲੇ ਹੋ ਰਹੀਆਂ ਜੰਗਾਂ ਨੂੰ ਰੋਕਣ ਲਈ ਆਲਮੀ ਭਾਈਚਾਰੇ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਵਿਸ਼ਵ ਵਿੱਚ ਸ਼ਾਂਤੀ ਦੀ ਸਥਾਪਨਾ ਲਈ ਯਤਨ ਕਰਨੇ ਚਾਹੀਦੇ ਹਨ।

# ਸਿੱਖ ਯਹੂਦੀਆਂ ਵਾਂਗ ਗਿਆਨ ਤੇ ਰਾਜਨੀਤਕ ਖੇਤਰ ਵਿੱਚ ਵਿਕਸਤ ਕਿਉਂ ਨਹੀਂ ਹੋ ਸਕੇ ?



ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916



ਸਿੱਖ ਅਤੇ ਯਹੂਦੀ, ਦੋ ਅਜਿਹੀਆਂ ਕੌਮਾਂ, ਜਿਹਨਾਂ ਇਤਿਹਾਸ ਦੀਆਂ ਭੱਠੀਆਂ, ਘੱਲੂਘਾਰਿਆਂ ਵਿੱਚੋਂ ਤਪ ਕੇ ਨਿਕਲੀਆਂ ਤੇ ਅੱਜ ਆਪਣੀਆਂ ਵਿਲੱਖਣ ਪਛਾਣਾਂ ਦੇ ਝੰਡੇ ਝੁਲਾਉਂਦੀਆਂ ਨਜ਼ਰ ਆਉਂਦੀਆਂ ਨੇ। ਯਹੂਦੀ, ਕੌਮ ਨੂੰ ਤੌਰਾਹ ਦੇ ਰੂਹਾਨੀ ਤੇ ਦਾਰਸ਼ਨਿਕ ਸ਼ਬਦਾਂ ਅਤੇ ਸਦੀਆਂ ਦੇ ਬੇਘਰੇ ਹੋਣ ਦੇ ਦੁਖਾਂਤ ਨੇ ਗਿਆਨ, ਵਿਗਿਆਨ ਤੇ ਸਿਆਸਤ ਰਾਹੀਂ ਬੁਲੰਦੀਆਂ 'ਤੇ ਪਹੁੰਚਾਇਆ, ਦੂਜੇ ਪਾਸੇ ਸਿੱਖ, ਜਿਹਨਾਂ ਦਾ ਗੁਰੂ ਨਾਨਕ ਸਾਹਿਬ ਦਾ ਸਰਬੱਤ ਦੇ ਭਲਾ ਤੇ ਗਿਆਨ ਤੇ ਵਿਦਿਆ ਦਾ ਪੈਗਾਮ ਸੰਸਾਰ ਦੇ ਕੋਨੇ ਕੋਨੇ ਵਿੱਚ ਗੂੰਜਦਾ ਹੈ, ਪਰ ਉਹ ਅਜੇ ਵੀ ਆਪਣੀ ਮੰਜ਼ਿਲ ਦੀ ਪ੍ਰਾਪਤੀ ਲਈ ਜੂਝਦੇ ਨਜ਼ਰ ਆਉਂਦੇ ਨੇ।

ਜਿਵੇਂ ਯਹੂਦੀਆਂ ਦੀ ਤੌਰਾਹ ਅਤੇ ਤਾਲਮੂਦ ਉਹਨਾਂ ਦੀ ਰੂਹ ਦੀ ਰੌਸ਼ਨੀ ਹੈ, ਤਿਵੇਂ ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਇਹਨਾਂ ਦੀਆਂ ਜੜ੍ਹਾਂ ਹਨ। ਤੌਰਾਹ ਦਾ ਵਿਚਾਰ ਯਹੂਦੀ ਪਰੰਪਰਾ ਵਿੱਚ ਸਮਾਜਿਕ ਨਿਆਂ, ਨੈਤਿਕਤਾ ਅਤੇ ਮਾਨਵਤਾ ਦੀ ਸੇਵਾ ਨਾਲ ਜੁੜਿਆ ਹੈ। ਇਸਦਾ ਮੂਲ ਰੱਬੀ ਸਾਹਿਤ ਅਤੇ ਕਬਾਲਾਹ (ਯਹੂਦੀ ਰਹੱਸਵਾਦ) ਵਿੱਚ ਮਿਲਦਾ ਹੈ, ਜਿੱਥੇ ਅਜਿਹਾ ਮੰਨਿਆ ਜਾਂਦਾ ਹੈ ਕਿ ਸੰਸਾਰ ਅਧੂਰਾ ਹੈ ਅਤੇ ਮਨੁੱਖਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਨੇਕੀ, ਦਇਆ ਅਤੇ ਨਿਆਂ ਦੇ ਕੰਮਾਂ ਰਾਹੀਂ ਇਸ ਨੂੰ ਸੁਧਾਰਨ। ਇਹ ਸੰਕਲਪ ਯਹੂਦੀਆਂ ਨੂੰ ਪ੍ਰੇਰਿਤ ਕਰਦਾ ਹੈ ਕਿ ਉਹ ਸੰਸਾਰ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਸਰਗਰਮੀ ਨਾਲ ਕੰਮ ਕਰਨ। ਤਾਲਮੂਦ ਯਹੂਦੀ ਧਰਮ ਦਾ ਇੱਕ ਮਹੱਤਵਪੂਰਨ ਧਾਰਮਿਕ ਅਤੇ ਕਾਨੂੰਨੀ ਗ੍ਰੰਥ ਹੈ, ਜੋ ਮੂਸਾ ਦੀ ਤੌਰਾਤ ਦੀ ਵਿਆਖਿਆ ਅਤੇ ਵਿਸਥਾਰ ਕਰਦਾ ਹੈ।

ਦੋਵੇਂ ਧਰਮ ਇੱਕ ਰੱਬ 'ਤੇ ਅਟੱਲ ਵਿਸ਼ਵਾਸ ਰੱਖਦੇ ਨੇ। ਜਿਵੇਂ ਯਹੂਦੀਆਂ ਦੇ ਕੋਸ਼ਰ ਨਿਯਮ ਉਹਨਾਂ ਨੂੰ ਅਨੁਸ਼ਾਸਿਤ ਜੀਵਨ ਵਲ ਤੋਰਦੇ ਨੇ, ਤਿਵੇਂ ਸਿੱਖਾਂ ਦੀ ਰਹਿਤ ਮਰਯਾਦਾ ਸਾਨੂੰ ਗੁਰਮਤਿ ਦੇ ਰਾਹ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦੀ ਧਾਰ 'ਤੇ ਚੱਲਣ ਦਾ ਸੁਨੇਹਾ ਦਿੰਦੀ ਹੈ। ਦੋਹਾਂ ਕੌਮਾਂ ਨੇ ਇਤਿਹਾਸ ਦੀਆਂ ਬੇਰਹਿਮ ਤੂਫ਼ਾਨੀ ਲਹਿਰਾਂ ਵਿੱਚੋਂ ਲੰਘਦਿਆਂ ਜ਼ੁਲਮ ਸਹੇ ਨੇ। ਦੂਜੇ ਵਿਸ਼ਵ ਯੁੱਧ (1939-1945) ਦੌਰਾਨ ਨਾਜ਼ੀ ਜਰਮਨੀ, ਅਡੋਲਫ਼ ਹਿਟਲਰ ਦੀ ਅਗਵਾਈ ਹੇਠ, 1941 ਤੋਂ 1945 ਤੱਕ ਯਹੂਦੀਆਂ ਦੇ ਯੋਜਨਾਬੱਧ ਨਸਲਕੁਸ਼ੀ ਨੂੰ ਅੰਜਾਮ ਦਿੱਤਾ, ਜਿਸ ਵਿੱਚ ਲਗਭਗ 60 ਲੱਖ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਹ ਅੱਤਿਆਚਾਰ 1933 ਵਿੱਚ ਨਾਜ਼ੀ ਸੱਤਾ ਵਿੱਚ ਆਉਣ ਨਾਲ ਸ਼ੁਰੂ ਹੋਏ ਅਤੇ 1945 ਵਿੱਚ ਨਾਜ਼ੀ ਜਰਮਨੀ ਦੀ ਹਾਰ ਨਾਲ ਖਤਮ ਹੋਏ।

ਜਦ ਕਿ ਸਿੱਖਾਂ ਖ਼ਾਲਸਾ ਰਾਜ ਬਾਅਦ 1849 ਤੋਂ 1947 ਤੱਕ ਆਪਣੇ ਰਾਜ ਲਈ ਸਟੇਟਲੈਸ ਲੋਕਾਂ ਵਾਂਗ ਸੰਘਰਸ਼ ਕਰਦੇ ਰਹੇ, ਜ਼ੁਲਮ ਸਹਿੰਦੇ ਰਹੇ। ਮੁਗਲ ਰਾਜ ਦੇ ਜ਼ੁਲਮਾਂ ਬਾਅਦ ਮਹਾਰਾਜਾ ਰਣਜੀਤ ਸਿੰਘ ਰਾਜ ਦੌਰਾਨ ਹੀ ਉਹ ਸੁੱਖ ਦਾ ਸਾਹ ਲੈ ਸਕੇ। 1984 ਦੇ ਸਿੱਖ ਘੱਲੂਘਾਰੇ ਅਤੇ ਉਸ ਤੋਂ ਬਾਅਦ ਦੀਆਂ ਸਰਕਾਰੀ ਜਬਰ-ਜੁਲਮ ਦੀਆਂ ਚੱਕੀਆਂ ਵਿੱਚ ਹਜ਼ਾਰਾਂ ਸਿੱਖਾਂ ਦੀ ਸ਼ਹੀਦੀ ਅਤੇ ਨਸਲਕੁਸ਼ੀ ਦੇਖੀ। ਦੋਵੇਂ ਕੌਮਾਂ ਸਿੱਖ ਤੇ ਯਹੂਦੀ ਆਪਣੀ ਪਛਾਣ ਨੂੰ ਸੰਭਾਲ ਕੇ ਅੱਗੇ ਵਧੀਆਂ।

ਯਹੂਦੀ ਸੱਭਿਆਚਾਰ, ਜਿਵੇਂ ਕੋਈ ਪੁਰਾਣਾ ਬੋਹੜ, 4000 ਸਾਲਾਂ ਦੀ ਛਾਂ ਹੇਠ ਖੜ੍ਹਾ ਹੈ, ਜਦਕਿ ਸਿੱਖੀ, 15ਵੀਂ ਸਦੀ ਵਿੱਚ ਗੁਰੂ ਨਾਨਕ ਸਾਹਿਬ ਦੀ ਜੋਤ ਨਾਲ ਜਗਮਗਾਈ। ਯਹੂਦੀਆਂ ਦਾ ਡਾਇਸਪੋਰਾ, ਸਦੀਆਂ ਤੋਂ ਸੰਸਾਰ ਵਿੱਚ ਖਿੰਡਿਆ ਹੋਇਆ ਹੈ, ਜਿਸ ਨੇ ਉਹਨਾਂ ਨੂੰ ਵਿਭਿੰਨ ਸੱਭਿਆਚਾਰਾਂ ਨਾਲ ਮੇਲ-ਜੋਲ ,ਸੰਪਰਕਾਂ ਤੇ ਵਿਕਸਤ ਹੋਣ ਦਾ ਮੌਕਾ ਦਿੱਤਾ। ਸਿੱਖ ਡਾਇਸਪੋਰਾ, ਹਾਲਾਂਕਿ ਹੁਣ ਫ਼ੈਲਦਾ ਜਾ ਰਿਹਾ ਹੈ, ਪਰ ਅਜੇ ਵੀ ਉਸਾਰੂ ਭੂਮਿਕਾ ਨਿਭਾਉਣ ਦੀ ਲੋੜ ਹੈ। ਯਹੂਦੀਆਂ ਨੇ ਸਿੱਖਿਆ ਨੂੰ ਆਪਣੀ ਸਭ ਤੋਂ ਵੱਡੀ ਜੰਗੀ ਤੋਪ ਬਣਾਇਆ। ਉਹਨਾਂ ਦੇ ਬੱਚੇ, ਜਿਵੇਂ ਤੌਰਾਹ ਦੀਆਂ ਸਤਰਾਂ 'ਤੇ ਚੱਲਦੇ, ਛੋਟੀ ਉਮਰ ਤੋਂ ਹੀ ਧਰਮ ਗਿਆਨ ਅਤੇ ਵਿਗਿਆਨ ਦੀ ਜੋਤ ਜਗਾਉਂਦੇ ਨੇ। ਇਸ ਸੰਤੁਲਨ ਨੇ ਨਾ ਸਿਰਫ਼ ਉਹਨਾਂ ਦੀ ਪਛਾਣ ਨੂੰ ਮਜ਼ਬੂਤ ਕੀਤਾ, ਸਗੋਂ ਸੰਸਾਰ ਦੀਆਂ ਮੋਹਰੀ ਯੂਨੀਵਰਸਿਟੀਆਂ (ਹਾਰਵਰਡ, ਸਟੈਨਫੋਰਡ) ਵਿੱਚ ਉਹ ਬਹੁਗਿਣਤੀ ਵਿੱਚ ਸਿਖਿਆ ਲੈ ਰਹੇ ਹਨ ਤੇ 22% ਨੋਬਲ ਪੁਰਸਕਾਰ ਜਿੱਤਣ ਦਾ ਸਿਹਰਾ ਵੀ ਉਹਨਾਂ ਦੇ ਸਿਰ ਬੱਝਿਆ ਹੈ।

ਸਿੱਖ, ਹਾਲਾਂਕਿ ਗੁਰਮਤਿ ਦੀ ਗਿਆਨ-ਜੋਤਿ ਨਾਲ ਸੰਪੰਨ ਨੇ, ਪਰ ਵਿਗਿਆਨ , ਮੈਡੀਕਲ, ਆਰਥਿਕ,ਦਾਰਸ਼ਨਿਕ ਅਤੇ ਤਕਨੀਕ ਦੇ ਖੇਤਰ ਵਿੱਚ ਅਜੇ ਵੀ ਪਛੜੇ ਜਾਪਦੇ ਨੇ। ਸਿੱਖਾਂ ਦੀ ਜਿਆਦਾਤਰ ਊਰਜਾ ਜ਼ੁਲਮਾਂ ਨਾਲ ਜੂਝਣ, ਸਿਆਸਤ ਅਤੇ ਧਾਰਮਿਕ ਪਛਾਣ ਸੰਭਾਲਣ ਵਿੱਚ ਖਰਚ ਹੋਈ ਹੈ। 1948 ਵਿੱਚ ਇਜ਼ਰਾਈਲ ਦੀ ਸਥਾਪਨਾ, ਯਹੂਦੀਆਂ ਲਈ ਨਾ ਸਿਰਫ਼ ਸਿਆਸੀ ਜਿੱਤ ਸੀ, ਸਗੋਂ ਉਹਨਾਂ ਦੀ ਸੱਭਿਆਚਾਰਕ ਅਤੇ ਦਾਰਸ਼ਨਿਕ ਤਾਕਤ ਦਾ ਪ੍ਰਤੀਕ ਸੀ। ਜ਼ਾਇਓਨਿਜ਼ਮ ਨੇ, ਸਾਰੇ ਯਹੂਦੀਆਂ ਨੂੰ ਇੱਕ ਸਾਂਝੇ ਸੁਪਨੇ ਲਈ ਜੋੜਿਆ। ਜ਼ਾਇਓਨਿਜ਼ਮ ਇੱਕ ਰਾਜਸੀ ਅਤੇ ਸੱਭਿਆਚਾਰਕ ਅੰਦੋਲਨ ਹੈ ਜੋ ਯਹੂਦੀ ਲੋਕਾਂ ਦੀ ਇਜ਼ਰਾਈਲ ਦੀ ਧਰਤੀ 'ਤੇ ਇੱਕ ਸੁਤੰਤਰ ਰਾਸ਼ਟਰੀ ਰਾਜ ਦੀ ਸਥਾਪਨਾ ਅਤੇ ਸਮਰਥਨ ਦੀ ਵਕਾਲਤ ਕਰਦਾ ਹੈ।

ਇਸ ਦੀ ਸ਼ੁਰੂਆਤ 19ਵੀਂ ਸਦੀ ਦੇ ਅਖੀਰ ਵਿੱਚ ਹੋਈ, ਮੁੱਖ ਤੌਰ 'ਤੇ ਥੀਓਡੋਰ ਹਰਜ਼ਲ ਦੀ ਅਗਵਾਈ ਵਿੱਚ, ਜਿਸ ਨੇ ਯਹੂਦੀਆਂ ਨੂੰ ਯੂਰਪ ਵਿੱਚ ਵਧਦੇ ਵਿਤਕਰੇ ਅਤੇ ਐਂਟੀ-ਸੈਮੀਟਿਜ਼ਮ (ਯਹੂਦੀ-ਵਿਰੋਧੀਵਾਦ) ਦੇ ਵਿਰੁੱਧ ਸੁਰੱਖਿਆ ਅਤੇ ਸਵੈ-ਨਿਰਣੇ ਦੇ ਅਧਿਕਾਰ ਲਈ ਇੱਕ ਰਾਸ਼ਟਰੀ ਘਰ ਦੀ ਲੋੜ 'ਤੇ ਜ਼ੋਰ ਦਿੱਤਾ।

ਸਿੱਖ ਪੰਥ ਨੇ ਵੀ 18ਵੀਂ ਸਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਖ਼ਾਲਸਾ ਰਾਜ ਦੀ ਜੋਤ ਜਗਾਈ ਸੀ, ਜਿਸ ਨਾਲ ਪੰਜਾਬ ਦੀ ਧਰਤੀ ਨਿਆਂ, ਅਮਨ ਤੇ ਮਨੁੱਖਤਾ ਦੇ ਹਿਤ ਵਿੱਚ ਸੋਨੇ ਵਾਂਗ ਚਮਕੀ। ਪਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਾਅਦ ਸੰਧੇਵਾਲੀਆਂ ਅਤੇ ਡੋਗਰਿਆਂ ਦੀ ਗੱਦਾਰੀ ਨੇ ਇਸ ਦੇਸ ਪੰਜਾਬ ਸਾਮਰਾਜ ਨੂੰ 1849 ਵਿੱਚ ਅੰਗਰੇਜ਼ਾਂ ਦੇ ਹੱਥੀਂ ਢੁਆ ਦਿੱਤਾ। 1984 ਦੀ ਸਿੱਖ ਲਹਿਰ ਨੇ, ਸਿੱਖਾਂ ਦੀ ਸਿਆਸੀ ਚੇਤਨਾ ਨੂੰ ਜਗਾਇਆ, ਪਰ ਯਹੂਦੀਆਂ ਵਾਂਗ ਵਿਸ਼ਵ ਪੱਧਰੀ ਸਿਆਸੀ ਪ੍ਰਭਾਵ ਸਥਾਪਤ ਕਰਨ ਵਿੱਚ ਸਿੱਖ ਅਜੇ ਪਛੜੇ ਹੋਏ ਨੇ।

ਯਹੂਦੀਆਂ ਨੇ ਸਿੱਖਿਆ ਨੂੰ, ਆਪਣੀ ਕੌਮ ਦੀ ਰੂਹ ਵਿੱਚ ਉਤਾਰਿਆ। ਉਹਨਾਂ ਦੀਆਂ ਸੰਸਥਾਵਾਂ, ਜਿਵੇਂ ਹੀਬਰੂ ਯੂਨੀਵਰਸਿਟੀ, ਸੰਸਾਰ ਦੇ ਗਿਆਨ ਦੇ ਸਮੁੰਦਰ ਵਿੱਚ ਮੋਤੀਆਂ ਵਾਂਗ ਚਮਕਦੀਆਂ ਨੇ। ਸਿੱਖ ਪੰਥ ਨੇ ਵੀ ਸਿੰਘ ਸਭਾ ਲਹਿਰ ਅਧੀਨ ਖ਼ਾਲਸਾ ਕਾਲਜ ਵਰਗੀਆਂ ਸੰਸਥਾਵਾਂ ਸਥਾਪਿਤ ਕੀਤੀਆਂ, ਪਰ ਇਹ ਸੰਸਥਾਵਾਂ ਸਥਾਨਕ ਰੌਸ਼ਨੀ ਤੱਕ ਹੀ ਸੀਮਤ ਰਹੀਆਂ, ਵਿਸ਼ਵ ਦੀਆਂ ਮੋਹਰੀ ਸੰਸਥਾਵਾਂ ਦੇ ਮੁਕਾਬਲੇ ਇਹ ਤੁਛ ਨੇ। ਇਹ ਸੰਸਥਾਵਾਂ ਆਰੀਅਨ,ਇਸਾਈ ,ਇਸਲਾਮੀ ਸੰਸਥਾਵਾਂ ਦਾ ਮੁਕਾਬਲਾ ਕਰਨ ਤੋਂ ਅਸਮਰਥ ਹਨ।

ਯਹੂਦੀਆਂ ਨੇ ਮੀਡੀਆ ਅਤੇ ਕਲਾ ਦੇ ਖੇਤਰ ਵਿੱਚ ਆਪਣੀ ਪਛਾਣ ਨੂੰ ਸੰਸਾਰ ਦੇ ਕੋਨੇ-ਕੋਨੇ 'ਤੇ ਫ਼ੈਲਾਇਆ। ਸਟੀਵਨ ਸਪੀਲਬਰਗ ਵਰਗੇ ਵਿਦਵਾਨਾਂ ਨੇ ਨਾ ਸਿਰਫ਼ ਯਹੂਦੀ ਸੱਭਿਆਚਾਰ ਨੂੰ ਉਜਾਗਰ ਕਰਦੇ ਨੇ, ਸਗੋਂ ਸੰਸਾਰਕ ਸੱਭਿਆਚਾਰ ਨੂੰ ਨਵੀਂ ਰਾਹ ਵਿਖਾਉਂਦੇ ਨੇ। ਸਟੀਵਨ ਸਪੀਲਬਰਗ ਇੱਕ ਮਸ਼ਹੂਰ ਅਮਰੀਕੀ ਫ਼ਿਲਮ ਨਿਰਦੇਸ਼ਕ, ਨਿਰਮਾਤਾ ਅਤੇ ਪਟਕਥਾ ਲੇਖਕ ਹਨ। ਉਹ ਹਾਲੀਵੁੱਡ ਦੇ ਸਭ ਤੋਂ ਪ੍ਰਭਾਵਸ਼ਾਲੀ ਅਤੇ ਸਫ਼ਲ ਫ਼ਿਲਮ ਨਿਰਮਾਤਾਵਾਂ ਵਿੱਚੋਂ ਇੱਕ ਹਨ। ਸਪੀਲਬਰਗ ਨੇ ਆਪਣੀਆਂ ਫ਼ਿਲਮਾਂ ਰਾਹੀਂ ਕਈ ਅਕਾਦਮੀ ਅਵਾਰਡ (ਆਸਕਰ) ਜਿੱਤੇ ਹਨ ਅਤੇ ਉਸ ਦਾ ਕੰਮ ਵਿਭਿੰਨ ਸ਼ੈਲੀਆਂ ਜਿਵੇਂ ਕਿ ਸਾਇੰਸ ਫ਼ਿਕਸ਼ਨ, ਸਾਹਸਿਕ, ਇਤਿਹਾਸਕ ਅਤੇ ਡਰਾਮਾ ਵਿੱਚ ਫ਼ੈਲਿਆ ਹੋਇਆ ਹੈ। ਉਸ ਦੀਆਂ ਫ਼ਿਲਮਾਂ ਆਮ ਤੌਰ 'ਤੇ ਭਾਵਨਾਤਮਕ ਡੂੰਘਾਈ, ਸ਼ਾਨਦਾਰ ਵਿਜ਼ੂਅਲਸ ਅਤੇ ਮਨੋਰੰਜਕ ਕਹਾਣੀਆਂ ਲਈ ਜਾਣੀਆਂ ਜਾਂਦੀਆਂ ਹਨ।

ਪਰ ਸਿੱਖਾਂ ਦੀ ਚੈਰਿਟੀ, ਸੇਵਾ, ਲੰਗਰ ਪ੍ਰਥਾ ਮਨੁੱਖਤਾ ਤੇ ਸਾਂਝੀਵਾਲਤਾ ਦੀ ਸੇਵਾ ਦਾ ਪ੍ਰਤੀਕ ਹੈ। ਸੁਨਾਮੀ, ਭੂਚਾਲ, ਜਾਂ ਮਹਾਮਾਰੀ ਦੀਆਂ ਆਫ਼ਤਾਂ ਵਿੱਚ, ਸਿੱਖ ਸੰਗਠਨ, ਗੁਰਦੁਆਰੇ ਮੁਫ਼ਤ ਭੋਜਨ ਅਤੇ ਸਹਾਇਤਾ ਨਾਲ ਮਨੁੱਖਤਾ ਦੀ ਸੇਵਾ ਕਰਦੇ ਨੇ। ਸਿੱਖ ਉਦਮੀ, ਜਿਵੇਂ ਤਰਜੀਤ ਸਿੰਘ ਗਰੇਵਾਲ ਅਤੇ ਮਲਵਿੰਦਰ ਸਿੰਘ, ਵਪਾਰ ਦੇ ਖੇਤਰ ਵਿੱਚ, ਨਾਮਣਾ ਖੱਟ ਰਹੇ ਨੇ। ਨਰਿੰਦਰ ਸਿੰਘ ਕਪਾਨੀ (1926-2020): ਫ਼ਾਈਬਰ ਆਪਟਿਕਸ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਆਪਟੀਕਲ ਫ਼ਾਈਬਰ ਤਕਨਾਲੋਜੀ ਦੀ ਖੋਜ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ, ਜੋ ਮੋਡਰਨ ਟੈਲੀਕਮਿਊਨੀਕੇਸ਼ਨ ਅਤੇ ਇੰਟਰਨੈੱਟ ਦਾ ਅਧਾਰ ਹੈ। ਵਿਸ਼ਵ ਬੈਂਕ ਦਾ ਮੌਜੂਦਾ ਪ੍ਰਧਾਨ (ਚੇਅਰਮੈਨ ਜਾਂ ਪ੍ਰੈਜ਼ੀਡੈਂਟ) ਅਜੇ ਸਿੰਘ ਬੰਗਾ ਹੈ, ਜਿਨ੍ਹਾਂ ਨੇ 2 ਜੂਨ 2023 ਨੂੰ ਇਹ ਅਹੁਦਾ ਸੰਭਾਲਿਆ।

ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਗਿਆਨ ਦੀ ਜੋਤ ਨੂੰ, ਆਪਣੇ ਦਿਲਾਂ ਵਿੱਚ ਜਗਾਉਣ ਜੋ ਸਤਿਗੁਰੂ ਨਾਨਕ ਸਾਹਿਬ ਦਾ ਨੈਰੇਟਿਵ ਹੈ। ਸਿੱਖਾਂ ਨੂੰ, ਯਹੂਦੀਆਂ ਦੀ ਹੀਬਰੂ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਸਥਾਪਤ ਕਰਨੀਆਂ ਚਾਹੀਦੀਆਂ ਨੇ। ਗੁਰਦੁਆਰੇ, ਸਿਰਫ਼ ਪ੍ਰਾਰਥਨਾ ਪੂਜਾ ਦੀ ਥਾਂ ਨਹੀਂ, ਸਗੋਂ ਗਿਆਨ ਦੇ ਸੋਮੇ ਵੀ ਹਨ। ਸਿੱਖ ਪੰਥ ਫ਼ਿਲਮਾਂ, ਵੈਬ ਸੀਰੀਜ਼ ਅਤੇ ਸੋਸ਼ਲ ਮੀਡੀਆ ਰਾਹੀਂ ਸਿੱਖ ਸੱਭਿਆਚਾਰ ਨੂੰ ਵਿਸ਼ਵ ਦੇ ਕੋਨੇ-ਕੋਨੇ 'ਤੇ ਪਹੁੰਚਾਏ। ਸਿੱਖ ਸੰਗਠਨਾਂ ਨੂੰ ਯਹੂਦੀਆਂ ਵਾਂਗ ਆਪਸੀ ਮੱਤਭੇਦਾਂ ਨੂੰ ਛੱਡ ਕੇ ਸਾਂਝੇ ਟੀਚੇ ਲਈ ਜੁੜਨਾ ਚਾਹੀਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਸੰਸਾਰਕ ਪੱਧਰ 'ਤੇ ਮਨੁੱਖੀ ਅਧਿਕਾਰਾਂ,ਨਸਲਵਾਦ ਵਿਰੁੱਧ ਮਨਾਈ ਜਾਣੀ ਚਾਹੀਦੀ।

ਪੰਜਾਬੀ, ਜਿਵੇਂ ਸਿੱਖੀ ਦੀ ਰੂਹ ਨੂੰ ਸੰਭਾਲਣ ਲਈ ਸਕੂਲ, ਔਨਲਾਈਨ ਪਲੇਟਫ਼ਾਰਮ ਅਤੇ ਘਰਾਂ ਵਿੱਚ ਇਸ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਸਿੱਖਾਂ ਨੇ ਨਰੇਟਿਵ ਵਾਰ ਤੋਂ ਸਿੱਖਣ ਦੀ ਲੋੜ ਹੈ ਕਿ ਉਹਨਾਂ ਨੇ ਸੰਸਾਰ ਵਿੱਚ ਲੋਕਾਂ ਦੇ ਦਿਲ ਕਿਵੇਂ ਜਿੱਤੇ। ਸਿੱਖ ਪੰਥ ਨੂੰ ਆਪਣੇ ਹੱਕਾਂ ਦੀ ਮੁਹਿੰਮ ਸੰਸਾਰਕ ਮੰਚ 'ਤੇ ਲਿਜਾਣ ਦੀ ਲੋੜ ਹੈ। ਸੋਸ਼ਲ ਮੀਡੀਆ, ਫ਼ਿਲਮਾਂ, ਅਤੇ ਸਾਹਿਤ, ਦੀ ਸਿੱਖਾਂ ਨੂੰ ਯੋਗ ਵਰਤੋਂ ਕਰਨੀ ਚਾਹੀਦੀ ਹੈ। ਯਹੂਦੀਆਂ ਦੀ ਤਰ੍ਹਾਂ, ਸਿੱਖਾਂ ਨੂੰ ਆਪਣੀਆਂ ਜੜ੍ਹਾਂ ਨੂੰ ਸੰਭਾਲਦਿਆਂ, ਆਧੁਨਿਕਤਾ ਦੀ ਹਵਾ ਵਿੱਚ ਉੱਡਣ ਦਾ ਹੁਨਰ ਸਿੱਖਣਾ ਹੋਵੇਗਾ। ਜਦੋਂ ਸਿੱਖ ਗੁਰਦੁਆਰਿਆਂ ਨੂੰ ਗਿਆਨ ਦੇ ਸੋਮੇ, ਪੰਜਾਬੀ ਨੂੰ ਰੂਹ ਦੀ ਬੋਲੀ ਅਤੇ ਸਿੱਖੀ ਨੂੰ ਸੰਸਾਰਕ ਮੰਚ ਦੀ ਸਾਂਝੀਵਾਲਤਾ ਦੀ ਜੋਤ ਬਣਾਉਣਗੇ, ਤਾਂ ਗੁਰੂ ਨਾਨਕ ਸਾਹਿਬ ਦਾ ਸੁਨੇਹਾ ਨਾਨਕ ਨਾਮ ਚੜ੍ਹਦੀ ਕਲਾ ਸੱਚਮੁੱਚ ਜਗਮਗਾਏਗਾ।

# ਟਰੰਪ ਬਨਾਮ ਮਸਕ ਵਿਵਾਦ: ਪੂੰਜੀਵਾਦੀਆਂ ਦਾ ਲੋਕਤੰਤਰ ਮਾਡਲ ਕੀ ਤਹਿਸ ਨਹਿਸ ਹੋਵੇਗਾ ?



ਅਭੈ ਕੁਮਾਰ ਦੂਬੇ



ਕੀ ਦੁਨੀਆ ਵਿੱਚ ਲੋਕਤੰਤਰ ਦੇ ਸਮਰਥਕ ਟਰੰਪ ਤੇ ਮਸਕ ਵਿਚਕਾਰ ਚੱਲ ਰਹੇ ਵਿਵਾਦ ਤੋਂ ਕੁਝ ਸਿੱਖ ਸਕਦੇ ਹਨ ? ਕੀ ਪੂੰਜੀਪਤੀਆਂ ਨੂੰ ਸਿੱਧੇ ਤੌਰ ’ਤੇ ਲੋਕਤੰਤਰਿਕ ਸ਼ਕਤੀ ਪ੍ਰਾਪਤ ਕਰਨ ਦੇਣੀ ਚਾਹੀਦੀ ਹੈ ? ਇਹ ਸੱਚ ਹੈ ਕਿ ਆਮ ਲੋਕਾਂ ਲਈ ਆਰਥਿਕ ਖ਼ੁਸ਼ਹਾਲੀ ਇੱਕ ਬਹੁਤ ਵੱਡਾ ਮੁੱਦਾ ਹੈ, ਪਰ ਕੀ ਜੇਕਰ ਕੋਈ ਪੂੰਜੀਪਤੀ ਲੋਕਾਂ ਨੂੰ ਆਰਥਿਕ ਖ਼ੁਸ਼ਹਾਲੀ ਪ੍ਰਦਾਨ ਕਰਨ ਦੇ ਬਦਲੇ ਵਿਚ ਉਨ੍ਹਾਂ ਦੇ ਲੋਕਤੰਤਰੀ ਅਧਿਕਾਰ ਖੋਹ ਲੈਂਦਾ ਹੈ, ਤਾਂ ਕੀ ਲੋਕਾਂ ਨੂੰ ਇਸ ’ਤੇ ਕੋਈ ਇਤਰਾਜ਼ ਨਹੀਂ ਹੋਵੇਗਾ ? ਕੀ ਜ਼ਿਆਦਾ ਤਨਖਾਹ ਪਾਉਣ ਵਾਲਾ ਇੱਕ ਸਿਪਾਹੀ ਵਧੇਰੇ ਦੇਸ਼ ਭਗਤ ਬਣ ਜਾਵੇਗਾ ਅਤੇ ਵਧੇਰੇ ਤੱਤਪਰਤਾ ਨਾਲ ਮੋਰਚੇ ’ਤੇ ਆਪਣੀ ਕੁਰਬਾਨੀ ਦੇਣ ਲਈ ਤਿਆਰ ਹੋ ਜਾਵੇਗਾ ? ਕੀ ਲੋਕਤੰਤਰ ਨੂੰ ਆਰਥਿਕ ਪ੍ਰਕਿਰਿਆਵਾਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ ? ਕੀ ਆਰਥਿਕ ਪ੍ਰਬੰਧਨ ਵਿੱਚ ਮਾਹਰ ਕਾਰਪੋਰੇਟ ਜਗਤ ਦੇ ਲੋਕ ਸਿਆਸਤਦਾਨਾਂ ਨਾਲੋਂ ਲੋਕਤੰਤਰ ਦੇ ਬਿਹਤਰ ਸੰਚਾਲਕ ਹੋ ਸਕਦੇ ਹਨ ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਟਰੰਪ-ਮਸਕ ਲੜੀ (ਐਪੀਸੋਡ) ਦੀ ਵਿਆਖਿਆ ਨਾਲ ਜੁੜੇ ਹੋਏ ਹਨ। ਇਹ ਸਵਾਲ ਭਾਰਤ ਦੇ ਲੋਕਤੰਤਰ ਦੇ ਸੰਦਰਭ ਵਿੱਚ ਵੀ ਓਨੇ ਹੀ ਮਹੱਤਵਪੂਰਨ ਹਨ।


ਸੰਸਦੀ ਲੋਕਤੰਤਰ ਦਾ ਅਸਲ ਆਦਰਸ਼ ਲੋਕਾਂ ਦੀ ਹਿੱਸੇਦਾਰੀ ਵਾਲੇ ਲੋਕਤੰਤਰ ਦੀ ਧਾਰਨਾ ਵਿੱਚ ਹੈ। ਪਰ ਇਸ ਭਾਗੀਦਾਰੀ ਵਾਲੇ ਲੋਕਤੰਤਰ ਨੂੰ ਅਜੇ ਤੱਕ ਕਿਤੇ ਵੀ ਹਾਸਿਲ ਨਹੀਂ ਕੀਤਾ ਜਾ ਸਕਿਆ। ਇਸੇ ਕਰਕੇ ਬਹੁਤ ਸਾਰੇ ਆਲੋਚਕ ਇਸ ਨੂੰ ‘ਬੁਰਜੂਆ’ ਜਾਂ ਪੂੰਜੀਵਾਦੀ ਲੋਕਤੰਤਰ ਵੀ ਕਹਿੰਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਅਜਿਹੇ ਲੋਕਤੰਤਰ ਵਿੱਚ ਉੱਪਰ ਤੋਂ ਵੇਖਣ ’ਤੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਸਰਕਾਰ ਕੰਮ ਕਰਦੀ ਹੋਈ ਵਿਖਾਈ ਦਿੰਦੀ ਹੈ, ਪਰ ਅਸਲ ਵਿੱਚ ਇਸ ਦੇ ਸੰਚਾਲਨ ਦੀ ਵਾਗਡੋਰ ਪਿਛੋਕੜ ਵਿੱਚ ਬੈਠੇ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਦੇ ਮੁਖੀਆਂ ਦੇ ਹੱਥਾਂ ਵਿੱਚ ਰਹਿੰਦੀ ਹੈ, ਕਿਉਂਕਿ ਕਾਰਪੋਰੇਟ ਲਾਬੀ ਸਾਹਮਣੇ ਤੋਂ ਸਰਕਾਰ ਚਲਾਉਂਦੀ ਹੋਈ ਵਿਖਾਈ ਨਹੀਂ ਦਿੰਦੀ, ਇਸ ਲਈ ਪੂੰਜੀਵਾਦੀ ਹੋਣ ਦੇ ਲਗਾਤਾਰ ਦੋਸ਼ਾਂ ਦੇ ਬਾਵਜੂਦ ਇਹ ਵਿਵਸਥਾ ‘ਲੋਕਾਂ ਦੀ, ਲੋਕਾਂ ਦੇ ਲਈ ਅਤੇ ਲੋਕਾਂ ਦੁਆਰਾ’ ਮੰਨ ਲਈ ਜਾਂਦੀ ਹੈ। ਕਰੋੜਪਤੀ ਤੇ ਅਰਬਪਤੀ ਸਟੇਜ ’ਤੇ ਖੜ੍ਹੇ ਹੋ ਕੇ ਜਨਤਾ ਤੋਂ ਵੋਟਾਂ ਨਹੀਂ ਮੰਗਦੇ ਅਤੇ ਨਾ ਹੀ ਉਹ ਸੰਵਿਧਾਨ ਦੀ ਸਹੁੰ ਚੁੱਕ ਕੇ ਸਰਕਾਰ ਚਲਾਉਂਦੇ ਹਨ। ਦਿਨ-ਰਾਤ ਰਾਜਨੀਤੀ ਕਰਨ ਵਾਲੇ ਨੇਤਾ ਆਪਣੀ ਸੰਗਠਨਾਤਮਕ ਪ੍ਰਤਿਭਾ ਤੇ ਲੋਕਾਂ ਨੂੰ ਆਕਰਸ਼ਿਤ ਕਰਨ ਦੀ ਯੋਗਤਾ ਕਾਰਨ ਚੋਣਾਂ ਜਿੱਤ ਕੇ ਸੱਤਾ ਪ੍ਰਾਪਤ ਕਰਦੇ ਹਨ। ਇਸੇ ਲਈ ਉਨ੍ਹਾਂ ਦਾ ਇਹ ਅਕਸ ਕੁਝ ਇਤਰਾਜ਼ਾਂ ਦੇ ਬਾਵਜੂਦ ਅੱਜ ਤੱਕ ਬਰਕਰਾਰ ਹੈ।

ਪਰ ਹੁਣ ਲੱਗਦਾ ਹੈ ਕਿ ਸੈਂਕੜੇ ਸਾਲਾਂ ਤੋਂ ਚੱਲ ਰਿਹਾ ਇਹ ਰੁਝਾਨ ਕਿਸੇ ਵੀ ਸਮੇਂ ਟੁੱਟ ਸਕਦਾ ਹੈ। ਲੋਕਤੰਤਰ ਦੇ ਸਾਹਮਣੇ ਇਹ ਸੰਭਾਵਨਾਵਾਂ ਅਮਰੀਕੀ ਲੋਕਤੰਤਰ ਵਿੱਚ ਹਾਲ ਹੀ ਵਿੱਚ ਹੋਏ ਵਿਵਾਦਾਂ ਕਾਰਨ ਪੈਦਾ ਹੋਈਆਂ ਹਨ। ਜੇਕਰ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਟੈਸਲਾ ਤੇ ਸਪੇਸਐਕਸ ਦੇ ਮਾਲਕ ਐਲਨ ਮਸਕ ਵਿਚਕਾਰ ਚੱਲ ਰਹੀ ਘਟੀਆ ਕਿਸਮ ਦੀ ਜਨਤਕ ਲੜਾਈ ਇਕ ਨੇਤਾ ਤੇ ਇੱਕ ਪੂੰਜੀਪਤੀ ਵਿਚਕਾਰ ਹੁੰਦੀ ਤਾਂ ਸ਼ਾਇਦ ਕੋਈ ਸਮੱਸਿਆ ਨਾ ਹੁੰਦੀ। ਪਰ ਇਹ ਲੜਾਈ ਦੋ ਅਰਬਪਤੀਆਂ ਵਿਚਕਾਰ ਵੀ ਹੈ। ਟਰੰਪ ਇੱਕ ਪ੍ਰੌੜ ਨੇਤਾ ਨਾ ਹੋ ਕੇ 5 ਅਰਬ ਡਾਲਰ ਦਾ ਮਾਲਕ ਹੈ, ਉਸ ਨੇ ਇਹ ਜਾਇਦਾਦ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਇਮਾਰਤ ਉਸਾਰੀ ਦੇ ਕਾਰੋਬਾਰ ਤੋਂ ਬਣਾਈ ਹੈ, ਜਦਕਿ ਮਸਕ ਨੂੰ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਹੋਣ ਦਾ ਮਾਣ ਪ੍ਰਾਪਤ ਹੈ। ਕੁਝ ਦਿਨ ਪਹਿਲਾਂ ਤੱਕ ਦੋਵੇਂ ਮਿਲ ਕੇ ਅਮਰੀਕੀ ਸੱਤਾ ’ਤੇ ਕਾਬਜ਼ ਸਨ, ਜੋ ਅੱਜ ਇੱਕ-ਦੂਜੇ ਦਾ ਕਾਲਰ ਫੜਨ ਲਈ ਕਾਹਲੇ ਪਏ ਹੋਏ ਹਨ।

ਦੁਨੀਆ ਭਰ ਦੇ ਸਿਆਸਤਦਾਨ ਤੇ ਪੂੰਜੀਪਤੀ ਇਸ ਜੋੜੀ ਨੂੰ ਉਦੋਂ ਤੋਂ ਹੀ ਵੇਖ ਰਹੇ ਹਨ ਜਦੋਂ ਤੋਂ ਇਨ੍ਹਾਂ ਨੇ ਇਕੱਠੇ ਕੰਮ ਕਰਨਾ ਸ਼ੁਰੂ ਕੀਤਾ ਸੀ। ਜਦੋਂ ਮਸਕ ਨੇ ਟਰੰਪ ਦਾ ਖੁੱਲ੍ਹ ਕੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਅਤੇ ਉਸ ਦੀ ਮੁਹਿੰਮ ਲਈ 250 ਮਿਲੀਅਨ ਡਾਲਰ (ਲਗਭਗ 2100 ਕਰੋੜ ਰੁਪਏ) ਦਾਨ ਦਿੱਤੇ ਤਾਂ ਇਹ ਸਪੱਸ਼ਟ ਹੋ ਗਿਆ ਸੀ ਕਿ ਜੇਕਰ ਟਰੰਪ ਦੂਜੀ ਵਾਰ ਚੋਣ ਜਿੱਤ ਗਏ, ਤਾਂ ਲੋਕਤੰਤਰ ਦੇ ਇਕ ਨਵੇਂ ਮਾਡਲ ਦਾ ਪ੍ਰਯੋਗ ਹੋਵੇਗਾ। ਜੇਕਰ ਇਹ ਪ੍ਰਯੋਗ ਸਫਲ ਰਿਹਾ ਤਾਂ ਪਹਿਲੀ ਵਾਰ ਇਹ ਸਾਬਤ ਹੋ ਜਾਵੇਗਾ ਕਿ ਸਿਆਸਤਦਾਨਾਂ ਰਾਹੀਂ ਸੱਤਾ ਦਾ ਫਾਇਦਾ ਉਠਾਉਣ ਵਾਲਾ ਪੂੰਜੀ ਦਾ ਮਾਲਕ ਜੇਕਰ ਚਾਹੇਗਾ ਤਾਂ ਉਹ ਖੁਦ ਸ਼ਕਤੀ ਦਾ ਸਿੱਧਾ ਮਾਲਕ ਵੀ ਬਣ ਸਕਦਾ ਹੈ। ਭਾਵੇਂ ਇਕੱਲੇ ਨਾ ਸਹੀ, ਪਰ ਵੱਡੀਆਂ ਉਮੀਦਾਂ ਰੱਖਣ ਵਾਲੇ 2-3 ਪੂੰਜੀਪਤੀ ਲੋਕਤੰਤਰੀ ਤਰੀਕਿਆਂ ਦੀ ਵਰਤੋਂ ਕਰਕੇ ਯੋਜਨਾਬੱਧ ਤਰੀਕੇ ਨਾਲ ਮੁਹਿੰਮ ਚਲਾ ਕੇ ਕੁਰਸੀ ਹਾਸਿਲ ਕਰ ਸਕਦੇ ਹਨ। ਓ.ਟੀ.ਟੀ. ’ਤੇ ਦਿਖਾਈ ਜਾਣ ਵਾਲੀ ਪ੍ਰਸਿੱਧ ਅਮਰੀਕੀ ਲੜੀ ‘ਬਿਲੀਅਨਜ਼’ ਦੇ ਦਰਸ਼ਕ ਉਸ ਪਾਤਰ ਨੂੰ ਯਾਦ ਰੱਖਣਗੇ, ਜੋ ਆਪਣੀ ਦੌਲਤ ਦੇ ਜ਼ੋਰ ’ਤੇ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਦਾ-ਬਣਦਾ ਰਹਿ ਗਿਆ ਸੀ। ਜੋ ਉਹ ਕਾਲਪਨਿਕ ਪਾਤਰ ਨਹੀਂ ਕਰ ਸਕਿਆ, ਉਹ ਟਰੰਪ ਤੇ ਮਸਕ ਦੀ ਜੋੜੀ ਨੇ ਮਿਲ ਕੇ ਕਰ ਦਿਖਾਇਆ ਹੈ। ਇਸੇ ਲਈ ਉਨ੍ਹਾਂ ਦੇ ਇਸ ਝਗੜੇ ਤੋਂ ਦੁਨੀਆ ਦੇ ਵੱਡੇ ਕਾਰਪੋਰੇਟ ਮੁਖੀ ਚਿੰਤਤ ਹਨ। ਸ਼ਾਇਦ ਉਹ ਲੋਕਤੰਤਰ ਦੇ ਇਸ ਮਾਡਲ ਨੂੰ ਇੰਨੀ ਜਲਦੀ ਖ਼ਤਮ ਹੁੰਦਾ ਹੋਇਆ ਨਹੀਂ ਦੇਖਣਾ ਚਾਹੁੰਦੇ ਹਨ। ਰੂਸ ਦੇ ਇੱਕ ਬਹੁਤ ਵੱਡੇ ਅਮੀਰ ਨੇ ਪੇਸ਼ਕਸ਼ ਕੀਤੀ ਹੈ ਕਿ ਉਹ ਦੋਹਾਂ ਵਿਚਾਲੇ ਸੁਲ੍ਹਾ ਕਰਵਾਉਣ ਲਈ ਤਿਆਰ ਹੈ। ਅਜਿਹੇ ਵਿਸ਼ਲੇਸ਼ਣ ਸਾਹਮਣੇ ਆਉਣ ਲੱਗੇ ਹਨ ਕਿ ਟਰੰਪ ਤੇ ਮਸਕ ਵਿਚਕਾਰ ਜਲਦੀ ਦੁਬਾਰਾ ਦੋਸਤੀ ਹੋ ਸਕਦੀ ਹੈ।

ਹਾਲਾਂਕਿ ਇਹ ਮਾਮਲਾ ਇੰਨਾ ਸੌਖਾ ਨਹੀਂ ਹੈ। ਟਰੰਪ-ਮਸਕ ਮਾਡਲ ਦੇ ਪਿੱਛੇ ਲੋਕਤੰਤਰੀ ਪ੍ਰਣਾਲੀ ਦੀ ਇੱਕ ਖ਼ਾਸ ਕਿਸਮ ਦੀ ਸਮਝ ਕੰਮ ਕਰ ਰਹੀ ਹੈ। ਇਹ ਮਾਡਲ ਲੋਕਤੰਤਰੀ ਪ੍ਰਕਿਰਿਆਵਾਂ ਦੇ ਤਹਿਤ ਪ੍ਰਫੁੱਲਤ ਹੋਣ ਵਾਲੀ ਸਮਾਜਿਕ ਤੇ ਵਿਅਕਤੀਗਤ ਹੋਂਦ ਦੇ ਇੱਕ ਆਰਥਿਕ ਪ੍ਰਕਿਰਿਆ ਵਿੱਚ ਵਾਪਰਨ ’ਤੇ ਅਧਾਰਿਤ ਹੈ। ਟਰੰਪ ਦਾ ਮੰਨਣਾ ਹੈ ਕਿ ਜੇਕਰ ਉਹ ਡਾਲਰ ਬਚਾਅ ਕੇ ਅਮਰੀਕੀ ਟੈਕਸਦਾਤਾਵਾਂ ਦੁਆਰਾ ਕੀਤੇ ਜਾਂਦੇ ਟੈਕਸ ਭੁਗਤਾਨ ਦੇ ਇੱਕ ਵੱਡੇ ਹਿੱਸੇ ਨੂੰ ਵਾਪਸ ਕਰਨ ਦੇ ਯੋਗ ਹੋ ਜਾਂਦੇ ਹਨ ਅਤੇ ਅੰਤ ਵਿੱਚ ਇਸ ਪ੍ਰਕਿਰਿਆ ਨੂੰ ਇਸ ਦੇ ਸਿਖਰ ’ਤੇ ਪਹੁੰਚਾ ਕੇ ਅਮਰੀਕਾ ਤੋਂ ਆਮਦਨ ਟੈਕਸਾਂ ਨੂੰ ਖ਼ਤਮ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ ਤਾਂ ਨਾ ਸਿਰਫ਼ ਅਮਰੀਕਾ ਦੁਬਾਰਾ ਤੋਂ ‘ਗ੍ਰੇਟ’ ਬਣ ਜਾਵੇਗਾ, ਸਗੋਂ ਉਹ ਖ਼ੁਦ ਵੀ ਹਮੇਸ਼ਾ ਲਈ ਵੋਟਰਾਂ ਦਾ ਪਸੰਦੀਦਾ ਆਗੂ ਬਣ ਜਾਵੇਗਾ। ਉਸ ਸਥਿਤੀ ਵਿੱਚ ਜੇਕਰ ਉਹ ਆਪਣੇ-ਆਪ ਨੂੰ ਅਮਰੀਕਾ ਦਾ ‘ਲੋਕਤੰਤਰੀ ਸਮਰਾਟ’ ਵੀ ਐਲਾਨ ਕਰ ਦੇਵੇ ਤਾਂ ਲੋਕ ਉਸ ਨੂੰ ਖ਼ੁਸ਼ੀ ਨਾਲ ਸਵੀਕਾਰ ਕਰ ਲੈਣਗੇ। ਉਹ ਮਸਕ ਨੂੰ ਆਪਣੇ ਇਸ ਟੀਚੇ ਦੀ ਇੱਛਾ ਪੂਰਤੀ ਲਈ ਇੱਕ ਸਮਰੱਥ ਸਾਧਨ/ਔਜ਼ਾਰ ਦੀ ਤਰ੍ਹਾਂ ਦੇਖਦੇ ਹਨ। ਪਰ ਮਸਕ ਦੇ ਅੰਦਰ ਵੀ ਰਾਸ਼ਟਰਪਤੀ ਬਣਨ ਦੀ ਤਿੱਖੀ ਲਾਲਸਾ ਛੁਪੀ ਹੋਈ ਹੈ। ਉਹ ਆਪਣੇ ਪੈਸੇ ਨਾਲ ਸਪੇਸ-ਰੋਬੋਟਿਕਸ-ਸੰਚਾਰ ਤਕਨਾਲੋਜੀ ਨਾਲ ਜੋੜ ਕੇ ਤਿਆਰ ਕੀਤੇ ਗਏ ਫਾਰਮੂਲੇ ਦੇ ਆਧਾਰ ’ਤੇ ਲੋਕਾਂ ਦੇ ਦਿਲ ਜਿੱਤਣਾ ਚਾਹੁੰਦਾ ਹੈ। ਉਸ ਨੂੰ ਆਪਣੀ ਵੱਖਰੀ ਪਾਰਟੀ ਬਣਾ ਕੇ ਰਾਜਨੀਤਿਕ ਦਾਅਵੇਦਾਰੀ ਪੇਸ਼ ਕਰਨ ਤੋਂ ਵੀ ਕੋਈ ਝਿਜਕ ਨਹੀਂ ਹੈ। ਇਸ ਤੋਂ ਵੀ ਅੱਗੇ ਜਾ ਕੇ ਉਹ ਇੱਕ ਨਵੀਂ ਕਿਸਮ ਦੀ ਦੁਨੀਆ ਬਣਾਉਣਾ ਚਾਹੁੰਦਾ ਹੈ। ਉਸ ਨੇ ਵੱਖ-ਵੱਖ ਨਸਲਾਂ ਦੀਆਂ ਕਈ ਔਰਤਾਂ ਤੋਂ ਬੱਚੇ ਪੈਦਾ ਕਰਕੇ ਇਸ ਦੀ ਸ਼ੁਰੂਆਤ ਪਹਿਲਾਂ ਹੀ ਕਰ ਦਿੱਤੀ ਹੈ। ਕੀ ਅਮਰੀਕਾ ਦੇ ਇਸ ਘਟਨਾਕ੍ਰਮ ਦਾ ਭਾਰਤ ’ਤੇ ਵੀ ਕੋਈ ਪ੍ਰਭਾਵ ਪਵੇਗਾ ? ਇਸ ’ਚ ਕੋਈ ਸ਼ੱਕ ਨਹੀਂ ਕਿ ਭਾਰਤ ਦਾ ਪੂੰਜੀਪਤੀ ਵਰਗ ਅਮਰੀਕਾ ਤੋਂ ਵੱਖਰਾ ਹੈ, ਉਹ ਅੱਜ ਵੀ ਪਿੱਛੇ ਰਹਿ ਕੇ ਸਰਕਾਰੀ ਨੀਤੀਆਂ ਦਾ ਫਾਇਦਾ ਉਠਾਉਣ ਵਿੱਚ ਵਿਸ਼ਵਾਸ ਰੱਖਦਾ ਹੈ। ਇਸੇ ਲਈ ਸ਼ਾਇਦ ਅੱਜ ਤੱਕ ਕਦੇ ਵੀ ਕਿਸੇ ਪੂੰਜੀਵਾਦੀ ਨੂੰ ਸਰਬਉੱਚ ਨੇਤਾ ਜਾਂ ਸੱਤਾਧਾਰੀ ਪਾਰਟੀ ਦੇ ਵਿਰੁੱਧ ਬੋਲਦਾ ਹੋਇਆ ਨਹੀਂ ਦੇਖਿਆ ਗਿਆ। ਭਾਰਤ ਦੇ ਕਾਰਪੋਰੇਟ ਘਰਾਣਿਆਂ ਦੇ ਚੋਟੀ ਦੇ ਆਦਮੀਆਂ ਦੀਆਂ ਰਾਜਨੀਤਿਕ ਇੱਛਾਵਾਂ ਵੱਧ ਤੋਂ ਵੱਧ ਰਾਜ ਸਭਾ ਦੀ ਮੈਂਬਰਸ਼ਿਪ ਪ੍ਰਾਪਤ ਕਰਨ ਤੱਕ ਹੀ ਸੀਮਤ ਰਹੀਆਂ ਹਨ। ਪਰ ਟਰੰਪ-ਮਸਕ ਦੇ ਇਸ ਮਾਡਲ ਦੀ ਸਫਲਤਾ ਜਾਂ ਅਸਫਲਤਾ ਦਾ ਅਸਰ ਭਾਵੇਂ ਭਾਰਤ ’ਤੇ ਨਾ ਪਵੇ, ਪਰ ਇਹ ਯੂਰਪ ਤੇ ਦੁਨੀਆ ਦੇ ਹੋਰ ਹਿੱਸਿਆਂ ਦੇ ਇੱਛਾਵਾਨ ਪੂੰਜੀਪਤੀਆਂ ਦੇ ਲਈ ਇਹ ਇੱਕ ਨਮੂਨੇ ਦੀ ਪੱਟੀ (ਟੈਂਪਲੇਟ) ਜ਼ਰੂਰ ਪ੍ਰਦਾਨ ਕਰਵਾਉਂਦਾ ਹੈ। ਇਹ ਰਾਜਨੀਤੀ ਨੂੰ ਅਸਿੱਧੇ ਤੌਰ ’ਤੇ ਕੰਟਰੋਲ ਕਰਨ ਦੀ ਬਜਾਏ ਇਸ ਨੂੰ ਹਾਸਿਲ ਕਰਨ ਦਾ ਇੱਕ ਮਾਡਲ ਹੈ। ਭਾਵੇਂ ਟਰੰਪ ਤੇ ਮਸਕ ਵਿਚਕਾਰ ਝਗੜੇ ਕਾਰਨ ਉਨ੍ਹਾਂ ਦਾ ਇਹ ਮਾਡਲ ਕੁਝ ਸਮੇਂ ਲਈ ਟੁੱਟ ਜਾਵੇ, ਪਰ ਦੁਨੀਆ ਦੇ ਕਿਸੇ ਹੋਰ ਕੋਨੇ ਵਿੱਚ ਇਸ ਦੇ ਦੁਬਾਰਾ ਪ੍ਰਯੋਗ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਅੰਦਰੂਨੀ ਅਤੇ ਬਾਹਰੀ ਜੰਗ ਲੜ ਰਹੇ ਹਨ ਟਰੰਪ



ਸ਼ਿਵਕਾਂਤ ਸ਼ਰਮਾ
(ਲੇਖਕ ਬੀ.ਬੀ.ਸੀ. ਹਿੰਦੀ ਦਾ ਸੰਪਾਦਕ ਰਿਹਾ ਹੈ)।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਨੂੰ ‘ਮਾਗਾ ਯਾਨੀ ਫ਼ਿਰ ਤੋਂ ਮਹਾਨ’ ਬਣਾਉਣ ਲਈ ਦੋ ਮੋਰਚੇ ਖੋਲ੍ਹੇ ਹੋਏ ਹਨ। ਬਾਹਰਲੇ ਮੁਹਾਜ਼ ’ਤੇ ਉਹ ਅਮਰੀਕਾ ਦੇ ਦੋਸਤਾਂ ਅਤੇ ਦੁਸ਼ਮਣਾਂ ਨਾਲ ਟੈਰਿਫ਼ ਜੰਗ ਲੜ ਰਹੇ ਹਨ। ਅੰਦਰੂਨੀ ਮੁਹਾਜ਼ ’ਤੇ ਆਪਣੀਆਂ ਵਿੱਦਿਅਕ ਅਤੇ ਪ੍ਰਸ਼ਾਸਕੀ ਸੰਸਥਾਵਾਂ ਨੂੰ ਵੋਕ ਜਾਂ ਖੱਬੇ-ਪੱਖੀ ਵਿਚਾਰਧਾਰਾ ਦੇ ਸ਼ਿਕੰਜੇ ਤੋਂ ਮੁਕਤ ਕਰਵਾਉਣ ਦੀ ਜੰਗ ਲੜ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਟੈਰਿਫ਼ ਜੰਗ ਤੋਂ ਬਿਨਾਂ ਨਿਰੰਤਰ ਬੇਕਾਬੂ ਹੋ ਰਹੇ ਵਪਾਰ ਘਾਟੇ ਨੂੰ ਘੱਟ ਅਤੇ ਨਿਰਮਾਣ ਉਦਯੋਗ ਨੂੰ ਬਹਾਲ ਨਹੀਂ ਕੀਤਾ ਜਾ ਸਕਦਾ।

ਇਸੇ ਤਰ੍ਹਾਂ ਸੰਸਥਾਵਾਂ ਨੂੰ ਵੋਕ ਵਿਚਾਰਧਾਰਾ ਤੋਂ ਮੁਕਤ ਕਰਵਾਏ ਬਿਨਾਂ ਦੱਖਣਪੰਥੀ ਵਿਚਾਰਧਾਰਾ ਨੂੰ ਉੱਥੇ ਜਗ੍ਹਾ ਨਹੀਂ ਮਿਲ ਸਕਦੀ। ਮਹਾ-ਸ਼ਕਤੀ ਹੋਣ ਦੇ ਬਾਵਜੂਦ ਜੰਗ ਦੇ ਮੁਹਾਜ਼ਾਂ ’ਤੇ ਅਮਰੀਕਾ ਦਾ ਰਿਕਾਰਡ ਉਤਸ਼ਾਹਜਨਕ ਨਹੀਂ ਰਿਹਾ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਉਹ ਵੀਅਤਨਾਮ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਕਿਸੇ ਜੰਗ ਵਿੱਚ ਸਪਸ਼ਟ ਜਿੱਤ ਨਹੀਂ ਹਾਸਲ ਕਰ ਸਕਿਆ। ਇਸ ਲਈ ਅਮਰੀਕਾ ਦੇ ਜ਼ਿਆਦਾਤਰ ਲੋਕ ਇਨ੍ਹਾਂ ਦੋਵਾਂ ਮੁਹਾਜ਼ਾਂ ’ਤੇ ਅਮਰੀਕਾ ਦੇ ਸੰਭਾਵੀ ਨੁਕਸਾਨ ਨੂੰ ਲੈ ਕੇ ਚਿੰਤਤ ਹਨ। ਟੈਰਿਫ਼ ਜੰਗ ਕਾਰਨ ਹੋਣ ਵਾਲੇ ਨੁਕਸਾਨ ਤੋਂ ਵੀ ਵੱਡੀ ਚਿੰਤਾ ਉਨ੍ਹਾਂ ਵਿੱਦਿਅਕ ਸੰਸਥਾਵਾਂ ਵਿਰੁੱਧ ਵਿੱਢੀ ਗਈ ਜੰਗ ਨੂੰ ਲੈ ਕੇ ਹੈ ਜਿਨ੍ਹਾਂ ਦਾ ਅਮਰੀਕਾ ਨੂੰ ਮਹਾ-ਸ਼ਕਤੀ ਬਣਾਉਣ ਵਿੱਚ ਵੱਡਾ ਯੋਗਦਾਨ ਰਿਹਾ ਹੈ। ਇਸ ਵਿੱਚ ਦੋ-ਰਾਇ ਨਹੀਂ ਕਿ ਕੋਲੰਬੀਆ, ਹਾਰਵਰਡ ਅਤੇ ਸਟੈਨਫ਼ੋਰਡ ਵਰਗੀਆਂ ਵਿਸ਼ਵ-ਪ੍ਰਸਿੱਧ ਅਮਰੀਕੀ ਯੂਨੀਵਰਸਿਟੀਆਂ ਸ੍ਰੇਸ਼ਠਤਾ ਅਤੇ ਖੋਜ ਦੇ ਕੇਂਦਰਾਂ ਦੀ ਜਗ੍ਹਾ ਰਾਜਨੀਤੀ ਤੋਂ ਪ੍ਰੇਰਿਤ ਵਿਚਾਰਧਾਰਾਵਾਂ ਦਾ ਅਖਾੜਾ ਬਣਦੀਆਂ ਜਾ ਰਹੀਆਂ ਹਨ। ਇਸ ਕਾਰਨ ਦੇਹਾਤ ਅਤੇ ਛੋਟੇ ਸ਼ਹਿਰਾਂ ਵਿੱਚ ਰਹਿਣ ਵਾਲਿਆਂ ਦਾ ਇੱਕ ਵੱਡਾ ਵਰਗ ਮੰਨਣ ਲੱਗਾ ਹੈ ਕਿ ਅਮਰੀਕਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਦੇ ਗ੍ਰੈਜੂਏਟਸ ਵਿੱਚ ਵੋਕ ਵਿਚਾਰਧਾਰਾ ਭਰੀ ਜਾ ਰਹੀ ਹੈ।

ਇਸ ਲਈ ਬਹਾਨਾ ਭਾਵੇਂ ਹੀ ਯਹੂਦੀ ਵਿਰੋਧ ਨੂੰ ਸਮਾਪਤ ਕਰਨ ਦਾ ਹੋਵੇ ਪਰ ਟਰੰਪ ਨੇ ਅਸਲ ਵਿੱਚ ਆਪਣੇ ਜਨ-ਆਧਾਰ ਨੂੰ ਬਚਾਉਣ ਲਈ ਇਹ ਜੰਗ ਛੇੜੀ ਹੈ। ਯੂਨੀਵਰਸਿਟੀਆਂ ਨੂੰ ਕਿਹਾ ਜਾ ਰਿਹਾ ਹੈ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਚੋਣ ਦੀ ਪ੍ਰਕਿਰਿਆ, ਉਨ੍ਹਾਂ ਦਾ ਵਿਚਾਰਧਾਰਕ ਪਿਛੋਕੜ, ਪਾਠਕ੍ਰਮਾਂ ਦਾ ਵਿਚਾਰਧਾਰਕ ਸੰਤੁਲਨ ਅਤੇ ਕੈਂਪਸ ਦੀਆਂ ਗਤੀਵਿਧੀਆਂ ਦਾ ਵੇਰਵਾ ਸਾਂਝਾ ਕਰਨ। ਨਾ ਕਰਨ ’ਤੇ ਕੇਂਦਰੀ ਗ੍ਰਾਂਟ ਬੰਦ ਕਰਨ, ਟੈਕਸ ਛੋਟ ਖ਼ਤਮ ਕਰਨ ਅਤੇ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਰੋਕਣ-ਰੱਦ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਅਜਿਹੀਆਂ ਸ਼ਰਤਾਂ ਮੰਨਣ ਦੇ ਬਾਵਜੂਦ ਕੋਲੰਬੀਆ ਯੂਨੀਵਰਸਿਟੀ ਦੀ ਗ੍ਰਾਂਟ ਰੋਕ ਲਈ ਗਈ। ਹਾਰਵਰਡ ਨੇ ਆਪਣੀ ਖ਼ੁਦਮੁਖਤਾਰੀ ਦਾ ਹਵਾਲਾ ਦੇ ਕੇ ਸਰਕਾਰ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ। ਇਸ ਤੋਂ ਬਾਅਦ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਰੋਕਣ ਦੇ ਸਰਕਾਰੀ ਆਦੇਸ਼ ਨੂੰ ਮੁਲਤਵੀ ਕਰ ਦਿੱਤਾ ਗਿਆ।

ਯੂਨੀਵਰਸਿਟੀਆਂ ਅਤੇ ਅਕਾਦਮੀਆਂ ਅਮਰੀਕਾ ਦੀ ਵਿਗਿਆਨਕ, ਆਰਥਿਕ ਅਤੇ ਰੱਖਿਆ ਸ਼ਕਤੀ ਦਾ ਸਰੋਤ ਰਹੀਆਂ ਹਨ। ਦੁਨੀਆ ਭਰ ਤੋਂ ਸਭ ਤੋਂ ਸ੍ਰੇਸ਼ਠ ਪ੍ਰਤਿਭਾਵਾਂ ਪੜ੍ਹਨ-ਪੜ੍ਹਾਉਣ ਅਤੇ ਖੋਜ ਕਰਨ ਇੱਥੇ ਆਉਂਦੀਆਂ ਹਨ। ਉਹ ਨਵੀਆਂ-ਨਵੀਆਂ ਖੋਜਾਂ ਕਰਦੀਆਂ ਹਨ, ਉਨ੍ਹਾਂ ਦਾ ਕਾਰੋਬਾਰ ਅਤੇ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਇਸਤੇਮਾਲ ਕਰਦੀਆਂ ਹਨ ਅਤੇ ਅਮਰੀਕਾ ਦੇ ਵਿਕਾਸ ਨੂੰ ਗਤੀ ਦਿੰਦੀਆਂ ਹਨ। ਵਿਕਾਸ ਅਤੇ ਸ਼ਕਤੀ ਦੀ ਦੌੜ ਵਿੱਚ ਅਮਰੀਕਾ ਦੇ ਸਭ ਤੋਂ ਵੱਡੇ ਮੁਕਾਬਲੇਬਾਜ਼ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵੀ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਹਾਰਵਰਡ ਭੇਜਿਆ ਸੀ। ਰਾਸ਼ਟਰਪਤੀ ਰੀਗਨ ਦੇ ਸ਼ਬਦਾਂ ਵਿੱਚ, ਅਮਰੀਕਾ ਵਿੱਚ ਤੁਹਾਡੇ ਪਿਛੋਕੜ ਨੂੰ ਨਹੀਂ, ਸੁਪਨਿਆਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਇਹੀ ਅਮਰੀਕਾ ਦੀ ਸਭ ਤੋਂ ਵੱਡੀ ਖਿੱਚ ਰਹੀ ਹੈ। ਇਸ ਅਕਾਦਮਿਕ ਆਜ਼ਾਦੀ ’ਤੇ ਬੰਦਿਸ਼ਾਂ ਤੇ ਨਿਗਰਾਨੀਆਂ ਲਗਾਉਣ ’ਤੇ ਪ੍ਰਤਿਭਾਵਾਂ ਦੂਜੇ ਟਿਕਾਣੇ ਖੋਜ ਲੈਣਗੀਆਂ।

ਹਿਟਲਰ ਦੇ ਜ਼ਮਾਨੇ ਤੱਕ ਵਿਗਿਆਨ ਤੇ ਖੋਜ ਵਿੱਚ ਸਭ ਤੋਂ ਵੱਡੀ ਤਾਕਤ ਜਰਮਨੀ ਸੀ। ਵਿਗਿਆਨ ਦੇ ਇੱਕ ਤਿਹਾਈ ਨੋਬਲ ਪੁਰਸਕਾਰ ਜਰਮਨ ਜਿੱਤਦੇ ਸਨ ਜਿਨ੍ਹਾਂ ’ਚੋਂ ਜ਼ਿਆਦਾਤਰ ਯਹੂਦੀ ਹੁੰਦੇ ਸਨ। ਹਿਟਲਰ ਦੇ ਅੱਤਿਆਚਾਰਾਂ ਤੋਂ ਭੱਜ ਕੇ ਉਹ ਸਭ ਅਮਰੀਕਾ ਚਲੇ ਗਏ ਅਤੇ ਉਦੋਂ ਤੋਂ ਅਮਰੀਕਾ ਵਿਗਿਆਨ ਤੇ ਖੋਜ ਦੀ ਸਭ ਤੋਂ ਵੱਡੀ ਤਾਕਤ ਬਣਿਆ ਹੋਇਆ ਹੈ।

ਕੁਦਰਤੀ ਹੈ ਕਿ ਵਿਗਿਆਨੀਆਂ ਦੇ ਵੱਡੇ ਪੱਧਰ ’ਤੇ ਹੋਏ ਪਰਵਾਸ ਨਾਲ ਜਿੰਨਾ ਜਰਮਨੀ ਨੂੰ ਨੁਕਸਾਨ ਹੋਇਆ, ਉਸ ਤੋਂ ਵੱਧ ਫ਼ਾਇਦਾ ਅਮਰੀਕਾ ਨੂੰ ਹੋਇਆ ਸੀ। ਵਿਗਿਆਨ ਦੇ 41 ਪ੍ਰਤੀਸ਼ਤ ਨਾਲੋਂ ਜ਼ਿਆਦਾ ਨੋਬਲ ਪੁਰਸਕਾਰ ਅਮਰੀਕੀ ਜਿੱਤਦੇ ਹਨ। ਦੁਨੀਆ ਦੀਆਂ ਸੌ ਚੋਟੀ ਦੀਆਂ ਯੂਨੀਵਰਸਿਟੀਆਂ ’ਚੋਂ 36 ਅਮਰੀਕਾ ਦੀਆਂ ਹਨ ਜੋ ਅਮਰੀਕਾ ਦੀ ਆਰਥਿਕ-ਫ਼ੌਜੀ ਤਾਕਤ ਦੀਆਂ ਨਿਰਮਾਣਸ਼ਾਲਾਵਾਂ ਹਨ। ਅਮਰੀਕਾ ਦੇ ਇਸ ਇਕਪਾਸੜ ਰਾਜ ਵਿੱਚ ਹੁਣ ਚੀਨ ਸੰਨ੍ਹਮਾਰੀ ਕਰ ਰਿਹਾ ਹੈ। ਵਿਗਿਆਨ ਦੇ 82 ਵੱਕਾਰੀ ਖੋਜ ਪੱਤਰਾਂ ਵਿੱਚ ਛਪਣ ਵਾਲੇ ਖੋਜ ਲੇਖਾਂ ਦੀ ਗੁਣਵੱਤਾ ਅਤੇ ਗਿਣਤੀ ਦੇ ਆਧਾਰ ’ਤੇ ਖੋਜ ਸੰਸਥਾਵਾਂ ਦਾ ਵਰਗੀਕਰਨ ਨੇਚਰ ਪੱਤ੍ਰਿਕਾ ਕਰਦੀ ਹੈ। ਇਸ ’ਚ ਸ਼ਾਮਲ ਪਹਿਲੀਆਂ 10 ਖੋਜ ਸੰਸਥਾਵਾਂ ਵਿੱਚ ਹਾਰਵਰਡ ਨੂੰ ਛੱਡ ਕੇ ਬਾਕੀ ਨੌਂ ਚੀਨ ਦੀਆਂ ਹਨ। ਗਨੀਮਤ ਹੈ ਕਿ ਹਾਰਵਰਡ ਇਸ ਤਾਲਿਕਾ ਵਿੱਚ ਚੋਟੀ ’ਤੇ ਹੈ। ਨਵੀਆਂ ਕਾਢਾਂ ਦੇ ਪੇਟੈਂਟ ਦੇ ਮਾਮਲੇ ਵਿੱਚ ਤਾਂ ਅਮਰੀਕਾ ਚੀਨ ਦੇ ਨੇੜੇ-ਤੇੜੇ ਵੀ ਨਹੀਂ। ਉਨ੍ਹਾਂ ਲਈ ਲਗਪਗ ਅੱਧੀਆਂ ਅਰਜ਼ੀਆਂ ਹੁਣ ਇਕੱਲੇ ਚੀਨ ਤੋਂ ਆਉਂਦੀਆਂ ਹਨ।

(ਬਾਕੀ ਸਫ਼ਾ 31 ’ਤੇ)



# ਪੰਜਾਬ ਦੀ ਕਰਜ਼ਾ ਮੁਕਤੀ: ਕੁਝ ਨੁਕਤੇ, ਕੁਝ ਸਵਾਲ



ਵਰਿੰਦਰ ਸਿੰਘ ਵਾਲੀਆ

ਪੰਜਾਬ ਦੇ ਅਰਥਚਾਰੇ ਬਾਰੇ ਹਰ ਪੰਜਾਬੀ ਫ਼ਿਕਰਮੰਦ ਹੈ। ਹਰ ਸਰਕਾਰ ਵੀ ਇਸ ਨੂੰ ਠੀਕ ਕਰਨ ਲਈ ਵਾਹ ਲਾਉਂਦੀ ਹੈ ਪਰ ਕੋਈ ਸਥਾਈ ਹੱਲ ਨਿਕਲਦਾ ਨਜ਼ਰ ਨਹੀਂ ਆਉਂਦਾ। ਹਰ ਸਾਲ ਬਜਟ ਵੇਲੇ ਜਾਂ ਫ਼ਿਰ ਚੋਣਾਂ ਨੇੜੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਯਾਦ ਆ ਜਾਂਦੀ ਹੈ ਅਤੇ ਸਰਕਾਰ ਬਣਨ ਸਾਰ ਇਹ ਚਰਚਾ ਗਾਇਬ ਹੋ ਜਾਂਦੀ ਹੈ। ਇਸ ਪ੍ਰਸੰਗ ਵਿੱਚ ਪੰਜਾਬ ਦੀਆਂ ਸਰਕਾਰਾਂ ਦੀ ਨੀਯਤ ਭਾਵੇਂ ਠੀਕ ਹੋਵੇ ਪਰ ਕਿਤੇ ਨਾ ਕਿਤੇ ਨੀਤੀ ਸਾਥ ਦਿੰਦੀ ਨਜ਼ਰ ਨਹੀਂ ਆਉਂਦੀ। ਸ਼ਾਇਦ ਇਸ ਕਰ ਕੇ ਪੰਜਾਬੀਆਂ ਨੇ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਤੋਂ ਨਿਰਾਸ਼ ਹੋ ਕੇ ਇਸ ਵਾਰ ਬਦਲਾਅ ਲਿਆਂਦਾ ਅਤੇ ਨਵੀਂ ਪਾਰਟੀ ਨੂੰ ਮੌਕਾ ਦਿੱਤਾ ਪਰ ਉਮੀਦ ਦੇ ਉਲਟ, ਇਹ ਸਰਕਾਰ ਵੀ ਉਸੇ ਰਾਹ ਪੈ ਗਈ। ਹੁਣ ਸਵਾਲ ਹੈ: ਕੀ ਪੰਜਾਬ ਕਰਜ਼ਾ ਮੁਕਤ ਹੋ ਸਕੇਗਾ?

ਕਈ ਦਹਾਕਿਆਂ ਤੋਂ ਸੁਣ ਰਹੇ ਹਾਂ ਕਿ ਪੰਜਾਬ ਸਿਰ ਕਰਜ਼ਾ ਵਧ ਰਿਹਾ ਹੈ। 2022 ਤੱਕ ਪੁੱਜਦਿਆਂ ਲੋਕਾਂ ਨੇ ਹਾਲਾਤ ਸੁਧਰਨ ਦੀ ਉਮੀਦ ਹੀ ਛੱਡ ਦਿੱਤੀ ਸੀ। ਫ਼ਿਰ ਇੱਕ ਨਵੀਂ ਪਾਰਟੀ ਨੇ ਕੁਝ ਅਜਿਹੇ ਅੰਕੜੇ ਪੇਸ਼ ਕੀਤੇ ਕਿ ਲੋਕਾਂ ਨੂੰ ਲੱਗਿਆ, ਇਹ ਮਸਲਾ ਹੱਲ ਹੋ ਸਕਦਾ ਹੈ। ਇਸ ਪਾਰਟੀ ਨੇ ਕੁਝ ਅੰਕੜੇ ਦਸੰਬਰ-ਜਨਵਰੀ 2021-2022 ਵਿੱਚ ਸਾਂਝੇ ਕੀਤੇ ਕਿ ਕਿੱਥੋਂ-ਕਿੱਥੋਂ ਸੂਬੇ ਦੀ ਆਮਦਨ ਵਧਾਈ ਜਾ ਸਕਦੀ ਹੈ ਜਿਸ ਨਾਲ ਬਿਨਾਂ ਹੋਰ ਕਰਜ਼ ਲਏ ਕਰਜ਼ਾ ਮੋੜਿਆ ਜਾ ਸਕਦਾ ਹੈ। ਇਸ ਵਿੱਚ ਦੋ ਮੁੱਖ ਗੱਲਾਂ ਸਨ- ਆਬਕਾਰੀ ਨੀਤੀ ਵਿੱਚ ਤਬਦੀਲੀ ਅਤੇ ਰੇਤੇ ਦੀ ਚੋਰੀ ਰੋਕਣਾ। ਆਬਕਾਰੀ ਅਤੇ ਰੇਤੇ ਦੀ ਨੀਤੀ ਬਾਰੇ ਕਾਂਗਰਸ ਸਰਕਾਰ ਦੇ ਮੰਤਰੀ ਨੇ ਵੀ ਕੁਝ ਸੁਝਾਅ ਦਿੱਤੇ ਸਨ ਪਰ ਉਹ ਉਸ ਵੇਲੇ ਦੀ ਸਰਕਾਰ ਨੇ ਮੰਨੇ ਨਹੀਂ। 2022-23 ਦੌਰਾਨ ਆਬਕਾਰੀ ਤੋਂ ਆਮਦਨ ਤਾਂ ਵਧੀ ਪਰ ਕਰਜ਼ਾ ਘਟਾਉਣ ਵਿੱਚ ਇਸ ਦਾ ਯੋਗਦਾਨ ਨਜ਼ਰ ਨਹੀਂ ਆਇਆ। ਇਸ ਵਿੱਤੀ ਸਾਲ ਵਿੱਚ ਸਰਕਾਰ ਨੇ 30953 ਕਰੋੜ ਕਰਜ਼ਾ ਹੋਰ ਲੈ ਲਿਆ ਹੈ। ਇਸ ਵਾਰ ਦੇ ਬਜਟ ਅੰਕੜਿਆਂ ਮੁਤਾਬਕ ਵਿੱਤੀ ਸਾਲ 2025-2026 ਦੇ ਅੰਤ ਤੱਕ ਕਰਜ਼ਾ 4.17 ਲੱਖ ਕਰੋੜ ਰੁਪਏ ਤੱਕ ਪਹੁੰਚ ਜਾਏਗਾ, ਭਾਵ, ਹਰ ਪੰਜਾਬੀ ਸਿਰ 1.35 ਲੱਖ ਰੁਪਏ ਪ੍ਰਤੀ ਜੀਅ ਸਰਕਾਰੀ ਕਰਜ਼ਾ ਹੋਵੇਗਾ। ਜੇ ਪਿਛਲੀਆਂ ਦੋ ਸਰਕਾਰਾਂ ਅਤੇ ਹੁਣ ਤੱਕ ਦੇ ਅੰਕੜਿਆਂ ਦੀ ਸਮੀਖਿਆ ਕਰੀਏ ਤਾਂ ਇਹ ਤਸਵੀਰ ਬਣਦੀ ਹੈ: ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਦੌਰਾਨ ਕਰਜ਼ਾ 50 ਹਜ਼ਾਰ ਕਰੋੜ ਤੋਂ ਵਧ ਕੇ 1.73 ਲੱਖ ਕਰੋੜ ਹੋ ਗਿਆ, ਭਾਵ, 1.23 ਲੱਖ ਕਰੋੜ ਰੁਪਏ ਕਰਜ਼ਾ ਹੋਰ ਲੈ ਲਿਆ। ਅਗਲੇ 5 ਸਾਲ ਕਾਂਗਰਸ ਦਾ ਰਾਜ ਰਿਹਾ ਅਤੇ ਕਰਜ਼ਾ 2.82 ਲੱਖ ਕਰੋੜ ਰੁਪਏ 'ਤੇ ਜਾ ਪੁੱਜਾ। ਇਸ ਸਮੇਂ ਦਾ ਵਾਧਾ ਤਕਰੀਬਨ 1.08 ਲੱਖ ਕਰੋੜ ਬਣਦਾ ਹੈ। 2022 ਵਿੱਚ ਨਵੀਂ ਬਣੀ 'ਆਪ' ਸਰਕਾਰ ਨੇ 3 ਸਾਲਾਂ ਵਿੱਚ ਇੱਕ ਲੱਖ ਕਰੋੜ ਰੁਪਏ ਕਰਜ਼ਾ ਲਿਆ। ਇਉਂ ਅਕਾਲੀ-ਭਾਜਪਾ ਸਰਕਾਰ ਨੇ ਹਰ ਸਾਲ 12300 ਕਰੋੜ ਰੁਪਏ, ਕਾਂਗਰਸ ਸਰਕਾਰ ਨੇ 21600 ਕਰੋੜ ਰੁਪਏ ਅਤੇ 'ਆਪ ਸਰਕਾਰ ਨੇ ਹਰ ਸਾਲ 3333 ਕਰੋੜ ਰੁਪਏ ਕਰਜ਼ਾ ਲਿਆ। ਜ਼ਾਹਿਰ ਹੈ ਕਿ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਪ੍ਰਤੀ ਸਾਲ ਕਰਜ਼ਾ ਵਧਦਾ ਗਿਆ।

'ਆਪ' ਸਰਕਾਰ ਨੇ ਤਿੰਨ ਸਾਲਾਂ (2022-25) ਵਿੱਚ 46200 ਕਰੋੜ ਰੁਪਏ ਕਰਜ਼ੇ ਦੀ ਮੂਲ ਰਾਸ਼ੀ ਅਤੇ 59000 ਕਰੋੜ ਦਾ ਵਿਆਜ ਮੋੜਿਆ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਇਹ ਕਿਸ਼ਤ ਤਾਂ ਪਹਿਲੀਆਂ ਸਰਕਾਰਾਂ ਵੀ ਮੋੜਦੀਆਂ ਰਹੀਆਂ ਹਨ ਪਰ ਹਰ ਸਰਕਾਰ ਪਹਿਲੀ ਕਿਸ਼ਤ ਮੋੜਨ ਲਈ ਨਵਾਂ ਕਰਜ਼ਾ ਲੈਂਦੀ ਹੈ। ਇਸ ਕਰ ਕੇ ਕੁੱਲ ਕਰਜ਼ਾ ਵਧੀ ਜਾਂਦਾ ਹੈ। ਸਾਲ 2022 ਤੋਂ 2025 ਆ ਗਿਆ, ਮੰਡੀ ਬੋਰਡ ਜੋ ਕਦੇ ਪੈਸੇ ਪੱਖੋਂ ਅਮੀਰ ਅਦਾਰਾ ਮੰਨਿਆ ਜਾਂਦਾ ਸੀ, ਦੀ ਕਿਸ਼ਤ ਵੀ ਕਈ ਵਾਰ ਸਮੇਂ ਸਿਰ ਨਹੀਂ ਮੋੜੀ ਗਈ। ਇਸ ਦਾ ਕਾਰਨ ਸਰਕਾਰ ਨੇ ਬੱਜਟ ਦੌਰਾਨ ਦੱਸਿਆ ਕਿ ਉਨ੍ਹਾਂ ਦਾ ਜੀ.ਐੱਸ.ਟੀ. ਦਾ ਪੈਸਾ ਅਤੇ ਆਰ.ਡੀ.ਐੱਫ਼. (ਦਿਹਾਤੀ ਵਿਕਾਸ ਫ਼ੰਡ) ਕੇਂਦਰ ਸਰਕਾਰ ਸਮੇਂ ਸਿਰ ਨਹੀਂ ਦੇ ਰਹੀ। ਇਸ ਵੇਲੇ ਸਰਕਾਰ ਨੇ ਜੀਐੱਸਟੀ ਦੀ ਉਗਰਾਹੀ ਵਧਾਉਣ ਨੂੰ ਤਰਜੀਹ ਦਿੱਤੀ ਹੈ।




ਕਰਜ਼ੇ ਦੀ ਸਮੱਸਿਆ ਦੇ ਹੱਲ ਲਈ ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਆਪਣੀਆਂ ਨੀਤੀਆਂ ਵਿੱਚ ਤਬਦੀਲੀ ਕਰਨ ਦੀ ਲੋੜ ਹੈ। ਇਸ ਲਈ ਦ੍ਰਿੜ ਇਰਾਦੇ ਦੀ ਲੋੜ ਹੈ ਕਿਉਂਕਿ ਲੋਕ ਲੁਭਾਊ ਸਿਆਸਤ ਵਿਕਾਸ ਉੱਤੇ ਭਾਰੂ ਪੈ ਗਈ ਹੈ, ਹੁਣ ਰਾਜ ਹਥਿਆਉਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ।

ਕਰਜ਼ਾ ਮੁਕਤ ਹੋਣ ਲਈ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਲੋਕਾਂ ਨੂੰ ਰੁਜ਼ਗਾਰ ਮਿਲੇਗਾ ਤਾਂ ਵਸਤਾਂ ਦੀ ਖਪਤ ਵਧੇਗੀ ਜਿਸ ਨਾਲ ਸਨਅਤ ਚੱਲੇਗੀ। ਖਪਤ ਵਧਣ ਨਾਲ ਟੈਕਸ ਦੇ ਰੂਪ ਵਿੱਚ ਸਰਕਾਰ ਦੀ ਆਮਦਨ ਵਧੇਗੀ। ਇਸ ਵੇਲੇ ਲੋੜ ਹੈ, ਪੇਂਡੂ ਖੇਤਰ ਵਿੱਚ ਕਿਸਾਨਾਂ ਦੇ ਬੱਚਿਆਂ ਲਈ ਸਵੈ-ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾਣ। ਇਹ ਕੰਮ ਛੋਟੇ ਤੇ ਦਰਮਿਆਨੇ ਉਦਯੋਗ ਦੇ ਤੌਰ 'ਤੇ ਕਲਸਟਰ ਦੇ ਰੂਪ ਵਿੱਚ ਪਿੰਡ ਵਿੱਚ ਹੀ ਖੁੱਲ੍ਹਵਾਇਆ ਜਾਵੇ। ਇਸ ਵਿੱਚ ਖ਼ੁਰਾਕ ਅਤੇ ਉਦਯੋਗ ਵਿਭਾਗ ਤਕਨੀਕੀ ਮਦਦ ਕਰੇ। ਪੰਜਾਬ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਪੈਣਾ ਹੈ; ਕਿਸੇ ਨੇ (ਬਾਹਰੋਂ ਜਾਂ ਕੇਂਦਰ) ਕੋਈ ਮਦਦ ਨਹੀਂ ਕਰਨੀ ਪਰ ਜੇ ਪਹਿਲੀਆਂ ਸਰਕਾਰਾਂ ਵਾਂਗ 5-5 ਸਾਲ ਹੀ ਟਪਾਉਣੇ ਹਨ ਤਾਂ ਸੂਬਾ ਹੇਠਾਂ ਹੀ ਜਾਵੇਗਾ, ਉੱਪਰ ਨਹੀਂ ਉੱਠ ਸਕਦਾ।

# ਭਾਰਤ 'ਚ ਕਦੋਂ ਆਏਗਾ ਬਦਲਾਅ?



ਗੁਰਮੀਤ ਸਿੰਘ ਪਲਾਹੀ

ਵਿਕਸਿਤ ਦੇਸ਼ਾਂ ਦੇ ਹੁਕਮਰਾਨ ਇਹ ਜਾਣਦੇ ਹਨ ਕਿ ਜਦ ਤੱਕ ਆਮ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਣ ਦਾ ਕੰਮ ਇਮਾਨਦਾਰੀ ਨਾਲ ਪੂਰਾ ਨਹੀਂ ਹੁੰਦਾ, ਬਾਕੀ ਸੇਵਾਵਾਂ ਦਾ ਕੋਈ ਅਰਥ ਹੀ ਨਹੀਂ।

ਸਾਡੇ ਦੇਸ਼ 'ਚ ਹਵਾਈ ਅੱਡੇ, ਬੰਦਰਗਾਹਾਂ, ਹਾਈਵੇ ਤੇਜ਼ੀ ਨਾਲ ਆਧੁਨਿਕ ਬਣਾਏ ਜਾ ਰਹੇ ਹਨ ਪਰ ਆਮ ਲੋਕਾਂ ਨੂੰ ਉਸ ਦਾ ਕੀ ਫ਼ਾਇਦਾ ਹੈ? ਉਹਨਾਂ ਹਾਲਾਤਾਂ ਵਿੱਚ ਜਦੋਂ ਕਿ ਦੇਸ਼ 'ਚ ਬੁਨਿਆਦੀ ਸਹੂਲਤਾਂ ਦਾ ਬੁਰਾ ਹਾਲ ਰਹਿੰਦਾ ਹੈ! ਜਦੋਂ ਅਸੀਂ ਆਜ਼ਾਦੀ ਦਾ 'ਅਮ੍ਰਿਤਕਾਲ' ਮਨਾ ਰਹੇ ਹਾਂ, 75 ਵਰ੍ਹੇ ਪੂਰੇ ਕਰਕੇ, ਪਰ ਆਮ ਲੋਕ ਪਾਣੀ ਲਈ ਵੀ ਤਰਸਦੇ ਹਨ।

ਪਿੱਛੇ ਜਿਹੇ ਕਰੋਨਾ ਕਾਲ 'ਚ ਆਮ ਲੋਕਾਂ ਨੇ ਜੋ ਭੁਗਤਿਆ, ਦਵਾਈਆਂ ਖੁਣੋਂ ਤਾਂ ਮਰੇ ਹੀ, ਮਰਨ ਉਪਰੰਤ ਲਾਸ਼ਾਂ ਜਲਾਉਣ ਦੀ ਥਾਂ, ਦਰਿਆ ਬੁਰਦ ਕਰਨੀਆਂ ਪਈਆਂ। ਆਮ ਲੋਕਾਂ ਨੂੰ ਹਸਪਤਾਲਾਂ 'ਚ ਆਕਸੀਜਨ ਨਹੀਂ ਮਿਲੀ। ਕੀ ਇਹ ਸ਼ਰਮਨਾਕ ਨਹੀਂ ਸੀ?

ਹੁਣੇ ਜਿਹੇ ਇੱਕ ਘਟਨਾ ਬਿਹਾਰ 'ਚ ਵਾਪਰੀ ਹੈ। ਪਟਨਾ ਦੇ ਸਰਕਾਰੀ ਹਸਪਤਾਲ ਦੇ ਬਾਹਰ ਬੁਰੀ ਤਰ੍ਹਾਂ ਜ਼ਖ਼ਮੀ ਇੱਕ 10 ਵਰ੍ਹਿਆਂ ਦੀ ਲੜਕੀ ਪੁੱਜੀ, ਉਹ ਹਸਪਤਾਲ ਦੇ ਬਾਹਰ ਘੰਟਿਆਂ ਬੱਧੀ ਪਈ ਰਹੀ, ਕਿਉਂਕਿ ਹਸਪਤਾਲ ਅੰਦਰ ਕੋਈ ਖਾਲੀ ਬਿਸਤਰਾ ਨਹੀਂ ਸੀ। ਬੱਚੀ ਨਾਲ ਬਲਾਤਕਾਰ ਹੋਇਆ ਸੀ। ਕਿਸੇ ਦਰਿੰਦੇ ਨੇ ਬਲਾਤਕਾਰ ਉਪਰੰਤ ਉਸ ਦਾ ਗਲ ਕੱਟਣ ਦੀ ਕੋਸ਼ਿਸ਼ ਕੀਤੀ ਸੀ। ਪਟਨਾ ਸਰਕਾਰੀ ਹਸਪਤਾਲ ਵਾਲਿਆਂ ਉਸ ਦਾ ਇਲਾਜ ਐਮਰਜੈਂਸੀ 'ਚ ਨਹੀਂ ਕੀਤਾ। ਉਹ ਮੁਜ਼ੱਫ਼ਰਪੁਰ ਤੋਂ ਰੈਫ਼ਰ ਕੀਤੀ ਗਈ ਸੀ। ਬੱਚੀ ਦੇ ਇਲਾਜ ਤੋਂ ਪਹਿਲਾਂ ਹੀ ਉਸ ਦੇ ਹਾਲਾਤ ਨਾਜ਼ਕ ਹੋ ਚੁੱਕੇ ਸਨ। ਬਿਹਾਰ ਦਾ ਇਹ ਪਟਨਾ ਸਰਕਾਰੀ ਹਸਪਤਾਲ, ਇਸ ਸੂਬੇ ਦਾ ਸਭ ਤੋਂ ਵੱਡਾ ਹਸਪਤਾਲ ਹੈ। ਇਸ ਹਸਪਤਾਲ ਬਾਰੇ ਕੈਗ ਦੀ ਰਿਪੋਰਟ ਬਿਹਾਰ ਵਿਧਾਨ ਸਭਾ 'ਚ ਪੇਸ਼ ਹੋਈ, ਜਿਸ 'ਚ ਦੱਸਿਆ ਗਿਆ ਕਿ 100 ਸਾਲ ਪੁਰਾਣੇ ਇਸ ਹਸਪਤਾਲ 'ਚ ਅੱਧੀਆਂ ਤੋਂ ਜ਼ਿਆਦਾ ਆਕਸੀਜਨ ਮਸ਼ੀਨਾਂ ਕੰਮ ਨਹੀਂ ਕਰ ਰਹੀਆਂ। ਹਸਪਤਾਲ ਦੀਆਂ 94 ਫ਼ੀਸਦੀ ਤੋਂ ਜ਼ਿਆਦਾ ਸੁਵਿਧਾਵਾਂ ਖਸਤਾ ਹਾਲ ਹਨ। ਡਾਕਟਰਾਂ, ਨਰਸਾਂ ਦੀ 36 ਫ਼ੀਸਦੀ ਘਾਟ ਹੈ।

ਇਹੋ ਜਿਹੇ ਬਿਹਾਰ ਦੇ ਇੱਕ ਹੋਰ ਮੁੱਜ਼ਫ਼ਰਪੁਰ ਹਸਪਤਾਲ ਵਿੱਚ 2019 'ਚ 150 ਤੋਂ ਜ਼ਿਆਦਾ ਬੱਚੇ ਮਰ ਗਏ ਸਨ, ਇੰਸੇਫ਼ੇਲਾਈਟਿਸ ਨਾਲ, ਸਿਰਫ਼ ਇਸ ਲਈ ਕਿ ਹਸਪਤਾਲ 'ਚ ਨਾ ਦਵਾਈ ਸੀ ਨਾ ਹੀ ਡਾਕਟਰ।

ਇਹੋ ਜਿਹੇ ਹਾਲਾਤ ਸਿਹਤ ਸਹੂਲਤਾਂ ਪੱਖੋਂ ਦੇਸ਼ ਦੇ ਸੂਬੇ ਬਿਹਾਰ ਦੇ ਹੀ ਨਹੀਂ ਹਨ, ਸਗੋਂ ਸਿਹਤ ਸਹੂਲਤਾਂ ਦੀ ਬੇਹੱਦ ਕਮੀ ਹੈ ਪੂਰੇ ਦੇਸ਼ ਵਿੱਚ। ਲੱਖਾਂ ਲੋਕ ਇਲਾਜ ਖੁਣੋਂ ਹਰ ਰੋਜ਼ ਮਰਦੇ ਹਨ। ਇਕਨਾਮਿਕ ਟਾਈਮਜ਼ ਦੀ ਇੱਕ ਰਿਪੋਰਟ ਅਨੁਸਾਰ ਭਾਰਤੀ ਪਿੰਡਾਂ ਦੀਆਂ ਕਮਿਊਨਿਟੀ ਹੈਲਥ ਸੈਂਟਰ 'ਚ 82 ਫ਼ੀਸਦੀ ਮਾਹਰ ਡਾਕਟਰਾਂ ਦੀ ਘਾਟ ਹੈ। ਨੈਸ਼ਨਲ ਮੈਡੀਕਲ ਜਨਰਲ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ 10 ਫ਼ੀਸਦੀ ਕਮਿਊਨਿਟੀ ਸੈਂਟਰਾਂ 'ਚ ਡਾਕਟਰ ਹੀ ਨਹੀਂ ਹਨ।

ਦੂਜੇ ਪਾਸੇ 'ਕੈਂਸਰ' ਦੇ ਪਸਾਰੇ ਨੇ ਦੇਸ਼ ਨੂੰ ਪੂਰੀ ਤਰ੍ਹਾਂ ਡਰਾਇਆ ਹੋਇਆ ਹੈ। ਕੈਂਸਰ ਪੀੜਤਾਂ ਦੀ ਗਿਣਤੀ ਨਿੱਤ-ਪ੍ਰਤੀ ਵਧਦੀ ਜਾ ਰਹੀ ਹੈ, ਜਿਸ ਦਾ ਇਲਾਜ ਗਰੀਬ ਆਦਮੀ ਦੇ ਬੱਸ ਦੀ ਗੱਲ ਹੀ ਨਹੀਂ। ਸਰਕਾਰ ਦੀਆਂ ਆਯੂਸ਼ਮਾਨ ਅਤੇ ਹੋਰ ਸਕੀਮਾਂ ਆਮ ਆਦਮੀ ਲਈ ਬੇਬਸ ਦਿਖਦੀਆਂ ਹਨ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਆਮ ਆਦਮੀ ਦੀ ਇਹਨਾਂ ਸਕੀਮਾਂ ਤੱਕ ਪਹੁੰਚ ਹੀ ਨਹੀਂ ਹੈ, ਪਰ ਜੇਕਰ ਕੋਈ ਸਧਾਰਨ ਵਿਅਕਤੀ ਇਹਨਾਂ ਸਕੀਮਾਂ ਦਾ ਲਾਹਾ ਲੈਣ ਦਾ ਯਤਨ ਕਰਦਾ ਵੀ ਹੈ ਤਾਂ ਪ੍ਰਾਈਵੇਟ ਹਸਪਤਾਲਾਂ 'ਚ ਇਸ ਦੀ ਲਗਾਤਾਰ ਦੁਰਵਰਤੋਂ ਦੀਆਂ ਖ਼ਬਰਾਂ ਹਨ।

ਗਰੀਬੀ-ਅਮੀਰੀ ਨੇ ਸਿਹਤ ਸਹੂਲਤਾਂ 'ਚ ਪਾੜਾ ਵੱਡਾ ਕੀਤਾ ਹੋਇਆ ਹੈ। ਫ਼ਾਈਵ ਸਟਾਰ ਹਸਪਤਾਲਾਂ 'ਚ ਮਹਿੰਗੇ ਇਲਾਜ, ਪੈਸੇ ਪੱਖੋਂ ਸਮਰੱਥ ਵਿਅਕਤੀ ਦੇ ਪਹੁੰਚ ਵਿੱਚ ਹਨ, ਪਰ ਸਧਾਰਨ ਵਿਅਕਤੀ ਦੀ ਪਹੁੰਚ 'ਚ ਸਰਕਾਰੀ ਹਸਪਤਾਲਾਂ 'ਚ ਪ੍ਰਾਪਤ ਘੱਟੋ-ਘੱਟ ਸਹੂਲਤਾਂ ਤੱਕ ਵੀ ਨਹੀਂ ਹੈ।



ਇਹੋ ਹਾਲ ਸਿੱਖਿਆ ਦੇ ਖੇਤਰ 'ਚ ਹੈ। ਦੇਸ਼ ਦਾ ਆਮ ਨਾਗਰਿਕ ਸੰਵਿਧਾਨਿਕ ਤੌਰ 'ਤੇ ਹਰ ਇੱਕ ਲਈ ਸਿੱਖਿਆ ਦਾ ਅਧਿਕਾਰ ਰੱਖਦਾ ਹੈ, ਪਰ ਸਭ ਲਈ ਬਰਾਬਰ ਦੀ ਸਿੱਖਿਆ ਕਿਥੇ ਗਾਇਬ ਹੈ, ਜੋ ਉਸ ਦੀ ਪਹੁੰਚ ਤੋਂ ਬਾਹਰੀ ਹੈ। ਫ਼ਾਈਵ ਸਟਾਰ ਪਬਲਿਕ ਸਕੂਲ, ਮਹਿੰਗੀਆਂ ਵੱਡੀਆਂ ਪ੍ਰੋਫ਼ੈਸ਼ਨਲ ਯੂਨੀਵਰਸਿਟੀਆਂ 'ਚ ਆਮ ਆਦਮੀ ਦਾ ਬੱਚਾ ਸਿੱਖਿਆ ਪ੍ਰਾਪਤ ਨਹੀਂ ਕਰ ਸਕਦਾ। ਸਰਕਾਰੀ ਸਕੂਲ ਅਧਿਆਪਕਾਂ, ਵਿਸ਼ਾ ਅਧਿਆਪਕਾਂ ਅਤੇ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ ਸਰਕਾਰੀ ਸਿੱਖਿਆ ਅਦਾਰੇ। ਕਿਥੇ ਪ੍ਰਾਪਤ ਕਰਨਗੇ ਚੰਗੀ ਸਿੱਖਿਆ ਆਮ ਲੋਕਾਂ ਦੇ ਬੱਚੇ? ਕਿਵੇਂ ਮੁਕਾਬਲਾ ਕਰਨਗੇ ਵੱਡੇ ਪਬਲਿਕ ਸਕੂਲਾਂ ਦੇ ਬੱਚਿਆਂ ਦਾ? ਤਦੇ ਇੱਕ ਵੱਡਾ ਪਾੜਾ ਸਿੱਖਿਆ ਖੇਤਰ ਵਿੱਚ ਵੀ ਉਵੇਂ ਹੀ ਵੱਧ ਰਿਹਾ ਹੈ, ਜਿਵੇਂ ਆਰਥਿਕ ਪੱਖ ਤੋਂ ਦੇਸ਼ ਵਿੱਚ ਗਰੀਬ-ਅਮੀਰ ਦਾ ਪਾੜਾ ਵੱਧ ਗਿਆ ਹੈ।

ਦੇਸ਼ ਦੇ ਹਾਕਮ ਦੇਸ਼ ਭਾਰਤ ਨੂੰ ਵੱਡੀ ਆਰਥਿਕਤਾ ਬਨਾਉਣ ਵੱਲ ਸੇਧਤ ਹਨ। ਉਹ ਵਿਸ਼ਵ ਗੁਰੂ ਬਨਣ ਲਈ ਪੱਬਾਂ ਭਾਰ ਹਨ। ਪਰ ਕੀ ਹਾਕਮ ਦੇ ਇਹ ਧਿਆਨ ਵਿੱਚ ਹੈ ਕਿ ਆਮ ਆਦਮੀ ਦੀ ਦੇਸ਼ ਵਿੱਚ ਪ੍ਰਤੀ ਵਿਅਕਤੀ ਦੀ, ਵਿਸ਼ਵ ਬੈਂਕ ਅਨੁਸਾਰ, ਪ੍ਰਤੀ ਦਿਨ ਖ਼ਰਚ ਸੀਮਾ ਸਿਰਫ਼ ਤਿੰਨ ਡਾਲਰ ਹੈ। ਕੀ ਪ੍ਰਤੀ ਵਿਅਕਤੀ ਇਸ ਖ਼ਰਚ ਨਾਲ ਮਹਿੰਗਾਈ ਦੇ ਇਸ ਸਮੇਂ ;ਚ ਉਹ ਚੰਗੇਰੀਆਂ ਸਿੱਖਿਆ, ਸਿਹਤ ਸਹੂਲਤਾਂ, ਖਾਣ ਪਾਣ ਅਤੇ ਹੋਰ ਖ਼ਰਚੇ ਪੂਰੇ ਕਰ ਸਕਦਾ ਹੈ? ਕੀ ਚੰਗਾ ਜੀਵਨ ਜੀਊਣ ਦੇ ਸਮਰੱਥ ਹੈ?

ਵਿਸ਼ਵ ਬੈਂਕ ਨੇ ਭਾਰਤ ਹੇਠਲੇ-ਮੱਧ-ਵਰਗ ਆਮਦਨ ਵਾਲੇ ਲੋਕਾਂ ਦੀ ਖ਼ਰਚ ਸੀਮਾ ਪ੍ਰਤੀ ਵਿਅਕਤੀ 3.65 ਡਾਲਰ ਪ੍ਰਤੀ ਦਿਨ ਤਹਿ ਕੀਤੀ ਹੈ। ਕੀ ਇਸ ਥੋੜ੍ਹੇ ਜਿਹੇ ਖ਼ਰਚੇ-ਆਮਦਨ ਦੇ ਹਿਸਾਬ ਨਾਲ ਭਾਰਤ ਦੇਸ਼ ਵਿਕਸਤ ਬਣ ਸਕਦਾ ਹੈ ਅਤੇ ਕੀ ਸਿੱਖਿਆ, ਸਿਹਤ ਹਰ ਨਾਗਰਿਕ ਲਈ ਪ੍ਰਦਾਨ ਕੀਤੇ ਬਿਨ੍ਹਾਂ ਕੋਈ ਦੇਸ਼ ਵਿਕਸਤ ਕਹਾ ਸਕਦਾ ਹੈ?

ਸਿੱਖਿਆ ਦੇ ਪੱਧਰ ਦੇ ਹਿਸਾਬ ਨਾਲ 2022-23 ਵਿੱਚ ਬਿਨ੍ਹਾਂ ਕਿਸੇ ਸਕੂਲ ਸਿੱਖਿਆ ਦੇ 16 ਸਾਲ ਦੀ ਉਮਰ ਤੋਂ ਵੱਧ ਉਮਰ ਦੇ 35.1 ਫ਼ੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਲੇ ਪੱਧਰ 'ਤੇ ਸਨ। ਜਦਕਿ ਸਾਲ 2022-23 ਵਿੱਚ ਕੁਝ ਕੁ ਪੜ੍ਹੇ-ਲਿਖੇ ਹੇਠਲੇ ਮੱਧ ਵਰਗਾਂ 'ਚ ਗਰੀਬੀ 14.9 ਫ਼ੀਸਦੀ ਹੈ। ਪਰ ਅਸਲ ਤੱਥ ਉਸ ਵੇਲੇ ਸਾਹਮਣੇ ਆਉਂਦੇ ਹਨ, ਜਦੋਂ ਸਰਕਾਰੀ ਤੌਰ 'ਤੇ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ 'ਸਭ ਲਈ ਭੋਜਨ' ਸਕੀਮ ਅਧੀਨ ਕੁਲ ਆਬਾਦੀ ਲਗਭਗ 140 ਕਰੋੜ ਵਿੱਚੋਂ 80 ਕਰੋੜ ਤੋਂ ਵੱਧ ਲੋਕਾਂ ਨੂੰ ਅਨਾਜ ਸਰਕਾਰ ਵੱਲੋਂ ਮੁਫ਼ਤ ਮੁਹੱਈਆ ਕੀਤਾ ਜਾਂਦਾ ਹੈ। ਇੱਕ ਹੋਰ ਅੰਦਾਜ਼ੇ ਅਨੁਸਾਰ 20 ਕਰੋੜ ਲੋਕਾਂ ਨੂੰ ਹਰ ਰੋਜ਼ ਮਸਾਂ ਇੱਕ ਡੰਗ ਭੋਜਨ ਮਿਲਦਾ ਹੈ। ਰੋਟੀ, ਕੱਪੜਾ ਅਤੇ ਮਕਾਨ ਸਭ ਦੀ ਪਹੁੰਚ ਤੋਂ ਬਾਹਰ ਹੈ, ਜੋ ਮਨੁੱਖ ਦੀ ਬੁਨਿਆਦੀ ਲੋੜ ਹੈ।

ਦੇਸ਼ 'ਚ ਲਗਾਤਾਰ ਤਰੱਕੀ ਅਤੇ ਬਦਲਾਅ ਦੀਆਂ ਗੱਲਾਂ ਹੁੰਦੀਆਂ ਹਨ। ਬਦਲਾਅ ਵਜੋਂ ਦੇਸ਼ 'ਚ ਸੜਕਾਂ ਦੇ ਨਿਰਮਾਣ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਵੇਖਿਆ, ਪਰਖਿਆ ਅਤੇ ਲਾਗੂ ਕੀਤਾ ਜਾਂਦਾ ਹੈ। ਪਰ ਬੁਨਿਆਦੀ ਤੌਰ 'ਤੇ ਮਨੁੱਖ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ, ਉਸ ਨੂੰ ਸੁੱਖ-ਸਹੂਲਤਾਂ ਦੇਣ ਲਈ ਕੀਤੇ ਯਤਨ ਊਣੇ-ਊਣੇ ਵਿਖਾਈ ਦਿੰਦੇ ਹਨ। ਦੇਸ਼ ਦੇ ਨਿਰਮਾਣ 'ਚ ਵੱਡਾ ਹਿੱਸਾ ਪਾਉਣ ਵਾਲੀਆਂ ਅੱਧੀ ਆਬਾਦੀ ਔਰਤਾਂ ਹਾਲੇ ਵੀ ਬੁਰੀ ਤਰ੍ਹਾਂ ਤ੍ਰਿਸਕਾਰਤ ਹਨ। ਉਹਨਾਂ ਨੂੰ ਬਣਦੇ ਹੱਕ ਤਾਂ ਕੀ ਮਿਲਣੇ ਹਨ, ਉਹ ਹਾਲੇ ਤੱਕ ਵੀ ਘਰੇਲੂ ਹਿੰਸਾ ਦਾ ਸ਼ਿਕਾਰ ਹਨ। ਘਰੇਲੂ ਔਰਤਾਂ ਚਾਰ-ਦੀਵਾਰੀ ਅੰਦਰ ਬੰਦ ਹਨ। ਰੂੜ੍ਹੀਵਾਦੀ ਸੋਚ ਅੱਜ ਵੀ ਦੇਸ਼ 'ਚ ਭਾਰੂ ਹੈ। ਧਰਮਾਂ ਦਾ ਵਖਰੇਵਾਂ ਅਤੇ ਜਾਤ-ਪਾਤ ਪ੍ਰਥਾ ਨੇ ਦੇਸ਼ ਦੇ ਲੋਕਾਂ ਦੀ ਸੋਚ ਨੂੰ ਜਕੜਿਆ ਹੋਇਆ ਹੈ।

ਨੀਤੀਵਾਨ, ਸਿਆਸਤਦਾਨ, ਜਿੰਨਾ ਨੂੰ ਸਮਾਜ 'ਚ ਬਦਲਾਅ ਲਿਆਉਣ ਦਾ ਧੁਰਾ ਮੰਨਿਆ ਜਾਂਦਾ ਹੈ, ਉਹ ਆਪਣੇ ਸਵਾਰਥੀ ਹਿੱਤਾਂ ਕਾਰਨ ਬਦਲਾਅ ਦੇ ਥਾਂ 'ਦਬਾਅ' ਦੀ ਨੀਤੀ ਵਰਤ ਰਹੇ ਹਨ। ਬਦਲਾਅ ਲਈ ਲੋਕਾਂ ਦੀ ਸ਼ਮੂਲੀਅਤ ਬਿਨ੍ਹਾਂ ਸ਼ੱਕ ਜ਼ਰੂਰੀ ਹੈ, ਪਰ ਸਮਾਜ 'ਚ ਵੰਡੀਆਂ ਪਾ ਕੇ ਇਸ ਬਦਲਾਅ ਨੂੰ ਪੁੱਠਾ ਗੇੜਾ ਦੇ ਕੇ ਰੂੜ੍ਹੀਵਾਦੀ ਸੋਚ ਨੂੰ ਅੱਗੇ ਲਿਆਉਣਾ ਅੱਜ ਅਹਿਮ ਵਰਤਾਰਾ ਹੈ। ਧੱਕਾ, ਧੌਂਸ, ਧਨ ਮੁੱਖ ਕਾਰਕ ਬਣ ਗਏ ਹਨ। ਇਹ ਤਿੰਨੋ ਬਦਲਾਅ ਲਈ ਵੱਡਾ ਅੜਿੱਕਾ ਹਨ। ਦੇਸ਼ ਦੇ ਹਾਕਮਾਂ 'ਚ ਬਦਲਾਅ ਬਿਨ੍ਹਾਂ ਸ਼ੱਕ ਲੋਕਤੰਤਰ ਵਿੱਚ ਵੋਟ ਪ੍ਰਣਾਲੀ ਨਾਲ ਹੋਣਾ ਹੈ, ਪਰ ਵੋਟ-ਪ੍ਰਣਾਲੀ ਜਿਵੇਂ ਦੂਸ਼ਿਤ ਹੋ ਚੁੱਕੀ ਹੈ।

# ਸਿੱਖ ਪੰਥ ਦਾ ਅਜਮਾਇਸ਼ੀ ਦੌਰ, ਸੰਕਟ, ਚਿੰਤਾਵਾਂ ਤੇ ਹੱਲ



ਬਘੇਲ ਸਿੰਘ ਧਾਲੀਵਾਲ
99142-58142





ਸਿੱਖ ਕੌਮ ਦੀ ਬਹਾਦਰੀ ਅਤੇ ਸੰਘਰਸ਼ ਦੀ ਗਾਥਾ ਸਾਰੀ ਦੁਨੀਆਂ ਵਿੱਚ ਮਸ਼ਹੂਰ ਹੈ। ਇਹ ਕੌਮ 18ਵੀਂ, 19ਵੀਂ ਅਤੇ 20ਵੀਂ ਸਦੀ ਵਿੱਚ ਆਪਣੀ ਨਿਡਰਤਾ ਅਤੇ ਸੁਤੰਤਰ ਸੋਚ ਦੇ ਲਈ ਜਾਣੀ ਜਾਂਦੀ ਹੈ। ਸਿੱਖ ਇਤਿਹਾਸ ਦੀਆਂ ਮਹਾਨ ਜਿੱਤਾਂ, ਜਿਵੇਂ ਕਿ ਸਿੱਖ ਰਾਜ ਦੀ ਸਥਾਪਨਾ ਅਤੇ ਮੁਗਲ ਸਾਮਰਾਜ ਨੂੰ ਚੁਣੌਤੀ ਦੇਣ ਵਰਗੇ ਕਾਰਨਾਮੇ, ਇਸ ਕੌਮ ਦੀ ਅਡੋਲਤਾ ਦੀਆਂ ਮਿਸਾਲਾਂ ਹਨ। ਪਰ ਆਜ਼ਾਦ ਭਾਰਤ ਵਿੱਚ ਸਿੱਖ ਕੌਮ ਨੂੰ ਅਨੇਕਾਂ ਦੁਸ਼ਵਾਰੀਆਂ ਅਤੇ ਸਾਜ਼ਿਸ਼ਾਂ ਦਾ ਸਾਹਮਣਾ ਕਰਨਾ ਪਿਆ ਹੈ। ਸੱਤਾਧਾਰੀਆਂ ਦੀ ਮੁਤੱਸਵੀ ਸੋਚ ਅਤੇ ਸਿੱਖ ਵਿਰੋਧੀ ਨੀਤੀਆਂ ਨੇ ਇਸ ਕੌਮ ਨੂੰ ਸਦੀਆਂ ਤੋਂ ਪੀੜਤ ਕੀਤਾ ਹੈ। ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੇ ਪਵਿੱਤਰ ਅਸਥਾਨਾਂ ’ਤੇ ਫ਼ੌਜੀ ਹਮਲੇ, ਸਿੱਖ ਨੌਜਵਾਨਾਂ ਦੀਆਂ ਪੀੜ੍ਹੀਆਂ ਦਾ ਨਾਸ਼ ਅਤੇ ਸਿੱਖ ਧਰਮ ਦੀਆਂ ਪਰੰਪਰਾਵਾਂ ’ਤੇ ਹਮਲੇ ਇਸ ਦੀਆਂ ਸਪੱਸ਼ਟ ਮਿਸਾਲਾਂ ਹਨ।

### ਸਿੱਖ ਕੌਮ ਦੀ ਬਹਾਦਰੀ ਅਤੇ ਇਤਿਹਾਸ

ਸਿੱਖ ਕੌਮ ਨੇ ਆਪਣੀ ਸਥਾਪਨਾ ਤੋਂ ਹੀ ਸੱਚ, ਇਨਸਾਫ਼ ਅਤੇ ਬਰਾਬਰੀ ਦੇ ਸਿਧਾਂਤਾਂ ਨੂੰ ਅਪਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੇ ਸਮਾਜ ਨੂੰ ਜਾਤ-ਪਾਤ, ਧਰਮ ਅਤੇ ਵਰਗ ਦੀਆਂ ਸੀਮਾਵਾਂ ਤੋਂ ਪਾਰ ਜਾ ਕੇ ਮਨੁੱਖਤਾ ਦੀ ਸੇਵਾ ਕਰਨ ਦਾ ਸੁਨੇਹਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਨੂੰ ਸੰਤ-ਸਿਪਾਹੀ ਦੀ ਭੂਮਿਕਾ ਵਿੱਚ ਢਾਲਿਆ, ਜਿਸ ਨੇ ਸਿੱਖ ਕੌਮ ਨੂੰ ਨਾ ਸਿਰਫ਼ ਰੂਹਾਨੀ ਤੌਰ ’ਤੇ ਮਜ਼ਬੂਤ ਕੀਤਾ ਸਗੋਂ ਸਮਾਜਿਕ ਅਤੇ ਸਿਆਸੀ ਤੌਰ ’ਤੇ ਵੀ ਮਜਬੂਤ ਬਣਾਇਆ। 18ਵੀਂ ਸਦੀ ਵਿੱਚ, ਜਦੋਂ ਮੁਗਲ ਸਾਮਰਾਜ ਅਤੇ ਅਫ਼ਗਾਨ ਹਮਲਾਵਰ ਭਾਰਤੀ ਉਪ-ਮਹਾਦੀਪ ਨੂੰ ਕੁਚਲ ਰਹੇ ਸਨ।ਉਸ ਦੌਰਾਨ ਸਿੱਖ ਮਿਸਲਾਂ ਨੇ ਆਪਣੀ ਬਹਾਦਰੀ ਨਾਲ ਨਾ ਸਿਰਫ਼ ਪੰਜਾਬ ਨੂੰ ਸੁਰੱਖਿਅਤ ਕੀਤਾ ਸਗੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅਧੀਨ ਇੱਕ ਸੁਤੰਤਰ ਖ਼ਾਲਸਾ ਰਾਜ ਦੀ ਸਥਾਪਨਾ ਵੀ ਕੀਤੀ।ਖ਼ਾਲਸਾ ਸਾਮਰਾਜ ਦੀ ਇਹ ਸੁਤੰਤਰਤਾ ਅਤੇ ਸਮਰੱਥਾ ਸੱਤਾਧਾਰੀਆਂ ਲਈ ਹਮੇਸ਼ਾ ਚੁਣੌਤੀ ਰਹੀ ਹੈ। ਇਸ ਦੀ ਵਜ੍ਹਾ ਸਿੱਖੀ ਦੀ ਵਿਲੱਖਣ ਸੋਚ ਸੀ, ਜੋ ਨਾ ਸਿਰਫ਼ ਧਾਰਮਿਕ ਸੀ ਸਗੋਂ ਸਮਾਜਿਕ ਅਤੇ ਸਿਆਸੀ ਤੌਰ ’ਤੇ ਵੀ ਸੁਤੰਤਰ ਸੀ। ਸਿੱਖਾਂ ਦੀ ਇਸ ਸੁਤੰਤਰ ਸੋਚ ਨੂੰ ਕਦੇ ਵੀ ਸੱਤਾਧਾਰੀਆਂ ਨੇ ਸਵੀਕਾਰ ਨਹੀਂ ਕੀਤਾ। ਪੱਛਮੀ ਸਾਮਰਾਜ ਇੰਗਲੈਂਡ ਦੇ ਰਾਜ ਦੇ ਸਮੇਂ ਵੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਅਜ਼ਾਦ ਭਾਰਤ ਵਿੱਚ ਵੀ ਇਹ ਸਿਲਸਿਲਾ ਜਾਰੀ ਰਿਹਾ।

### ਅਜ਼ਾਦ ਭਾਰਤ ਵਿੱਚ ਸਿੱਖਾਂ ’ਤੇ ਅੱਤਿਆਚਾਰ

ਅਜ਼ਾਦੀ ਤੋਂ ਬਾਅਦ, ਸਿੱਖ ਕੌਮ ਨੂੰ ਉਮੀਦ ਸੀ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਯੋਗਦਾਨ ਨੂੰ ਮਾਨਤਾ ਮਿਲੇਗੀ। ਪਰ ਇਸ ਦੀ ਬਜਾਏ, ਕੇਂਦਰੀ ਸੱਤਾ ਨੇ ਸਿੱਖਾਂ ਨੂੰ ਸਦਾ ਪਰਾਇਆ ਸਮਝਿਆ। ਸੱਚਖੰਡ ਸ੍ਰੀ ਦਰਬਾਰ ਸਾਹਿਬ, ਜੋ ਸਿੱਖ ਧਰਮ ਦਾ ਸਰਬਉੱਚ ਅਸਥਾਨ ਹੈ, ’ਤੇ 1984 ਵਿੱਚ ਸਿੱਖ ਘੱਲੂਘਾਰੇ ਵਰਗੀ ਫ਼ੌਜੀ ਕਾਰਵਾਈ ਨੇ ਸਿੱਖ ਪੰਥ ਦੇ ਦਿਲ ਨੂੰ ਜ਼ਖ਼ਮੀ ਕਰ ਦਿੱਤਾ। ਇਸ ਹਮਲੇ ਵਿੱਚ ਹਜ਼ਾਰਾਂ ਬੇਗੁਨਾਹ ਸਿੱਖ ਸ਼ਹੀਦ ਕੀਤੇ ਗਏ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ-ਢੇਰੀ ਕਰ ਦਿੱਤਾ ਗਿਆ। ਇਹ ਸਿਰਫ਼ ਇੱਕ ਫ਼ੌਜੀ ਕਾਰਵਾਈ ਨਹੀਂ ਸੀ, ਸਗੋਂ ਸਿੱਖ ਕੌਮ ਦੀ ਰੂਹਾਨੀ ਅਤੇ ਸਿਆਸੀ ਸੁਤੰਤਰਤਾ ’ਤੇ ਹਮਲਾ ਸੀ।ਇਸ ਤੋਂ ਇਲਾਵਾ, 1984 ਦੇ ਸਿੱਖ ਵਿਰੋਧੀ ਕਤਲੇਆਮ ਨੇ ਸਿੱਖ ਕੌਮ ਨੂੰ ਹੋਰ ਵੀ ਤਬਾਹ ਕਰ ਦਿੱਤਾ। ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਹਜ਼ਾਰਾਂ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ, ਉਨ੍ਹਾਂ ਦੀਆਂ ਜਾਇਦਾਦਾਂ ਨੂੰ ਅੱਗ ਲਗਾਈ ਗਈ ਅਤੇ ਔਰਤਾਂ ਦੀ ਇੱਜ਼ਤ ਨੂੰ ਲੁੱਟਿਆ ਗਿਆ। ਸਭ ਤੋਂ ਦੁਖਦਾਈ ਗੱਲ ਇਹ ਸੀ ਕਿ ਇਸ ਕਤਲੇਆਮ ਨੂੰ ਸੱਤਾਧਾਰੀਆਂ ਦੀ ਸ਼ਹਿ ਸੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੀ ਬਜਾਏ ਸਨਮਾਨ ਮਿਲੇ।

### ਸੱਤਾਧਾਰੀਆਂ ਦੀ ਮੁਤੱਸਵੀ ਸੋਚ

ਭਾਰਤੀ ਸੱਤਾ ਦੀ ਮੁਤੱਸਵੀ ਸੋਚ ਨੇ ਸਿੱਖ ਕੌਮ ਨੂੰ ਹਮੇਸ਼ਾ ਸ਼ੱਕ ਦੀ ਨਜ਼ਰ ਨਾਲ ਦੇਖਿਆ। ਜਦੋਂ ਵੀ ਸਿੱਖਾਂ ਨੇ ਆਪਣੇ ਹੱਕਾਂ ਲਈ ਆਵਾਜ਼ ਉਠਾਈ, ਉਸ ਨੂੰ ਵਿਦਰੋਹ ਜਾਂ ਅੱਤਵਾਦ ਦਾ ਨਾਂ ਦੇ ਦਿੱਤਾ ਗਿਆ। ਮਿਸਾਲ ਵਜੋਂ, 1975 ਵਿੱਚ ਜਦੋਂ ਐਮਰਜੈਂਸੀ ਲਾਗੂ ਕੀਤੀ ਗਈ, ਤਾਂ ਸਾਰੇ ਭਾਰਤ ਵਿੱਚ ਵਿਰੋਧ ਹੋਇਆ। ਪਰ ਸਿੱਖਾਂ ਦੇ ਵਿਰੋਧ ਨੂੰ ਵਿਸ਼ੇਸ਼ ਤੌਰ ’ਤੇ ਨਿਸ਼ਾਨਾ ਬਣਾਇਆ ਗਿਆ। ਸਿੱਖ ਨੌਜਵਾਨ ਜੋ ਆਪਣੇ ਧਰਮ ਅਤੇ ਸੱਭਿਆਚਾਰ ਦੀ ਰਾਖੀ ਲਈ ਖੜ੍ਹੇ ਹੋਏ,



ਉਨ੍ਹਾਂ ਨੂੰ ਅੱਤਵਾਦੀ ਗਰਦਾਨਿਆ ਗਿਆ ਅਤੇ ਬੇਰਹਿਮੀ ਨਾਲ ਕੁਚਲ ਦਿੱਤਾ ਗਿਆ।ਇਸੇ ਤਰ੍ਹਾਂ, ਕਿਸਾਨ ਅੰਦੋਲਨ (2020-21) ਦੌਰਾਨ ਪੰਜਾਬੀ ਕਿਸਾਨਾਂ ਦੀ ਆਵਾਜ਼ ਨੂੰ ਸੱਤਾ ਨੇ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਜਦੋਂ ਲੱਖਾਂ ਕਿਸਾਨ ਦਿੱਲੀ ਦੀਆਂ ਸੜਕਾਂ ’ਤੇ ਆਏ, ਤਾਂ ਸੱਤਾਧਾਰੀਆਂ ਨੂੰ ਸਭ ਤੋਂ ਵੱਧ ਪੰਜਾਬ ਦੇ ਵਿਰੋਧ ਨੇ ਪਰੇਸ਼ਾਨ ਕੀਤਾ। ਇਸ ਦੀ ਵਜ੍ਹਾ ਸੀ ਸਿੱਖ ਕੌਮ ਦੀ ਸੁਤੰਤਰ ਸੋਚ ਅਤੇ ਬਹਾਦਰੀ, ਜੋ ਸਦਾ ਸੱਤਾ ਨੂੰ ਚੁਣੌਤੀ ਦਿੰਦੀ ਰਹੀ ਹੈ।

### ਸਿੱਖ ਨੌਜਵਾਨਾਂ ’ਤੇ ਜ਼ੁਲਮ

1980 ਅਤੇ 1990 ਦੇ ਦਹਾਕੇ ਵਿੱਚ ਸਿੱਖ ਨੌਜਵਾਨਾਂ ਨੂੰ ਵਿਸ਼ੇਸ਼ ਤੌਰ ’ਤੇ ਨਿਸ਼ਾਨਾ ਬਣਾਇਆ ਗਿਆ। ਜੋ ਨੌਜਵਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਅਤੇ ਸਿੱਖ ਕੌਮ ’ਤੇ ਹੋ ਰਹੇ ਜ਼ੁਲਮ ਦੇ ਵਿਰੁੱਧ ਹਥਿਆਰ ਚੁੱਕਣ ਲਈ ਮਜਬੂਰ ਹੋਏ, ਉਨ੍ਹਾਂ ਨੂੰ ਨਾ ਸਿਰਫ਼ ਕੁਚਲਿਆ ਗਿਆ ਸਗੋਂ ਉਨ੍ਹਾਂ ਦੀਆਂ ਪੀੜ੍ਹੀਆਂ ਨੂੰ ਨਸ਼ਿਆਂ ਦੇ ਰਾਹ ਪਾ ਦਿੱਤਾ ਗਿਆ। ਅੱਜ ਵੀ ਅਨੇਕਾਂ ਸਿੱਖ ਨੌਜਵਾਨ, ਜੋ 30-35 ਸਾਲ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਸਨ, ਜੇਲ੍ਹਾਂ ਦੀਆਂ ਹਨੇਰੀਆਂ ਕੋਠੜੀਆਂ ਵਿੱਚ ਬੰਦ ਹਨ। ਸੱਤਾ ਨੇ ਉਨ੍ਹਾਂ ਨੂੰ ਰਿਹਾਅ ਕਰਨ ਦੀ ਕੋਈ ਇੱਛਾ ਨਹੀਂ ਦਿਖਾਈ, ਜਦਕਿ ਦੂਜੇ ਪਾਸੇ, ਇੰਦਰਾ ਗਾਂਧੀ ਦੇ ਸਮਰਥਨ ਵਿੱਚ ਜਹਾਜ਼ ਅਗਵਾ ਕਰਨ ਵਾਲਿਆਂ ਨੂੰ ਇਨਾਮ ਅਤੇ ਸਨਮਾਨ ਮਿਲੇ।

### ਸਿੱਖ ਧਰਮ ਅਤੇ ਸੱਭਿਆਚਾਰ ’ਤੇ ਹਮਲੇ

ਸਿੱਖ ਧਰਮ ਅਤੇ ਸੱਭਿਆਚਾਰ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਵੀ ਲਗਾਤਾਰ ਜਾਰੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ’ਤੇ ਸ਼ੱਕ ਪੈਦਾ ਕਰਨ ਦੀਆਂ ਕੋਸ਼ਿਸ਼ਾਂ, ਗੁਰੂ



ਸਾਹਿਬਾਨ ਦੇ ਜਨਮ ਦਿਹਾੜਿਆਂ ’ਤੇ ਮੱਤਭੇਦ ਖੜ੍ਹੇ ਕਰਨਾ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਯਤਨ ਸਿੱਖ ਕੌਮ ਦੀ ਸੁਤੰਤਰਤਾ ਅਤੇ ਸਵੈਮਾਣ ’ਤੇ ਸਿੱਧੇ ਹਮਲੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦੇਣ ਦੀਆਂ ਕੋਸ਼ਿਸ਼ਾਂ ਸਿੱਖ ਸੰਸਥਾਵਾਂ ’ਤੇ ਸਵਾਲ ਉਠਾਉਣਾ ਇਸ ਸਾਜ਼ਿਸ਼ ਦਾ ਹਿੱਸਾ ਹੈ।ਸਿੱਖ ਧਾਰਮਿਕ ਰੀਤੀ-ਰਿਵਾਜਾਂ ਨੂੰ ਵਿਗਾੜਨ ਅਤੇ ਸਿੱਖ ਸਿਧਾਂਤਾਂ ਨਾਲ ਛੇੜਛਾੜ ਕਰਨ ਲਈ ਲਾਲਚੀ ਸਿੱਖ ਬੁੱਧੀਜੀਵੀਆਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਸਿੱਖ ਭਾਈਚਾਰੇ ਨੂੰ ਘੱਟਗਿਣਤੀ ਵਿੱਚ ਬਦਲਣ ਲਈ ਪਰਵਾਸੀਆਂ ਨੂੰ ਪੰਜਾਬ ਵਿੱਚ ਵਸਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਜਾਇਦਾਦਾਂ ਦੇ ਮਾਲਕ ਬਣਾਇਆ ਜਾ ਰਿਹਾ ਹੈ। ਇਹ ਸਾਰੀਆਂ ਕੋਸ਼ਿਸ਼ਾਂ ਸਿੱਖ ਕੌਮ ਦੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਨੂੰ ਮਿਟਾਉਣ ਦੀ ਸਾਜ਼ਿਸ਼ ਦਾ ਹਿੱਸਾ ਹਨ।

### ਸੱਤਾ ਦਾ ਸਿੱਖ ਵਿਰੋਧੀ ਰਵੱਈਆ

ਸੱਤਾਧਾਰੀਆਂ ਦਾ ਸਿੱਖ ਵਿਰੋਧੀ ਰਵੱਈਆ ਸਿਰਫ਼ ਧਾਰਮਿਕ ਜਾਂ ਸਮਾਜਿਕ ਪੱਧਰ ’ਤੇ ਹੀ ਨਹੀਂ ਸੀ, ਸਗੋਂ ਸਿਆਸੀ ਪੱਧਰ ’ਤੇ ਵੀ ਸਪੱਸ਼ਟ ਸੀ। ਪੰਜਾਬ ਨੂੰ ਹਮੇਸ਼ਾ ਇੱਕ ਪਰਾਇਆ ਸੂਬਾ ਸਮਝਿਆ ਗਿਆ। ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦੀਆਂ ਗੱਲਾਂ ਹੁੰਦੀਆਂ ਹਨ, ਤਾਂ ਪੰਜਾਬ ਨੂੰ ਸਭ ਤੋਂ ਵੱਧ ਨੁਕਸਾਨ ਝੱਲਣਾ ਪੈਂਦਾ ਹੈ। ਪੰਜਾਬੀਆਂ ਨੇ ਜੰਗ ਦਾ ਵਿਰੋਧ ਕੀਤਾ, ਨਾ ਇਸ ਲਈ ਕਿ ਉਨ੍ਹਾਂ ਦੀ ਪਾਕਿਸਤਾਨ ਨਾਲ ਕੋਈ ਨੇੜਤਾ ਸੀ, ਸਗੋਂ ਇਸ ਲਈ ਕਿ ਉਹ ਜੰਗ ਦੇ ਵਿਨਾਸ਼ਕਾਰੀ ਨਤੀਜਿਆਂ ਤੋਂ ਵਾਕਿਫ਼ ਸਨ। ਪਰ ਸੱਤਾਧਾਰੀਆਂ ਨੇ ਇਸ ਵਿਰੋਧ ਨੂੰ ਗਲਤ ਸਮਝਿਆ ਅਤੇ ਸਿੱਖਾਂ ਨੂੰ ਰਾਸ਼ਟਰ ਵਿਰੋਧੀ ਗਰਦਾਨਿਆ।ਹਾਲ ਹੀ ਵਿੱਚ, ਪੰਜਾਬੀ ਯਾਤਰੀਆਂ ਅਤੇ ਪੱਤਰਕਾਰਾਂ ਨੂੰ ਆਈ.ਐਸ.ਆਈ. ਨਾਲ ਜੋੜ ਕੇ ਉਨ੍ਹਾਂ ’ਤੇ ਝੂਠੇ ਦੋਸ਼ ਲਗਾਏ ਜਾ ਰਹੇ ਹਨ। ਇਹ ਸਾਰੀਆਂ ਕੋਸ਼ਿਸ਼ਾਂ ਸਿੱਖ ਕੌਮ ਦੀ ਜਾਗਰੂਕਤਾ ਨੂੰ ਦਬਾਉਣ ਅਤੇ ਉਨ੍ਹਾਂ ਨੂੰ ਸਮਾਜਿਕ ਅਤੇ ਸਿਆਸੀ ਤੌਰ ’ਤੇ ਅਲੱਗ-ਥਲੱਗ ਕਰਨ ਦੀ ਸਾਜ਼ਿਸ਼ ਦਾ ਹਿੱਸਾ ਹਨ।

### ਸਿੱਖ ਲੀਡਰਸ਼ਿਪ ਦੀ ਅਣਗਹਿਲੀ

ਸਿੱਖ ਕੌਮ ਦੀਆਂ ਮੁਸੀਬਤਾਂ ਦਾ ਇੱਕ ਵੱਡਾ ਕਾਰਨ ਸਿੱਖ ਲੀਡਰਸ਼ਿਪ ਦੀ ਅਣਗਹਿਲੀ ਅਤੇ ਆਪਸੀ ਫ਼ੁੱਟ ਵੀ ਹੈ। ਸਿੱਖ ਲੀਡਰਸ਼ਿਪ ਅਕਸਰ ਸੱਤਾ ਨਾਲ ਸਮਝੌਤੇ ਕਰਕੇ ਆਪਣੇ ਹੀ ਲੋਕਾਂ ਦੇ ਹੱਕਾਂ ਨੂੰ ਨਜ਼ਰਅੰਦਾਜ਼ ਕਰਦੀ ਹੈ। ਜੋ ਲੀਡਰ ਸਿੱਖ ਕੌਮ ਦੀ ਅਜ਼ਾਦੀ ਅਤੇ ਸਵੈਮਾਣ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਰਵਾਇਤੀ ਲੀਡਰਸ਼ਿਪ ਵੱਲੋਂ ਅਲੱਗ-ਥਲੱਗ ਕਰ ਦਿੱਤਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ, ਜੋ ਸਿੱਖ ਪੰਥ ਦੀ ਰਾਖੀ ਲਈ ਬਣਾਈਆਂ ਗਈਆਂ ਸਨ, ਅਕਸਰ ਸੱਤਾ ਦੇ ਸਾਹਮਣੇ ਝੁਕ ਜਾਂਦੀਆਂ ਹਨ।ਹਾਲ ਹੀ ਵਿੱਚ, ਗੱਲੂਘਾਰਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਨਿਭਾਏ ਗਏ ਫ਼ਰਜ਼ਾਂ ਨੂੰ ਲੈ ਕੇ ਵੀ ਵਿਵਾਦ ਪੈਦਾ ਹੋਇਆ। ਸਿੱਖ ਲੀਡਰਸ਼ਿਪ ਦਾ ਇੱਕ ਹਿੱਸਾ ਜਥੇਦਾਰ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ, ਜੋ ਕਿ ਸਿੱਖ ਕੌਮ ਦੇ ਭਵਿੱਖ ਲਈ ਨੁਕਸਾਨਦੇਹ ਹੋ ਸਕਦਾ ਹੈ

### ਸਿੱਖ ਕੌਮ ਦਾ ਭਵਿੱਖ

ਸਿੱਖ ਕੌਮ ਦਾ ਭਲਾ ਉਦੋਂ ਤੱਕ ਸੰਭਵ ਨਹੀਂ, ਜਦੋਂ ਤੱਕ ਸਿੱਖ ਲੀਡਰਸ਼ਿਪ ਪੰਥ, ਪੰਜਾਬ ਅਤੇ ਪੰਜਾਬੀਅਤ ਪ੍ਰਤੀ ਸਮਰਪਿਤ ਹੋ ਕੇ ਇਮਾਨਦਾਰੀ ਅਤੇ ਏਕਤਾ ਦੇ ਰਾਹ ’ਤੇ ਨਹੀਂ ਚੱਲਦੀ। ਸਿੱਖ ਕੌਮ ਨੂੰ ਆਪਣੀ ਵਿਲੱਖਣ ਪਛਾਣ, ਧਰਮ ਅਤੇ ਸੱਭਿਆਚਾਰ ਨੂੰ ਬਚਾਉਣ ਲਈ ਇਕਜੁੱਟ ਹੋਣ ਦੀ ਲੋੜ ਹੈ। ਸੱਤਾ ਦੀਆਂ ਸਾਜ਼ਿਸ਼ਾਂ ਅਤੇ ਮੁਤੱਸਵੀ ਸੋਚ ਦਾ ਮੁਕਾਬਲਾ ਕਰਨ ਲਈ ਸਿੱਖ ਨੌਜਵਾਨਾਂ ਨੂੰ ਜਾਗਰੂਕ ਹੋਣਾ ਪਵੇਗਾ। ਸਿੱਖ ਧਰਮ ਦੀਆਂ ਮੁੱਲ ਮੰਨੀਆਂ ਸਿੱਖਿਆਵਾਂ, ਜਿਵੇਂ ਕਿ ਸੱਚ, ਨਿਆਂ ਅਤੇ ਸੇਵਾ, ਨੂੰ ਅਪਣਾ ਕੇ ਸਿੱਖ ਕੌਮ ਨੂੰ ਆਪਣੀ ਖੋਈ ਹੋਈ ਸ਼ਾਨ ਮੁੜ ਹਾਸਲ ਕਰਨੀ ਪਵੇਗੀ। ਅੰਤ ਵਿੱਚ, ਸਿੱਖ ਕੌਮ ਨੂੰ ਆਪਣੇ ਇਤਿਹਾਸ ਅਤੇ ਸੰਘਰਸ਼ਾਂ ਤੋਂ ਸਬਕ ਸਿੱਖਣ ਦੀ ਲੋੜ ਹੈ। ਸੱਤਾਧਾਰੀਆਂ ਦੀਆਂ ਸਾਜ਼ਿਸ਼ਾਂ ਅਤੇ ਅੰਦਰੂਨੀ ਫ਼ੁੱਟ ਨੇ ਸਿੱਖ ਕੌਮ ਨੂੰ ਕਮਜ਼ੋਰ ਕੀਤਾ ਹੈ, ਪਰ ਸਿੱਖੀ ਦੀ ਰੂਹਾਨੀ ਅਤੇ ਸੰਸਾਰਿਕ ਤਾਕਤ ਅਜੇ ਵੀ ਜਿਉਂਦੀ ਹੈ। ਜੇ ਸਿੱਖ ਲੀਡਰਸ਼ਿਪ ਅਤੇ ਸਮੁੱਚੀ ਕੌਮ ਇਕਜੁੱਟ ਹੋ ਕੇ ਸੰਘਰਸ਼ ਕਰੇ, ਤਾਂ ਇਹ ਕੌਮ ਨਾ ਸਿਰਫ਼ ਆਪਣੀ ਪਛਾਣ ਨੂੰ ਬਚਾ ਸਕਦੀ ਹੈ ਸਗੋਂ ਸਾਰੀ ਦੁਨੀਆਂ ਵਿੱਚ ਆਪਣੀ ਸੁਤੰਤਰਤਾ ਅਤੇ ਸਵੈਮਾਣ ਦਾ ਝੰਡਾ ਲਹਿਰਾਉਣ ਦੇ ਸਮਰੱਥ ਹੈ।






# ਹਾੜ੍ਹ ਦਾ ਮਹੀਨਾ

## ਵਗੇ ਤੱਤੀ ਤੱਤੀ ਲੋਅ




ਹਾੜ੍ਹ ਮਹੀਨੇ ਨੂੰ ਅਸਾੜ, ਅਖਾੜ ਅਤੇ ਅਹਾੜ ਵੀ ਕਿਹਾ ਜਾਂਦਾ ਹੈ। ਹਾੜ੍ਹ ਮਹੀਨਾ ਨਾਨਕਸ਼ਾਹੀ ਕੈਲੰਡਰ ਅਨੁਸਾਰ ਚੌਥਾ ਮਹੀਨਾ ਹੁੰਦਾ ਹੈ। ਹਾੜ੍ਹ ਮਹੀਨਾ ਗ੍ਰੇਗਰੀ ਅਤੇ ਜੂਲੀਅਨ ਕੈਲੰਡਰਾਂ ਦੇ ਜੂਨ ਅਤੇ ਜੁਲਾਈ ਮਹੀਨਿਆਂ ਦੇ ਵਿਚਾਲੇ ਆਉਂਦਾ ਹੈ। ਹਾੜ੍ਹ ਮਹੀਨੇ ਵਗਦੀਆਂ ਗਰਮ ਲੂਆਂ ਬਨਸਪਤੀ ਝੁਲਸਾ ਦਿੰਦੀਆਂ ਹਨ, ਉਥੇ ਧਰਤੀ ਵੀ ਤ੍ਰਿਹਾਈ ਲੱਗਦੀ ਹੈ।

ਹਾੜ੍ਹ ਮਹੀਨੇ ਸਮੁੰਦਰ ਵਿੱਚ ਆਏ ਜਵਾਰਭਾਟੇ ਕਾਰਨ, ਚੱਕਰਵਾਤ ਬਣਕੇ ਸਮੁੰਦਰ ਵਿਚੋਂ ਉਠਦੀਆਂ ਨਮਕੀਨ ਤੇ ਸਿੱਲੀਆਂ ਸਮੁੰਦਰੀ ਹਵਾਵਾਂ ਕਾਰਨ ਪੈਦਾ ਹੋਈ ਨਮੀ ਦੌਰਾਨ ਭਾਰਤ ਦੇ ਕੇਰਲ ਵਰਗੇ ਸੂਬਿਆਂ ਦੇ ਸਮੁੰਦਰੀ ਕਿਨਾਰਿਆਂ ’ਤੇ ਮਾਨਸੂਨ ਦਸਤਕ ਦੇ ਦਿੰਦੀ ਹੈ, ਜੋ ਕਿ ਆਪਣਾ ਲੰਬਾ ਸਫਰ ਤੈਅ ਕਰਦੀ ਹੋਈ ਸਾਵਣ ਮਹੀਨੇ ਪੰਜਾਬ ਸਮੇਤ ਉਤਰੀ ਭਾਰਤ ਵਿੱਚ ਆ ਕੇ ਦਸਤਕ ਦਿੰਦੀ ਹੈ। ਕਈ ਵਾਰ ਮਾਨਸੂਨ ਸਮੇਂ ਤੋਂ ਪਹਿਲਾਂ ਵੀ ਆ ਜਾਂਦੀ ਹੈ, ਜਿਸ ਕਾਰਨ ਅਕਸਰ ਹਾੜ੍ਹ ਮਹੀਨੇ ਵੀ ਪੰਜਾਬ ਸਮੇਤ ਉਤਰੀ ਭਾਰਤ ਵਿੱਚ ਬਰਸਾਤ ਪੈ ਜਾਂਦੀ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਇਥੋਂ ਦੇ ਵੱਡੀ ਗਿਣਤੀ ਵਸਨੀਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸਬੰਧਿਤ ਧੰਦੇ ਹਨ। ਹਾੜ੍ਹ ਮਹੀਨਾ ਕਿਸਾਨੀ ਵਿੱਚ ਵੀ ਵਿਸ਼ੇਸ਼ ਮਹੱਤਵ ਰਖਦਾ ਹੈ। ਹਾੜ੍ਹ ਮਹੀਨੇ ਕਿਸਾਨ ਆਪਣੀ ਹਾੜ੍ਹੀ ਦੀ ਫਸਲ ਵੇਚ ਵੱਟ ਚੁੱਕੇ ਹੁੰਦੇ ਹਨ ਅਤੇ ਹਾੜ੍ਹੀ ਦੀ ਫਸਲ ਦੀ ਕਮਾਈ ਉਹਨਾਂ ਦੇ ਬੋਝੇ ਵਿੱਚ ਹੁੰਦੀ ਹੈ। ਇਸਦੇ ਨਾਲ ਹੀ ਕਿਸਾਨਾਂ ਵਲੋਂ ਸਾਉਣੀ ਦੀ ਫਸਲ ਦੀ ਬਿਜਾਈ ਹਾੜ੍ਹ ਮਹੀਨੇ ਸ਼ੁਰੂ ਕੀਤੀ ਜਾਂਦੀ ਹੈ। ਹਾੜ੍ਹ ਮਹੀਨੇ ਕਿਸਾਨ ਖੇਤਾਂ ਵਿੱਚ ਹਲ ਜਾਂ ਟਰੈਕਟਰ ਚਲਾ ਕੇ ਸਾਉਣੀ ਦੀ ਫਸਲ ਬੀਜਣ ਲਈ ਖੇਤਾਂ ਨੂੰ ਤਿਆਰ ਕਰਦੇ ਹਨ। ਹਾੜ੍ਹ ਮਹੀਨੇ ਕਿਸਾਨਾਂ ਦੇ ਰੁਝੇਵੇਂ ਕਾਫੀ ਵਧੇ ਹੁੰਦੇ ਹਨ, ਉਹ ਦਿਨ ਰਾਤ ਖੇਤਾਂ ਵਿੱਚ ਸਾਉਣੀ ਦੀ ਫਸਲ ਦੀ ਬਿਜਾਈ ਲਈ ਕੰਮ ਧੰਦੇ ਲੱਗੇ ਰਹਿੰਦੇ ਹਨ।

ਸ਼ਹਿਰਾਂ ਵਿੱਚ ਖੇਤੀਬਾੜੀ ਧੰਦੇ ਨਾਲ ਸਬੰਧਿਤ ਕੰਮ ਧੰਦਿਆਂ ਵਾਲੀਆਂ ਵਰਕਸ਼ਾਪਾਂ, ਖਾਦਾਂ ਤੇ ਕੀਤੇਮਾਰ ਦਵਾਈਆਂ ਦੀਆਂ ਦੁਕਾਨਾਂ, ਬੀਜਾਂ ਤੇ ਸਪਰੇਅ ਵਾਲੀਆਂ ਦੁਕਾਨਾਂ ਅਤੇ ਹੋਰ ਦੁਕਾਨਾਂ ਤੇ ਵੀ ਰੌਣਕਾਂ ਦਿਖਾਈ ਦਿੰਦੀਆਂ ਹਨ, ਕਿਉਂਕਿ ਸਾਉਣੀ ਦੀ ਫਸਲ ਦੀ ਬਿਜਾਈ ਲਈ ਕਿਸਾਨਾਂ ਨੂੰ ਇਹਨਾਂ ਦੁਕਾਨਾਂ ਤੋਂ ਖੇਤੀ ਨਾਲ ਸਬੰਧਿਤ ਸਮਾਨ ਲੈਣਾ ਪੈਂਦਾ ਹੈ ਅਤੇ ਵਰਕਸ਼ਾਪਾਂ ਦੇ ਮਿਸਤਰੀਆਂ ਤੋਂ ਆਪਣੇ ਟ੍ਰੈਕਟਰਾਂ ਤੇ ਹੋਰ ਖੇਤੀ ਸੰਦਾਂ ਦੀ ਸਰਵਿਸ ਅਤੇ ਰਿਪੇਅਰ ਕਰਵਾਉਣੀ ਪੈਂਦੀ ਹੈ। ਇਸ ਤੋਂ ਇਲਾਵਾ ਆੜਤੀਆਂ ਦੀਆਂ ਦੁਕਾਨਾਂ ’ਤੇ ਵੀ ਕਿਸਾਨਾਂ ਦੀ ਆਉਣੀ ਜਾਣੀ ਕਾਫੀ ਰਹਿੰਦੀ ਹੈ,ਕਿਉਂਕਿ ਹਰ ਕੰਮ ਪੈਸੇ ਨਾਲ ਹੁੰਦੇ ਹਨ ਅਤੇ ਕਿਸਾਨਾਂ ਲਈ ਆੜਤੀਏ ਅਜੇ ਵੀ ਉਨਾਂ ਦਾ ਨਿੱਜੀ ਅਤੇ ਭਰੋਸੇਯੋਗ ਬੈਂਕ ਹਨ।

> **ਹਾੜ੍ਹ ਮਹੀਨੇ ਇੱਕ ਪਾਸੇ ਪੂਰੀ ਬਨਸਪਤੀ ਕੁਮਲਾਅ ਜਾਂਦੀ ਹੈ ਪਰ ਗੁਲਮੋਹਰ ਅਤੇ ਅਮਲਤਾਸ ਦੇ ਰੁੱਖਾਂ ’ਤੇ ਜਵਾਨੀ ਪੈਲਾ ਪਾਉਣ ਲੱਗਦੀ ਹੈ। ਗੁਲਮੋਹਰ ਦੇ ਲਾਲ ਰੰਗੇ ਫੁੱਲਾਂ ਨੂੰ ਦੂਰੋਂ ਵੇਖ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਜੰਗਲ ਨੂੰ ਅੱਗ ਲੱਗ ਗਈ ਹੋਵੇ। ਦੂਜੇ ਪਾਸੇ ਅਮਲਤਾਸ ਦੇ ਖਿੜੇ ਹੋਏ ਪੀਲੇ ਫੁੱਲ ਹਾੜ੍ਹ ਮਹੀਨੇ ਦੀ ਤੇਜ਼ ਗਰਮੀ ਦੌਰਾਨ ਸ਼ੀਤਲਤਾ ਦਿੰਦੇ ਹਨ ਅਤੇ ਮਨੁੱਖ ਨੂੰ ਸੁਨੇਹਾ ਦਿੰਦੇ ਹਨ ਕਿ ਉਸ ਨੂੰ ਹਰ ਮੌਸਮ ਵਿੱਚ ਵੀ ਆਪਣਾ ਮਨ ਚੜ੍ਹਦੀਕਲਾ ਵਿੱਚ ਰਖਣਾ ਚਾਹੀਦਾ ਹੈ।**





ਦੂਜੇ ਪਾਸੇ ਹਾੜ੍ਹ ਮਹੀਨੇ ਸ਼ਹਿਰਾਂ ਦੀਆਂ ਵੱਖ ਵੱਖ ਧੰਦਿਆਂ ਨਾਲ ਸਬੰਧਿਤ ਵੱਡੀ ਗਿਣਤੀ ਦੁਕਾਨਾਂ ’ਤੇ ਦੁਪਹਿਰ ਸਮੇਂ ਵਿਰਾਨੀ ਛਾਈ ਰਹਿੰਦੀ ਹੈ, ਕਿਉਂਕਿ ਦੁਪਹਿਰ ਸਮੇਂ ਤੇਜ਼ ਧੁੱਪ ਅਤੇ ਚਲਦੀਆਂ ਗਰਮ ਲੂਆਂ ਕਾਰਨ ਲੋਕ ਖਰੀਦਦਾਰੀ ਕਰਨ ਲਈ ਘਰਾਂ ਤੋਂ ਬਾਹਰ ਨਹੀਂ ਨਿਕਲਦੇ, ਇਸ ਲਈ ਅਕਸਰ ਅਨੇਕਾਂ ਦੁਕਾਨਦਾਰ ਹਾੜ ਮਹੀਨੇ ਦੌਰਾਨ ਦੁਪਹਿਰ ਸਮੇਂ ਜਾਂ ਤਾਂ ਸੁਸਤਾਉਂਦੇ ਮਿਲਦੇ ਹਨ, ਜਾਂ ਆਪਸ ਵਿਚ ਮਿਲ ਕੇ ਤਾਸ਼ ਜਾਂ ਕੁਝ ਹੋਰ ਖੇਡਦੇ ਹਨ ਜਾਂ ਫਿਰ ਮੋਬਾਇਲ ਜਾਂ ਟੀ ਵੀ ਵੇਖ ਕੇ ਸਮਾਂ ਬਤੀਤ ਕਰਦੇ ਹੋਏ ਗਾਹਕਾਂ ਦੀ ਉਡੀਕ ਕਰਦੇ ਹਨ।



ਹਾੜ੍ਹ ਮਹੀਨੇ ਸੂਰਜ ਦੀ ਤੇਜ਼ ਧੁੱਪ ਅੱਗ ਵਰਾਉਂਦੀ ਲੱਗਦੀ ਹੈ, ਹਰ ਪਾਸੇ ਚੱਲ ਰਹੀਆਂ ਗਰਮ ਲੂਆਂ ਕਾਰਨ ਆਮ ਲੋਕਾਂ ਲਈ ਘਰਾਂ ਤੋਂ ਬਾਹਰ ਨਿਕਲਣਾ ਬਹੁਤ ਮੁਸ਼ਕਿਲ ਹੁੰਦਾ ਹੈ, ਇਸ ਲਈ ਸਿਰਫ ਜਰੂਰੀ ਕੰਮ ਧੰਦੇ ਲਈ ਲੋਕ ਆਪਣੇ ਘਰਾਂ ਤੋਂ ਬਾਹਰ ਨਿਕਲਦੇ ਹਨ। ਦੁਪਹਿਰ ਵੇਲੇ ਘੁੱਗ ਵਸਦੇ ਸ਼ਹਿਰਾਂ ਦੀਆਂ ਸੜਕਾਂ ’ਤੇ ਵੀ ਸੁੰਨ ਸਾਂ ਛਾਈ ਹੁੰਦੀ ਹੈ, ਜਿਵੇਂ ਰੋਹੀਆਂ ਕੱਲਰਾਂ ਦਾ ਰਾਹ ਹੋਵੇ। ਢਕੀਆਂ ਓਹਲੇ ਵਸੇ ਪਿੰਡਾਂ ਵਿੱਚ ਵੀ ਹਾੜ੍ਹ ਮਹੀਨੇ ਗਰਮੀ ਆਪਣਾ ਅਸਰ ਦਿਖਾਉਂਦੀ ਹੈ। ਗਰਮ ਲੂਆਂ ਦਾ ਰਾਹ ਢਕੀਆਂ ਵੀ ਨਹੀਂ ਰੋਕ ਸਕਦੀਆਂ। ਹਾੜ੍ਹ ਮਹੀਨੇ ਤਾਂ ਪਹਾੜੀ ਇਲਾਕਿਆਂ ਵਿੱਚ ਪਹਾੜ ਵੀ ਤਪਣ ਲੱਗ ਪੈਂਦੇ ਹਨ। ਹਾੜ੍ਹ ਦੀ ਤੇਜ਼ ਧੁੱਪ ਵਿੱਚ ਮਨੁੱਖਾਂ ਦੇ ਨਾਲ- ਨਾਲ ਪਸ਼ੂ ਅਤੇ ਪੰਛੀ ਵੀ ਰੁੱਖਾਂ ਪੈਦਾ ਕਰਦੇ ਹਨ, ਜਿਸ ਕਰਕੇ ਹਾੜ ਮਹੀਨੇ ਨੂੰ ਬੋਲਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਹਾੜ੍ਹ ਮਹੀਨੇ ਇਕ ਪਾਸੇ ਪੂਰੀ ਬਨਸਪਤੀ ਕੁਮਲਾਅ ਜਾਂਦੀ ਹੈ ਪਰ ਗੁਲਮੋਹਰ ਅਤੇ ਅਮਲਤਾਸ ਦੇ ਰੁੱਖਾਂ ’ਤੇ ਜਵਾਨੀ ਪੈਲਾ ਪਾਉਣ ਲੱਗਦੀ ਹੈ। ਗੁਲਮੋਹਰ ਦੇ ਲਾਲ ਰੰਗੇ ਫੁੱਲਾਂ ਨੂੰ ਦੂਰੋਂ ਵੇਖ ਕੇ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਜੰਗਲ ਨੂੰ ਅੱਗ ਲੱ ਗ ਗਈ ਹੋਵੇ। ਦੂਜੇ ਪਾਸੇ ਅਮਲਤਾਸ ਦੇ ਖਿੜੇ ਹੋਏ ਪੀਲੇ ਫੁੱਲ ਹਾੜ੍ਹ ਮਹੀਨੇ ਦੀ ਤੇਜ਼ ਗਰਮੀ ਦੌਰਾਨ ਸ਼ੀਤਲਤਾ ਦਿੰਦੇ ਹਨ ਅਤੇ ਮਨੁੱਖ ਨੂੰ ਸੁਨੇਹਾ ਦਿੰਦੇ ਹਨ ਕਿ ਉਸ ਨੂੰ ਹਰ ਮੌਸਮ ਵਿੱਚ ਵੀ ਆਪਣਾ ਮਨ ਚੜ੍ਹਦੀਕਲਾ ਵਿੱਚ ਰਖਣਾ ਚਾਹੀਦਾ ਹੈ। ਹਾੜ੍ਹ ਮਹੀਨੇ ਦੀ ਸ਼ੁਰੂਆਤ ਮੌਕੇ ਹਰ ਮਨੁੱਖ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਸਮਾਜ ਵਿੱਚ ਫੈਲੀਆਂ ਅਲਾਮਤਾਂ, ਨਸ਼ੇ ਦੇ ਕੋਹੜ ਨੂੰ ਦੂਰ ਕਰਨ ਵਿੱਚ ਆਪਣਾ ਯੋਗਦਾਨ ਪਾਵੇਗਾ ਅਤੇ ਪੰਜਾਬ ਨੂੰ ਮੁੜ ਰੰਗਲਾ ਬਣਾਉਣ ਲਈ ਆਪੋ ਆਪਣਾ ਯੋਗਦਾਨ ਪਾਵੇਗਾ।



# ਭਾਰਤ ਵਿਸ਼ਵ ਦੀ ਚੌਥੀ ਆਰਥਿਕਤਾ ਬਣ ਗਿਆ ਪਰ ਭੁੱਖਮਰੀ ਤੇ ਗ਼ਰੀਬੀ ਦਾ ਖ਼ਾਤਮਾ ਨਹੀਂ ਹੋਇਆ ?



ਡਾ. ਕੇਸਰ ਸਿੰਘ ਭੰਗੂ
ਸਾਬਕਾ ਡੀਨ ਅਤੇ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਅੱਜ-ਕੱਲ੍ਹ ਦੇਸ਼ ਵਿੱਚ ਸਿਆਸੀ ਪਾਰਟੀਆਂ, ਆਰਥਿਕ ਮਾਹਰਾਂ ਅਤੇ ਆਮ ਲੋਕਾਂ ਦਰਮਿਆਨ, ਭਾਰਤ ਦੀ ਅਰਥਵਿਵਸਥਾ ਦੀ ਕੁੱਲ ਘਰੇਲੂ ਉਤਪਾਦ ਦੇ ਮਾਮਲੇ ਵਿੱਚ ਦੁਨੀਆਂ ਵਿੱਚ ਚੰਗੀ ਹੋ ਰਹੀ ਦਰਜਾਬੰਦੀ ਦੀ ਗੱਲ ਚੱਲ ਰਹੀ ਹੈ, ਕਿਉਂਕਿ ਕਿ ਦੇਸ਼ ਹੁਣੇ ਹੀ ਜਪਾਨ ਨੂੰ ਪਿੱਛੇ ਛੱਡਦੇ ਹੋਏ ਵਿਸ਼ਵ ਦੀ ਚੌਥੀ ਵੱਡੀ ਅਰਥਵਿਵਸਥਾ ਬਣ ਗਿਆ ਹੈ। ਦੇਸ਼ ਦਾ ਕੁੱਲ ਘਰੇਲੂ ਪੈਦਾਵਾਰ 4 ਟ੍ਰਿਲੀਅਨ ਡਾਲਰ ਤੋਂ ਵਧੇਰੇ ਹੋ ਗਿਆ ਹੈ। ਪ੍ਰਧਾਨ ਮੰਤਰੀ ਅਤੇ ਭਾਜਪਾ ਨੇ ਇਸ ਉਪਲਬਧੀ ਨੂੰ ਪਹਿਲਾਂ ਵੀ ਚੋਣਾਂ ਵਿੱਚ ਆਪਣੀ ਪਾਰਟੀ ਲਈ ਵਰਤਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਰਤਣਗੇ। ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਰਮਨੀ ਨੂੰ ਪਛਾੜ ਕੇ ਦੁਨੀਆ ਦੀ ਅਮਰੀਕਾ ਅਤੇ ਚੀਨ ਤੋਂ ਬਾਅਦ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗਾ। ਪਹਿਲਾਂ ਭਾਰਤ ਇਸ ਦਰਜਾਬੰਦੀ ਵਿੱਚ 7ਵੇਂ ਸਥਾਨ ’ਤੇ ਸੀ ਪਰ ਅੱਜਕੱਲ੍ਹ ਅਮਰੀਕਾ, ਚੀਨ ਅਤੇ ਜਰਮਨੀ ਤੋਂ ਬਾਅਦ ਚੌਥੇ ਸਥਾਨ ’ਤੇ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇੱਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਕ ਭਾਵ ਖ਼ਰੀਦ ਸ਼ਕਤੀ ਬਰਾਬਰਤਾ ਹਿਸਾਬ ਨਾਲ ਭਾਰਤ ਅੱਜ ਹੀ, ਭਾਵ 2023 ਤੋਂ ਹੀ ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆਂ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਗਿਆ ਸੀ। ਇਸ ਹਿਸਾਬ ਨਾਲ ਚੀਨ ਦੀ ਕੁੱਲ ਘਰੇਲੂ ਪੈਦਾਵਾਰ 37.01 ਟ੍ਰਿਲੀਅਨ ਡਾਲਰ, ਅਮਰੀਕਾ ਦੀ 29.02 ਟ੍ਰਿਲੀਅਨ ਡਾਲਰ ਅਤੇ ਭਾਰਤ ਦੀ 16.0 ਟ੍ਰਿਲੀਅਨ ਡਾਲਰ ਸੀ। ਅੱਜਕੱਲ੍ਹ ਚੱਲ ਰਹੀ ਮੁਦਰਾ ਵਟਾਂਦਰਾ ਦਰ ਮੁਤਾਬਕ 1 ਅਮਰੀਕੀ ਡਾਲਰ ਭਾਰਤ ਦੇ 80 ਤੋਂ ਵੱਧ ਰੁਪਿਆ ਦੇ ਬਰਾਬਰ ਹੈ ਪਰ ਜਦੋਂ ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ ਵੇਖਦੇ ਹਾਂ ਤਾਂ ਅਸਲੀਅਤ ਦਾ ਪਤਾ ਲੱਗਦਾ ਹੈ। ਉਦਾਹਰਨ ਦੇ ਤੌਰ ’ਤੇ ਵੇਖੀਏ ਤਾਂ ਇਸ ਹਿਸਾਬ ਨਾਲ ਜੇਕਰ ਅਮਰੀਕਾ ਵਿੱਚ 25 ਕਿਲੋਮੀਟਰ ਸਫ਼ਰ ਕਰਨ ’ਤੇ 1 ਡਾਲਰ ਖ਼ਰਚ ਆਉਂਦਾ ਹੈ ਅਤੇ ਭਾਰਤ ਵਿੱਚ 25 ਕਿਲੋ ਮੀਟਰ ਸਫ਼ਰ ਕਰਨ ’ਤੇ 25 ਰੁਪਏ ਖ਼ਰਚ ਆਉਂਦੇ ਹਨ ਤਾਂ 1 ਅਮਰੀਕੀ ਡਾਲਰ ਭਾਰਤ ਦੇ 25 ਰੁਪਏ ਦੇ ਬਰਾਬਰ ਹੋਵੇਗਾ।



ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦਰਜਾਬੰਦੀ ਉੱਚੀ ਹੁੰਦੀ ਸੁਣ ਕੇ ਬਹੁਤ ਫ਼ਖ਼ਰ ਮਹਿਸੂਸ ਹੁੰਦਾ ਹੈ ਅਤੇ ਲਗਦਾ ਹੈ ਕਿ ਦੇਸ਼ ਜਲਦੀ ਹੀ ਵਿਸ਼ਵਗੁਰੂ ਬਣ ਜਾਵੇਗਾ। ਪਰ ਇਸ ਦੇ ਆਰਥਿਕ ਨਾਲੋਂ ਸਿਆਸੀ ਮਾਅਨੇ ਜ਼ਿਆਦਾ ਹਨ, ਕਿਉਂਕਿ ਇਹ ਹਕੂਮਤ ਕਰ ਰਹੀ ਸਿਆਸੀ ਪਾਰਟੀ ਅਤੇ ਮੌਜੂਦਾ ਸਰਕਾਰ ਨੂੰ ਸਿਆਸੀ ਤੌਰ ’ਤੇ ਤਸੱਲੀ ਅਤੇ ਹੌਸਲਾ ਜ਼ਰੂਰ ਪ੍ਰਦਾਨ ਕਰਦਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ, ਕੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੀ ਸੁਧਰ ਰਹੀ ਦਰਜਾਬੰਦੀ ਦੇ ਨਾਲ ਨਾਲ ਪ੍ਰਤੀ ਵਿਅਕਤੀ ਆਮਦਨ, ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆ, ਅਸਮਾਨ ਛੂੰਹਦੀ ਮਹਿੰਗਾਈ ਅਤੇ ਹੋਰ ਆਰਥਿਕ ਇੰਡੀਕੇਟਰਾਂ ਵਿੱਚ ਵੀ ਸੁਧਾਰ ਜਾਂ ਵਾਧਾ ਹੋ ਰਿਹਾ ਹੈ ਜਾਂ ਨਹੀਂ ?

ਸਭ ਤੋਂ ਪਹਿਲਾਂ ਜੇ ਗੱਲ ਕਰੀਏ ਕੀ ਭਾਰਤ ਦੀ ਅਰਥਵਿਵਸਥਾ ਦੀ, ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਉੱਪਰ ਆ ਰਹੀ ਦਰਜਾਬੰਦੀ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਲਾਭ ਵੀ ਮਿਲ ਰਿਹਾ ਹੈ ਜਾਂ ਨਹੀਂ ? ਭਾਵ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ ? ਆਮ ਤੌਰ ’ਤੇ ਆਰਥਿਕ ਮਾਹਰ ਅਤੇ ਸੰਸਥਾਵਾਂ ਕੁੱਲ ਘਰੇਲੂ ਪੈਦਾਵਾਰ ਦੇ ਪੱਧਰ ਨਾਲੋਂ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਨੂੰ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਆਦਾ ਕਾਰਗਰ ਸੂਚਕ ਮੰਨਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਆਮ ਤੌਰ ’ਤੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਪੱਧਰ ਮੁਤਾਬਕ ਦੁਨੀਆ ਦੇ ਦੇਸ਼ਾਂ ਨੂੰ ਤਿੰਨ ਭਾਗਾਂ ਵਿਚ ਵੰਡਦੀਆਂ ਹਨ। ਪਹਿਲਾਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਦੂਜਾ ਮਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਤੀਜਾ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਇਸ ਵੰਡ ਮੁਤਾਬਕ ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਿਲ ਹੈ ,ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਘੱਟ ਹੈ। ਜਦੋਂ ਭਾਰਤ 2013-14 ਵਿਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿਚ ਨੌਂਵੇਂ ਸਥਾਨ ’ਤੇ ਸੀ ਪਰ ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆ ਵਿਚ 147ਵੇਂ ਸਥਾਨ ’ਤੇ ਸੀ ਭਾਵ ਦੇਸ਼ ਕੁਝ ਟਾਪੂਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਹੀ ਉੱਪਰ ਸੀ। ਵਰਨਣਯੋਗ ਹੈ ਕਿ ਭਾਰਤ ਦਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿੱਚ ਅੱਗੇ ਹੈ। ਫ਼ੇਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਕ 7ਵੇਂ ਸਥਾਨ ’ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਚੌਥੇ ਸਥਾਨ ’ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿੱਚ ਮਾਮੂਲੀ ਵਾਧੇ ਨਾਲ 136ਵੇਂ ਸਥਾਨ ’ਤੇ ਹੈ। ਸਪੱਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ ਵਿੱਚ ਦੇਸ਼ ਬਹੁਤ ਪਿੱਛੇ ਹੈ ਅਤੇ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ।

ਹੁਣ ਗੱਲ ਕਰਦੇ ਹਾਂ ਭਾਰਤ ਦੇ ਮੁਕਾਬਲੇ ਉਨ੍ਹਾਂ ਦੇਸ਼ਾਂ ਦੀ, ਜਿਨ੍ਹਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿੱਚ ਪਛਾੜਿਆ ਹੈ ਜਾਂ ਭਵਿੱਖ ਵਿੱਚ ਤੀਜੇ ਦਰਜੇ ’ਤੇ ਆ ਕੇ ਪਛਾੜ ਦੇਵੇਗਾ। ਜਿਨ੍ਹਾਂ ਦੇਸ਼ਾਂ ਨੂੰ ਪਛਾੜਿਆ ਹੈ, ਉਨ੍ਹਾਂ ਵਿੱਚ ਮੁੱਖ ਤੌਰ ’ਤੇ ਬ੍ਰਾਜ਼ੀਲ, ਫ਼ਰਾਂਸ, ਇਟਲੀ, ਜਪਾਨ ਅਤੇ ਬਰਤਾਨੀਆ ਸ਼ਾਮਿਲ ਹਨ ਅਤੇ ਅਤੇ ਜਰਮਨੀ ਨੂੰ 2027 ਤੱਕ ਪਛਾੜ ਦੇਵੇਗਾ। ਸਾਲ 2013 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਮਹਿਜ 1438 ਅਮਰੀਕੀ ਡਾਲਰ ਸੀ, ਜਦੋਂ ਕਿ ਉਸੇ ਸਾਲ ਬਰਤਾਨੀਆ ਦੀ ਪ੍ਰਤੀ ਵਿਅਕਤੀ ਆਮਦਨ 43449 ਡਾਲਰ, ਫ਼ਰਾਂਸ 42603 ਡਾਲਰ, ਇਟਲੀ 35560 ਡਾਲਰ ਅਤੇ ਬ੍ਰਾਜ਼ੀਲ 12259, ਭਾਵ ਜਿਨ੍ਹਾਂ ਦੇਸ਼ਾਂ ਨੂੰ ਪਿੱਛੇ ਛੱਡਿਆ ਸੀ ਭਾਰਤ ਦਾ ਪ੍ਰਤੀ ਵਿਅਕਤੀ ਆਮਦਨ ਵਿੱਚ ਉਨ੍ਹਾਂ ਨਾਲ ਕੋਈ ਮੁਕਾਬਲਾ ਹੀ ਨਹੀਂ ਹੈ, ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਨੀਵੇਂ ਪੱਧਰ ’ਤੇ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2013-14 ਵਿੱਚ ਸਾਲਾਨਾ 1438 ਅਮਰੀਕੀ ਡਾਲਰ ਤੋਂ ਵੱਧ ਕੇ 2022-23 ਵਿੱਚ 2389 ਡਾਲਰ ਹੋ ਗਈ ਸੀ, ਜਿਹੜੀ ਕਿ ਅੱਜਕੱਲ੍ਹ 2878 ਡਾਲਰ ਦੇ ਨੇੜੇ ਹੈ। ਇਨ੍ਹਾਂ ਦੇਸ਼ਾਂ ਦੇ ਬਾਕੀ ਆਰਥਿਕ ਸੂਚਕ ਅੰਕ ਜਿਵੇਂ ਕਿ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾ-ਬਰਾਬਰੀਆਂ ਵੀ ਭਾਰਤ ਨਾਲੋਂ ਕਿਤੇ ਬਿਹਤਰੀਨ ਹਨ। ਉਦਾਹਰਨ ਦੇ ਤੌਰ ’ਤੇ ਦੇਸ਼ ਦੇ 1 ਪ੍ਰਤੀਸ਼ਤ ਅਮੀਰਾਂ ਕੋਲ 40 ਪ੍ਰਤੀਸ਼ਤ ਤੋਂ ਜ਼ਿਆਦਾ ਸੰਪਤੀ ਅਤੇ 23 ਪ੍ਰਤੀਸ਼ਤ ਰਾਸ਼ਟਰੀ ਆਮਦਨ ਹੈ। ਹੇਠਲੇ 50 ਪ੍ਰਤੀਸ਼ਤ ਲੋਕਾਂ ਕੋਲ 15 ਪ੍ਰਤੀਸ਼ਤ ਆਮਦਨ ਅਤੇ 6 ਪ੍ਰਤੀਸ਼ਤ ਦੇ ਨੇੜੇ ਸੰਪਤੀ ਹੈ। ਜਦੋਂਕਿ ਮੁਕਾਬਲੇ ਵਾਲੇ ਦੇਸ਼ਾਂ ਵਿੱਚ ਆਮਦਨ ਅਤੇ ਸੰਪਤੀ ਦੀਆਂ ਅਸਮਾਨਤਾਵਾਂ ਅਤੇ ਨਾਬਰਾਬਰੀਆਂ ਬਹੁਤ ਘੱਟ ਹਨ। ਅੱਗੇ ਦੇਸ਼ ਦੀ ਵਸੋਂ ਦੇ ਬਹੁਤ ਵੱਡੇ ਹਿੱਸੇ (ਲੱਗਭਗ 90 ਪ੍ਰਤੀਸ਼ਤ ਤੋਂ ਵੱਧ) ਨੂੰ ਗੈਰ ਸੰਗਠਿਤ ਖੇਤਰ ਵਿੱਚ ਰੁਜ਼ਗਾਰ ਪ੍ਰਾਪਤ ਹੈ, ਜਿਥੇ ਕਿਸੇ ਕਿਸਮ ਦੀ ਰੁਜ਼ਗਾਰ ਦੀ ਗਾਰੰਟੀ, ਪੈਨਸ਼ਨ, ਸਮਾਜਿਕ ਸੁਰੱਖਿਆ, ਰੁਜ਼ਗਾਰ ਲਿਖਤੀ ਸਮਝੌਤਾ ਆਦਿ ਨਹੀਂ ਹਨ। ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਦੇਸ਼ ਵਿੱਚ ਵੱਡੇ ਪੱਧਰ ’ਤੇ ਬੇਰੁਜ਼ਗਾਰੀ ਪਾਈ ਜਾ ਰਹੀ ਹੈ, ਖ਼ਾਸ ਕਰਕੇ ਨੌਜਵਾਨਾਂ ਅਤੇ ਪੜ੍ਹਿਆਂ-ਲਿਖਿਆਂ ਵਿੱਚ। ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਭਾਰਤ ਉਦੋਂ ਹੀ ਖੁਸ਼ਹਾਲ ਦੇਸ਼ ਬਣ ਸਕਦਾ ਹੈ ਜਦੋਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੁਨੀਆ ਦੇ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੋ ਜਾਵੇਗਾ ਅਤੇ ਦੇਸ਼ ਵਿਚੋਂ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਆਰਥਿਕ ਨਾਬਰਾਬਰੀਆਂ ਖ਼ਤਮ ਹੋ ਜਾਣਗੀਆਂ, ਨਾ ਕਿ ਉਦੋਂ ਜਦੋਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਤੀਜੇ ਜਾਂ ਪਹਿਲੇ ਸਥਾਨ ’ਤੇ ਆ ਜਾਵੇਗਾ। ਅਜਿਹਾ ਕਰਨ ਲਈ ਦੇਸ਼ ਵਿੱਚ ਮੌਜੂਦਾ ਕੇਂਦਰੀ ਸਰਕਾਰ ਦੁਆਰਾ ਚਲਾਈਆਂ ਜਾ ਰਹੀ ਆਰਥਿਕ ਨੀਤੀਆਂ, ਜਿਹੜੀਆਂ ਕਿ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਅਤੇ ਕਾਰਪੋਰੇਟਾਂ ਦਾ ਪੱਖ ਪੂਰ ਰਹੀਆਂ ਹਨ, ਨੂੰ ਆਮ ਲੋਕਾਂ ਦੇ ਹਿੱਤਾਂ ਵਿੱਚ ਬਦਲਣਾ ਪਵੇਗਾ। ਕੇਂਦਰੀ ਸਰਕਾਰ ਕੇਵਲ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ, ਸਗੋਂ ਉਹ ਤਾਂ ਨਵੇਂ ਕਾਨੂੰਨ ਅਤੇ ਮੌਜੂਦਾ ਕਾਨੂੰਨਾਂ ਵਿੱਚ ਤਰਮੀਮਾਂ ਵੀ ਕਾਰਪੋਰੇਟਾਂ ਅਤੇ ਪੂੰਜੀਪਤੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕਰ ਰਹੀ ਹੈ। ਉਦਾਹਰਣ ਦੇ ਤੌਰ ’ਤੇ ਦੇਸ਼ ਦੇ ਬਹੁਤ ਨਿਗੁਣ ਕਰਾਂ (ਸਾਰੇ ਕਿਸਮਾਂ ਦੇ) ਅਤੇ ਕੁੱਲ ਘਰੇਲੂ ਪੈਦਾਵਾਰ ਦੇ 11-12% ਦੇ ਅਨੁਪਾਤ ਨੂੰ ਮੁਕਾਬਲੇ ਵਾਲੇ ਦੇਸ਼ਾਂ ਦੇ ਬਰਾਬਰ, ਲਗਭਗ 30 ਪ੍ਰਤੀਸ਼ਤ ਤੋਂ ਵੱਧ ਕਰਨਾ ਪਵੇਗਾ ਅਜਿਹਾ ਸਰਮਾਏਦਾਰਾਂ, ਪੂੰਜੀਪਤੀਆਂ, ਕਾਰਪੋਰੇਟਾਂ ਅਤੇ ਹੋਰ ਅਮੀਰ ਲੋਕਾਂ ’ਤੇ ਕਰਾਂ ਦੀਆਂ ਦਰਾਂ ਨੂੰ ਵਧਾ ਕੇ ਕੀਤਾ ਜਾ ਸਕਦਾ ਹੈ। ਜੇਕਰ ਵਧਦੀ ਕੁੱਲ ਘਰੇਲੂ ਪੈਦਾਵਾਰ ਦਾ ਲਾਭ ਦੇਸ਼ ਦੇ ਆਮ ਲੋਕਾਂ ਤੱਕ ਪਹੁੰਚਾਉਣਾ ਹੈ ਤਾਂ ਕੇਵਲ ਢੰਢੋਰਾ ਪਿੱਟਣ ਨਾਲ ਸਿਆਸੀ ਲਾਹਾ ਤਾਂ ਖੱਟਿਆ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ ’ਤੇ ਆਮ ਲੋਕਾਂ ਲਈ ਕੁਝ ਵੀ ਨਹੀਂ ਬਦਲੇਗਾ।

ਇਸ ਲਈ ਸਭ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿੱਚ ਬਰਾਬਰੀ ਦੀ ਵੰਡ ਦੇ ਆਧਾਰ ’ਤੇ ਉੱਚੀ ਆਰਥਿਕ ਤਰੱਕੀ ਦੀ ਦਰ ਹਾਸਿਲ ਕਰਨਾ ਪਵੇਗਾ। ਭਾਵ ਆਰਥਿਕ ਤਰੱਕੀ ਨਾਲ ਵਧੀ ਕੁੱਲ ਘਰੇਲੂ ਪੈਦਾਵਾਰ ਕੁਝ ਅਮੀਰਾਂ ਦੇ ਹੱਥਾਂ ਵਿੱਚ ਹੀ ਨਾ ਰਹਿ ਜਾਵੇ, ਸਗੋਂ ਵਧੀ ਹੋਈ ਪੈਦਾਵਾਰ ਦਾ ਬਰਾਬਰ ਲਾਭ ਦੇਸ਼ ਦੇ ਆਮ ਲੋਕਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ। ਇਸ ਦੇ ਨਾਲ ਹੀ ਦੇਸ਼ ਵਿੱਚ ਬਹੁਤ ਵੱਡੇ ਪੱਧਰ ’ਤੇ ਲਾਭਕਾਰੀ ਰੁਜ਼ਗਾਰ ਵੀ ਆਮ ਲੋਕਾਂ ਲਈ ਪੈਦਾ ਕਰਨਾ ਪਵੇਗਾ, ਕਿਉਂਕਿ ਭਾਰਤ ਵਿੱਚ ਬਹੁਤ ਵੱਡੇ ਪੱਧਰ ’ਤੇ ਬੇਰੁਜ਼ਗਾਰੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੀ ਬਹੁਤ ਘਾਟ ਹੈ ਅਤੇ ਉਹ ਸਮੇਂ ਦੇ ਹਾਣਦੀਆਂ ਨਹੀਂ ਹਨ, ਜਿਸ ਕਾਰਨ ਦੇਸ਼ ਦੇ ਸਿਹਤ ਅਤੇ ਸਿੱਖਿਆ ਨਾਲ ਸੰਬੰਧਿਤ ਸੂਚਕ ਅੰਕ ਵੀ ਦੁਨੀਆ ਦੇ ਉਪਰਲੇ ਦੇਸ਼ਾਂ ਮੁਕਾਬਲੇ ਵਿੱਚ ਬਹੁਤ ਪਿਛੜੇ ਹੋਏ ਹਨ। ਅਜਿਹਾ ਕਰਨ ਲਈ ਦੇਸ਼ ਵਿੱਚ ਸਰਕਾਰ ਨੂੰ ਅਸਲ ਨਿਵੇਸ਼ ਨੂੰ ਵਧਾਉਣਾ ਪਵੇਗਾ, ਖ਼ਾਸ ਕਰਕੇ ਰੁਜ਼ਗਾਰ ਪੈਦਾ ਕਰਨ ਦੇ ਮੌਕਿਆਂ ਵਿੱਚ, ਸਿਹਤ ਅਤੇ ਸਿੱਖਿਆ ਖੇਤਰ ਵਿੱਚ ਅਤੇ ਖੇਤੀਬਾੜੀ ਖ਼ੇਤਰ ਵਿੱਚ।

(ਬਾਕੀ ਸਫ਼ਾ 31 ’ਤੇ)

# ਸਾਈਬਰ ਗਰੂਮਿੰਗ-ਬੱਚਿਆਂ ਦਾ ਭਵਿੱਖ ਖ਼ਤਰੇ ਵਿੱਚ

## ਸਰਕਾਰ, ਮਾਪਿਆਂ ਅਤੇ ਸਮਾਜ ਨੂੰ ਜਾਗਣ ਦੀ ਲੋੜ

ਸੰਦੀਪ ਕੁਮਾਰ

ਸਾਈਬਰ ਗਰੂਮਿੰਗ ਇੱਕ ਅਜਿਹਾ ਅਪਰਾਧ ਹੈ, ਜੋ ਇੰਟਰਨੈੱਟ ਦੀਆਂ ਗੁੰਝਲਦਾਰ ਗਲੀਆਂ ਵਿਚੋਂ ਨਿੱਕਲ ਕੇ ਬੱਚਿਆਂ ਨੂੰ ਆਪਣੇ ਜਾਲ ਵਿੱਚ ਫਸਾਉਂਦਾ ਹੈ। ਅਪਰਾਧੀ ਬੱਚਿਆਂ ਨਾਲ ਸੋਸ਼ਲ ਮੀਡੀਆ, ਚੈਟ ਐਪਾਂ ਜਾਂ ਗੇਮਿੰਗ ਸਾਈਟਾਂ ਰਾਹੀਂ ਦੋਸਤੀ ਕਰਦਾ ਹੈ, ਵਿਸ਼ਵਾਸ ਜਿੱਤਦਾ ਹੈ ਅਤੇ ਫਿਰ ਉਨ੍ਹਾਂ ਦਾ ਜਿਨਸੀ ਸ਼ੋਸ਼ਣ, ਧੋਖਾਧੜੀ ਜਾਂ ਹੋਰ ਗ਼ੈਰ-ਕਾਨੂੰਨੀ ਗਤੀਵਿਧੀਆਂ ਲਈ ਤਿਆਰ ਕਰਦਾ ਹੈ। ਇਹ ਸਮੱਸਿਆ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕਰਦੀ ਹੈ, ਖਾਸ ਕਰਕੇ ਬੱਚਿਆਂ ਨੂੰ, ਜੋ ਇੰਟਰਨੈੱਟ ’ਤੇ ਬਹੁਤ ਸਮਾਂ ਬਿਤਾਉਂਦੇ ਹਨ।

### ਸਮਾਜ ਅਤੇ ਬੱਚਿਆਂ ’ਤੇ ਪ੍ਰਭਾਵ

ਸਾਈਬਰ ਗਰੂਮਿੰਗ ਬੱਚਿਆਂ ਦੇ ਮਨਾਂ ’ਤੇ ਡੂੰਘਾ ਅਸਰ ਪਾਉਂਦੀ ਹੈ, ਜਿਸ ਨਾਲ ਉਹ ਡਰ, ਸ਼ਰਮਿੰਦਗੀ ਅਤੇ ਅਪਰਾਧਬੋਧ ਨਾਲ ਘਿਰ ਜਾਂਦੇ ਹਨ। ਇਸ ਨਾਲ ਉਨ੍ਹਾਂ ਦਾ ਆਤਮ-ਸਨਮਾਨ ਘਟਦਾ ਹੈ ਅਤੇ ਉਹ ਸਮਾਜ ਤੋਂ ਵੱਖਰੇ ਹੋ ਜਾਂਦੇ ਹਨ। ਮਾਨਸਿਕ ਸਮੱਸਿਆਵਾਂ ਜਿਵੇਂ ਡਿਪਰੈਸ਼ਨ, ਚਿੰਤਾ ਅਤੇ ਪੋਸਟ-ਟਰੌਮੈਟਿਕ ਸਟਰੈਸ ਡਿਸਆਰਡਰ ਵਰਗੀਆਂ ਬਿਮਾਰੀਆਂ ਵੀ ਹੋ ਸਕਦੀਆਂ ਹਨ। ਸਰੀਰਕ ਤੌਰ ’ਤੇ, ਇਹ ਜਿਨਸੀ ਸ਼ੋਸ਼ਣ, ਅਗਵਾ ਜਾਂ ਹਿੰਸਾ ਦਾ ਕਾਰਨ ਬਣ ਸਕਦਾ ਹੈ। ਸਮਾਜਿਕ ਤੌਰ ’ਤੇ, ਬੱਚੇ ਪਰਿਵਾਰ ਅਤੇ ਦੋਸਤਾਂ ਤੋਂ ਦੂਰ ਹੋ ਜਾਂਦੇ ਹਨ, ਜਿਸ ਨਾਲ ਇਕੱਲਾਪਣ ਅਤੇ ਅਪਰਾਧੀ ਦਾ ਪ੍ਰਭਾਵ ਵਧਦਾ ਹੈ।



### 2023-2025: ਭਾਰਤ ਅਤੇ ਪੰਜਾਬ ਦੇ ਅੰਕੜੇ

ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ ਮੁਤਾਬਕ, 2020 ਤੋਂ 2022 ਤੱਕ ਸਾਈਬਰ ਅਪਰਾਧਾਂ ’ਚ 63.5% ਦਾ ਵਾਧਾ ਹੋਇਆ, 2023 ’ਚ 65,000 ਤੋਂ ਵੱਧ ਮਾਮਲੇ ਦਰਜ ਹੋਏ, ਜਿਨ੍ਹਾਂ ਵਿਚੋਂ ਕਈ ਬੱਚਿਆਂ ਨਾਲ ਸਬੰਧਤ ਸਨ। 2024 ਦੀ ਇੱਕ ਰਿਪੋਰਟ ਮੁਤਾਬਕ, 2022-2023 ਵਿੱਚ ਆਨਲਾਈਨ ਸ਼ੋਸ਼ਣ ਦੇ ਮਾਮਲਿਆਂ ਵਿੱਚ 20% ਵਾਧਾ ਹੋਇਆ। 2025 ਦੇ ਮੱਧ ਤੱਕ, ਮਾਹਿਰਾਂ ਅਨੁਸਾਰ, ਇਸ ਵਿੱਚ 15-20% ਹੋਰ ਵਾਧੇ ਦੀ ਸੰਭਾਵਨਾ ਹੈ।ਪੰਜਾਬ ਵਿੱਚ 70% ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਅਤੇ 2022-2024 ’ਚ ਸਾਈਬਰ ਗਰੂਮਿੰਗ ਦੇ ਮਾਮਲਿਆਂ ’ਚ 25% ਵਾਧਾ ਹੋਇਆ।

2024 ਵਿੱਚ 1,200 ਤੋਂ ਵੱਧ ਸਾਈਬਰ ਅਪਰਾਧ ਦਰਜ ਹੋਏ, ਜਿਨ੍ਹਾਂ ’ਚੋਂ 15-20% ਬੱਚਿਆਂ ਨਾਲ ਸਬੰਧਤ ਸਨ। ਸ਼ਹਿਰੀ ਖੇਤਰਾਂ ਜਿਵੇਂ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਮਾਮਲੇ ਵੱਧ ਹਨ, ਪਰ ਪੇਂਡੂ ਖੇਤਰ ਵੀ ਪ੍ਰਭਾਵਿਤ ਹਨ।


### ਬਚਾਅ ਦੇ ਤਰੀਕੇ ਜਾਗਰੂਕਤਾ:

ਬੱਚਿਆਂ ਅਤੇ ਮਾਪਿਆਂ ਨੂੰ ਇੰਟਰਨੈੱਟ ਦੇ ਖਤਰਿਆਂ ਬਾਰੇ ਸਿੱਖਿਆ ਦਿਓ। ਸਕੂਲਾਂ ਵਿੱਚ ਡਿਜੀਟਲ ਸੁਰੱਖਿਆ ਸਿੱਖਿਆ ਦਾ ਹਿੱਸਾ ਹੋਣੀ ਚਾਹੀਦੀ। ਮਾਪਿਆਂ ਨੂੰ ਬੱਚਿਆਂ ਨਾਲ ਬਿਨਾਂ ਡਰ ਦੇ ਸਮੱਸਿਆਵਾਂ ਸਾਂਝੀਆਂ ਕਰਨ ਦੀ ਸੁਰੱਖਿਅਤ ਜਗ੍ਹਾ ਬਣਾਉਣੀ ਚਾਹੀਦੀ। ਪੇਰੈਂਟਲ ਕੰਟਰੋਲ ਸਾਫਟਵੇਅਰ ਦੀ ਵਰਤੋਂ ਕਰੋ, ਡਿਵਾਈਸਾਂ ਨੂੰ ਪ੍ਰਾਈਵੇਟ ਮੋਡ ’ਤੇ ਰੱਖੋ। ਬੱਚਿਆਂ ਨੂੰ ਨਿੱਜੀ ਜਾਣਕਾਰੀ, ਤਸਵੀਰਾਂ ਜਾਂ ਵੀਡੀਓ ਸਾਂਝੇ ਨਾ ਕਰਨ ਦੀ ਸਲਾਹ ਦਿਓ। ਸ਼ੱਕੀ ਗੱਲਬਾਤ ਦੀ ਤੁਰੰਤ ਸੂਚਨਾ ਦੇਣ ਲਈ ਕਹੋ। ਪਿੰਡਾਂ, ਸਕੂਲਾਂ ਅਤੇ ਸਥਾਨਕ ਸਮੂਹਾਂ ਨੂੰ ਸਾਈਬਰ ਸੁਰੱਖਿਆ ਵਰਕਸ਼ਾਪਾਂ ਕਰਨੀਆਂ ਚਾਹੀਦੀਆਂ ਹਨ।

### ਸਰਕਾਰ ਦੀ ਜ਼ਿੰਮੇਵਾਰੀ

ਸਖ਼ਤ ਕਾਨੂੰਨ: ਪਾਕਸੋ ਐਕਟ ਅਧੀਨ ਸਖ਼ਤ ਸਜ਼ਾਵਾਂ ਲਾਗੂ ਕਰੋ, ਮਾਮਲਿਆਂ ਨੂੰ ਤੇਜ਼ੀ ਨਾਲ ਨਿਪਟਾਓ। ਪੰਜਾਬ ਵਿੱਚ ਸਾਈਬਰ ਅਪਰਾਧ ਸੈੱਲਾਂ ਨੂੰ ਮਜ਼ਬੂਤ ਕਰੋ, ਤਕਨੀਕੀ ਸਹੂਲਤਾਂ ਵਧਾਓ। ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਸਾਈਬਰ ਸੁਰੱਖਿਆ ਮੁਹਿੰਮਾਂ ਸ਼ੁਰੂ ਕਰੋ।ਸਾਈਬਰ ਗਰੂਮਿੰਗ ਸਿਰਫ਼ ਇੱਕ ਵਿਅਕਤੀ ਜਾਂ ਪਰਿਵਾਰ ਨੂੰ ਨਹੀਂ, ਸਗੋਂ ਸਮੁੱਚੇ ਸਮਾਜ ਨੂੰ ਖਤਰੇ ਵਿੱਚ ਪਾਉਂਦੀ ਹੈ। ਜਾਗਰੂਕਤਾ, ਸਿੱਖਿਆ ਅਤੇ ਸਮੇਂ ਸਿਰ ਕਦਮਾਂ ਨਾਲ ਹੀ ਅਸੀਂ ਬੱਚਿਆਂ ਨੂੰ ਇਸ ਡਿਜੀਟਲ ਸੱਪ ਦੇ ਜ਼ਹਿਰ ਤੋਂ ਬਚਾ ਸਕਦੇ ਹਾਂ, ਉਨ੍ਹਾਂ ਦਾ ਭਵਿੱਖ ਸੁਰੱਖਿਅਤ ਕਰ ਸਕਦੇ ਹਾਂ।

# ਅਜੋਕੀ ਰਾਜਨੀਤੀ ਵਿੱਚ ਸਿੱਖ ਭਾਈਚਾਰਾ ਆਪਣੀ ਸਪੇਸ ਕਿਉਂ ਗੁਆ ਰਿਹਾ ਹੈ ? ਇਸ ਦਾ ਹੱਲ ਕੀ ਹੈ ?



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਪਿਛਲੇ ਦਿਨਾਂ ਵਿੱਚ ਸਿੱਖ ਪੰਥ ਦੇ ਰਾਜਨੀਤਕ ਤੇ ਧਾਰਮਿਕ ਸੰਗਠਨਾਂ ਦੇ ਇਰਦ-ਗਿਰਦ ਕੁੱਝ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਦਾ ਨੋਟਿਸ ਲੈਣਾ ਬਣਦਾ ਹੈ।

1. ਪ੍ਰਗਟ ਕੀਤੇ ਜਾ ਰਹੇ ਸ਼ੰਕਿਆਂ ਦੇ ਉਲਟ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਾਕਾ ਨੀਲਾ ਤਾਰਾ ਦੀ 41ਵੀਂ ਵਰ੍ਹੇਗੰਢ 'ਤੇ ਹੋਇਆ ਸ਼ਰਧਾਂਜਲੀ ਸਮਾਗਮ ਪੁਰਅਮਨ ਰਿਹਾ। ਇਸ ਸਮਾਗਮ ਦੇ ਪੁਰਅਮਨ ਰਹਿਣ 'ਤੇ ਦੇਸ਼-ਵਿਦੇਸ਼ ਵਿੱਚ ਬੈਠੀਆਂ ਸਿੱਖ ਸੰਗਤਾਂ ਅਤੇ ਸਮੁੱਚੇ ਤੌਰ 'ਤੇ ਪੰਜਾਬੀਆਂ ਵੱਲੋਂ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਦਾ ਇਸ ਸੰਬੰਧ ਵਿੱਚ ਵਿਸ਼ੇਸ਼ ਰੋਲ ਰਿਹਾ ਪਰ ਇਸ ਦੇ ਬਾਵਜੂਦ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਸੰਬੰਧੀ ਵਿਵਾਦ ਅਜੇ ਹੱਲ ਨਹੀਂ ਹੋਇਆ।

8 ਜੂਨ ਨੂੰ ਸੰਗਰੂਰ ਵਿਖੇ ਬਜ਼ੁਰਗ ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਂਡਸਾ ਸੰਬੰਧੀ ਸ਼ਰਧਾਂਜਲੀ ਸਮਾਗਮ ਵਿੱਚ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਸੀਨੀਅਰ ਆਗੂ ਪਹੁੰਚੇ ਅਤੇ ਇਸ ਤੋਂ ਇਲਾਵਾ ਨੋਟ ਕਰਨ ਵਾਲੀ ਗੱਲ ਇਹ ਵੀ ਸੀ ਕਿ ਇਸ ਵਿੱਚ ਅਕਾਲੀ ਦਲ ਦੇ ਵੀ ਲਗਭਗ ਸਾਰੇ ਧੜਿਆਂ ਦੇ ਆਗੂ ਹਾਜ਼ਰ ਸਨ। ਇਸ ਸਮਾਗਮ ਦੀ ਖ਼ਾਸੀਅਤ ਇਹ ਰਹੀ ਕਿ ਇਸ ਵਿੱਚ ਅਕਾਲੀ ਦਲ ਦੀ ਏਕਤਾ ਦੀ ਗੱਲ ਬੜੇ ਜ਼ੋਰ-ਸ਼ੋਰ ਨਾਲ ਉੱਭਰੀ। ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਇਹ ਚਾਹੁੰਦੇ ਸਨ ਕਿ ਅਕਾਲੀ ਦਲ ਵਿੱਚ ਮੁੜ ਤੋਂ ਏਕਤਾ ਹੋਵੇ। ਹੈਰਾਨੀ ਵਾਲੀ ਗੱਲ ਇਹ ਵੀ ਸੀ ਕਿ ਅਕਾਲੀ ਏਕਤਾ ਦੀ ਸਭ ਤੋਂ ਵੱਧ ਜ਼ੋਰਦਾਰ ਵਕਾਲਤ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਦੇਸ਼ ਅਤੇ ਪੰਜਾਬ ਦੇ ਹਿਤਾਂ ਲਈ ਜ਼ਰੂਰੀ ਹੈ ਕਿ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਵਿੱਚ ਏਕਤਾ ਹੋਵੇ। ਭਾਵੇਂ ਕਿ 10 ਜੂਨ ਨੂੰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਸੱਤਾ ਦੇ 11 ਸਾਲ ਪੂਰੇ ਹੋਣ ਦੇ ਅਵਸਰ 'ਤੇ ਉਨ੍ਹਾਂ ਮੀਡੀਆ ਨਾਲ ਗੱਲ ਕਰਦਿਆਂ ਇਹ ਵੀ ਕਹਿ ਦਿੱਤਾ ਕਿ ਉਹ ਪੰਜਾਬ ਵਿੱਚ ਸਾਰੀਆਂ 117 ਸੀਟਾਂ 'ਤੇ ਚੋਣਾਂ ਲੜਨ ਦੀ ਤਿਆਰੀ ਕਰ ਰਹੇ ਹਨ। ਅਕਾਲੀ ਦਲ ਨਾਲ ਸੰਬੰਧਾਂ ਦੇ ਬਾਰੇ ਵਿੱਚ ਪੁੱਛਣ 'ਤੇ ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਦੇ ਪੱਲੇ ਕੀ ਹੈ ? ਉਨ੍ਹਾਂ ਨੂੰ ਪਹਿਲਾਂ ਆਪ ਆਪਣੇ ਪੈਰਾਂ 'ਤੇ ਖੜ੍ਹਨਾ ਚਾਹੀਦਾ ਹੈ।

ਇਸੇ ਸਮੇਂ ਦੌਰਾਨ ਸਿੱਖ ਪੰਥ ਦੇ ਧਾਰਮਿਕ ਮਾਮਲਿਆਂ ਦੇ ਸੰਦਰਭ ਵਿੱਚ ਦਮਦਮੀ ਟਕਸਾਲ ਅਤੇ ਉਸ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਦੀ ਸਰਗਰਮੀ ਵੀ ਕਾਫੀ ਵਧੀ ਹੋਈ ਨਜ਼ਰ ਆਈ ਹੈ। ਉਨ੍ਹਾਂ ਨੇ ਅਕਾਲੀ ਦਲ ਬਾਦਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਲਗਾਤਾਰ ਇਹ ਦਬਾਅ ਬਣਾ ਕੇ ਰੱਖਿਆ ਹੋਇਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਪਹਿਲੇ ਜਥੇਦਾਰਾਂ ਦੀ ਮੁੜ ਬਹਾਲੀ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕੋਈ ਹੋਰ ਸਰਬ-ਪ੍ਰਵਾਨਤ ਜਥੇਦਾਰ ਲਗਾਉਣ ਬਾਰੇ ਛੇਤੀ ਫ਼ੈਸਲਾ ਲਿਆ ਜਾਵੇ। ਉਨ੍ਹਾਂ ਨੇ ਇਸ ਸੰਬੰਧੀ ਪਿੰਡ ਬਾਦਲ ਵਿੱਚ ਸੁਖਬੀਰ ਸਿੰਘ ਬਾਦਲ ਦੇ ਘਰ ਅੱਗੇ ਧਰਨਾ ਦੇਣ ਦਾ ਵੀ ਐਲਾਨ ਕੀਤਾ ਹੋਇਆ ਸੀ, ਜਿਸ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੂੰ ਮੁੜ ਚੌਕ ਮਹਿਤਾ ਜਾ ਕੇ ਇਸ ਮੁੱਦੇ 'ਤੇ ਉਨ੍ਹਾਂ ਨੂੰ ਭਰੋਸਾ ਦੇਣਾ ਪਿਆ ਕਿ ਛੇਤੀ ਹੀ ਇਸ ਮਸਲੇ ਦਾ ਹੱਲ ਕੱਢਿਆ ਜਾਵੇਗਾ। ਇਸ ਤੋਂ ਬਾਅਦ ਹੀ ਹਰਨਾਮ ਸਿੰਘ ਖ਼ਾਲਸਾ ਬਾਦਲ ਪਿੰਡ ਦਾ ਧਰਨਾ ਮੁਲਤਵੀ ਕਰਨ ਲਈ ਸਹਿਮਤ ਹੋਏ।

ਅਕਾਲੀ ਦਲ ਦਾ ਬਾਗੀ ਧੜਾ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ 5 ਮੈਂਬਰੀ ਭਰਤੀ ਕਮੇਟੀ ਦੀ ਅਗਵਾਈ ਵਿੱਚ ਆਪਣੀ ਨਵੀਂ ਭਰਤੀ ਲਈ ਮੁਹਿੰਮ ਚਲਾ ਰਿਹਾ ਹੈ। ਉਸ ਨੇ ਸੁਖਦੇਵ ਸਿੰਘ ਢੀਂਡਸਾ ਦੇ ਸ਼ਰਧਾਂਜਲੀ ਸਮਾਗਮ ਤੋਂ ਬਾਅਦ ਇਹ ਗੱਲ ਫਿਰ ਦੁਹਰਾਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤੋਂ ਭਗੌੜੀ ਹੋਈ ਧਿਰ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਕੇ ਜੇਕਰ ਉਨ੍ਹਾਂ ਵੱਲੋਂ ਕੀਤੀ ਗਈ ਭਰਤੀ ਵਿੱਚ ਸ਼ਾਮਿਲ ਹੁੰਦੀ ਹੈ ਤਾਂ ਹੀ ਅਕਾਲੀ ਦਲ ਵਿੱਚ ਏਕਤਾ ਹੋ ਸਕਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਛੇਤੀ ਹੀ ਭਰਤੀ ਮੁਕੰਮਲ ਕਰ ਕੇ ਨਵੇਂ ਸਿਰੇ ਤੋਂ ਅਕਾਲੀ ਦਲ ਦਾ ਪੁਨਰਗਠਨ ਕੀਤਾ ਜਾਏਗਾ।

ਪਿਛਲੇ ਕੁਝ ਦਿਨਾਂ ਵਿੱਚ ਵਾਪਰੇ ਇਨ੍ਹਾਂ ਸਾਰੇ ਘਟਨਾਕ੍ਰਮਾਂ ਦਾ ਵੇਰਵਾ ਇੱਥੇ ਇਸ ਲਈ ਦਿੱਤਾ ਗਿਆ ਹੈ ਕਿ ਪਾਠਕ ਜਾਣ ਸਕਣ ਕਿ ਸਿੱਖ ਪੰਥ ਦੇ ਪ੍ਰਮੁੱਖ ਧਾਰਮਿਕ ਅਤੇ ਰਾਜਨੀਤਕ ਸੰਗਠਨਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਚੱਲਿਆ ਆ ਰਿਹਾ ਸੰਕਟ ਅਜੇ ਵੀ ਬਰਕਰਾਰ ਹੈ। ਭਾਵੇਂ ਪੰਜਾਬ ਦੇ ਪੰਥਕ ਹਲਕੇ, ਪੰਥ ਦੇ ਧਾਰਮਿਕ ਅਤੇ ਰਾਜਨੀਤਕ ਸੰਗਠਨਾਂ ਵਿੱਚ ਏਕਤਾ ਚਾਹੁੰਦੇ ਹਨ, ਤਾਂ ਜੋ ਉਹ ਆਪਣੇ ਆਪਣੇ ਖੇਤਰਾਂ ਵਿੱਚ ਵਿਚਰਦੇ ਹੋਏ ਪੰਥ ਤੇ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਕੰਮ ਕਰ ਸਕਣ ਪਰ ਅਜਿਹਾ ਹੁੰਦਾ ਅਜੇ ਨਜ਼ਰ ਨਹੀਂ ਆ ਰਿਹਾ।ਸਿੱਖ ਪੰਥ ਦੇ ਧਾਰਮਿਕ ਅਤੇ ਰਾਜਨੀਤਕ ਸੰਗਠਨਾਂ ਵਿੱਚ ਮਚੀ ਹੋਈ ਆਪੋ-ਧਾਪੀ ਅਤੇ ਖ਼ਾਸ ਕਰਕੇ ਵੱਖ-ਵੱਖ ਸੰਬੰਧਿਤ ਧਿਰਾਂ ਵੱਲੋਂ ਇਨ੍ਹਾਂ ਨੂੰ ਆਪਣੇ ਹਿਤਾਂ ਮੁਤਾਬਿਕ ਵਰਤਣ ਲਈ ਜੋ ਪਿਛਲੇ ਲੰਮੇ ਸਮੇਂ ਤੋਂ ਹੋੜ ਲੱਗੀ ਹੋਈ ਹੈ, ਉਸ ਦਾ ਹੀ ਇਹ ਸਿੱਟਾ ਨਿਕਲਿਆ ਹੈ ਕਿ ਪੰਥਕ ਸੰਗਠਨਾਂ ਦਾ ਲੋਕਾਂ ਵਿੱਚ ਪ੍ਰਭਾਵ ਘਟਿਆ ਹੈ। ਉਨ੍ਹਾਂ ਦੀ ਵਿਸ਼ਵਾਸਯੋਗਤਾ ਘਟੀ ਹੈ। ਇਸੇ ਕਾਰਨ ਜਦੋਂ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਭਾਜਪਾ ਜਾਂ ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਜਾਂ ਦੂਜੀਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਆਪਣੇ ਸਿਆਸੀ ਹਿਤਾਂ ਨੂੰ ਮੁੱਖ ਰੱਖਦਿਆਂ ਸਿੱਖ ਪੰਥ ਦੀ ਰਾਜਨੀਤਕ ਅਤੇ ਧਾਰਮਿਕ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਪੰਥਕ ਸਫ਼ਾਂ ਅਤੇ ਇਥੋਂ ਤੱਕ ਕਿ ਪੰਜਾਬ ਦੇ ਆਮ ਲੋਕਾਂ ਵਿੱਚ ਵੀ ਉਸ ਤਰ੍ਹਾਂ ਦਾ ਪ੍ਰਤੀਕਰਮ ਦੇਖਣ ਨੂੰ ਨਹੀਂ ਮਿਲਦਾ, ਜਿਸ ਤਰ੍ਹਾਂ ਦਾ ਕੁਝ ਦਹਾਕੇ ਪਹਿਲਾਂ ਦੇਖਣ ਨੂੰ ਮਿਲਦਾ ਸੀ। ਕਿਸੇ ਸਮੇਂ ਪੰਜਾਬ ਵਿੱਚ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਵਿੱਚ ਕ੍ਰਮਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਰੁਤਬੇ ਵੱਡੇ ਮੰਨੇ ਜਾਂਦੇ ਸਨ। ਸਾਰੇ ਦੇਸ਼ ਵਿੱਚ ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਮਿਲਦਾ ਸੀ ਅਤੇ ਮੀਡੀਆ ਵਿੱਚ ਵੀ ਉਨ੍ਹਾਂ ਦੀ ਗੱਲ ਨੂੰ ਕਾਫੀ ਮਹੱਤਵ ਦਿੱਤਾ ਜਾਂਦਾ ਸੀ। ਪੰਥਕ ਸੰਗਠਨਾਂ ਅਤੇ ਪੰਥਕ ਆਗੂਆਂ ਦੇ ਰੁਤਬੇ ਤੇ ਅਕਸ ਨੂੰ ਵੱਡਾ ਖੋਰਾ ਕਿਉਂ ਲੱਗਾ ਹੈ ਅਤੇ ਇਨ੍ਹਾਂ ਦਾ ਮਾਣ-ਸਨਮਾਨ ਮੁੜ ਤੋਂ ਕਿਵੇਂ ਬਹਾਲ ਕੀਤਾ ਜਾ ਸਕਦਾ ਹੈ, ਇਸ ਸਮੇਂ ਰਾਜਨੀਤਕ ਅਤੇ ਧਾਰਮਿਕ ਦੋਹਾਂ ਖੇਤਰਾਂ ਵਿੱਚ ਸਿੱਖ ਪੰਥ ਦੇ ਸਾਹਮਣੇ ਇਹ ਵੱਡੀ ਚੁਣੌਤੀ ਹੈ।

ਇਸ ਸੰਬੰਧ ਵਿੱਚ ਸਾਡੀ ਇਹ ਸਪੱਸ਼ਟ ਰਾਇ ਹੈ ਕਿ ਸਿੱਖ ਪੰਥ ਦੇ ਵੱਖ-ਵੱਖ ਧੜਿਆਂ ਵਿੱਚ ਵਿਚਰਨ ਵਾਲੇ ਸੀਨੀਅਰ ਆਗੂਆਂ ਨੂੰ ਖੁੱਲ੍ਹੇ ਮਨ ਨਾਲ ਆਪਣੀ ਪੜਚੋਲ ਕਰਨੀ ਚਾਹੀਦੀ ਹੈ ਅਤੇ ਪੰਥ ਅਤੇ ਪੰਜਾਬ ਦੇ ਹਿੱਤਾਂ ਨੂੰ ਸਾਹਮਣੇ ਰੱਖਦਿਆਂ ਆਪਣੇ ਅਮਲਾਂ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ। ਭਾਵੇਂ 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪ੍ਰਮੁੱਖ ਅਕਾਲੀ ਆਗੂਆਂ ਨੇ ਪਿਛਲੀਆਂ ਗ਼ਲਤੀਆਂ ਨੂੰ ਸਵੀਕਾਰ ਕਰਦਿਆਂ ਲਗਾਈਆਂ ਗਈਆਂ ਧਾਰਮਿਕ ਸਜ਼ਾਵਾਂ (ਜਿਨ੍ਹਾਂ ਨੂੰ ਧਾਰਮਿਕ ਸ਼ਬਦਾਵਲੀ ਵਿੱਚ ਤਨਖਾਹਾਂ ਵੀ ਕਿਹਾ ਜਾਂਦਾ ਹੈ) ਵੀ ਭੁਗਤੀਆਂ ਸਨ। ਪਰ ਇਸ ਤੋਂ ਬਾਅਦ ਵੀ ਬਹੁਤੇ ਪੰਥਕ ਆਗੂਆਂ ਦੀ ਕਹਿਣੀ ਤੇ ਕਥਨੀ ਵਿੱਚ ਬਹੁਤਾ ਵੱਡਾ ਫ਼ਰਕ ਨਹੀਂ ਦੇਖਿਆ ਗਿਆ। ਜਦੋਂ ਤੱਕ ਵੱਡੇ ਪੰਥਕ ਆਗੂ ਆਪਣੇ ਨਿੱਜੀ ਹਿਤਾਂ ਨੂੰ ਪਾਸੇ ਰੱਖ ਕੇ ਪੰਥ ਅਤੇ ਪੰਜਾਬ ਦੇ ਹਿਤਾਂ ਨੂੰ ਮੁੜ ਤੋਂ ਸਮਰਪਿਤ ਨਹੀਂ ਹੁੰਦੇ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਸ਼ੈਲੀ ਨੂੰ ਜਮਹੂਰੀ ਅਤੇ ਪਾਰਦਰਸ਼ੀ ਨਹੀਂ ਬਣਾਉਂਦੇ, ਉਦੋਂ ਤੱਕ ਨਾ ਹੀ ਪੰਥਕ ਏਕਤਾ ਸੰਭਵ ਹੈ ਅਤੇ ਨਾ ਹੀ ਪੰਜਾਬ ਦੇ ਲੋਕਾਂ ਦਾ ਉਨ੍ਹਾਂ ਨੂੰ ਮੁੜ ਤੋਂ ਵਿਸ਼ਵਾਸ ਪ੍ਰਾਪਤ ਹੋ ਸਕਦਾ ਹੈ।

ਜਿੱਥੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਬੰਧ ਹੈ, ਇਸ ਨੂੰ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਵੱਡੀ ਤਬਦੀਲੀ ਲਿਆਉਣ ਦੀ ਲੋੜ ਹੈ। ਇਸ ਦਾ ਕੰਮ ਸਿਰਫ਼ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਜਾਂ ਵਿੱਦਿਅਕ ਅਦਾਰੇ ਚਲਾਉਣ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ। ਅਜੋਕੇ ਸਮੇਂ ਵਿੱਚ ਇਸ ਨੂੰ ਸਿੱਖ ਸਮਾਜ ਵਿੱਚ ਵਧ ਰਹੀਆਂ ਕੁਰੀਤੀਆਂ, ਜਿਨ੍ਹਾਂ ਵਿੱਚ ਧਰਮ ਪਰਿਵਰਤਨ, ਨਸ਼ਿਆਂ ਦਾ ਵਧ ਰਿਹਾ ਰੁਝਾਨ, ਵਿਆਹ-ਸ਼ਾਦੀਆਂ 'ਤੇ ਹੁੰਦੀ ਫਜ਼ੂਲ ਖ਼ਰਚੀ ਅਤੇ ਸਿੱਖੀ ਜੀਵਨ ਜਾਂਚ ਤੋਂ ਨਵੀਂ ਪੀੜ੍ਹੀ ਦੀ ਵਧ ਰਹੀ ਦੂਰੀ ਆਦਿ ਸ਼ਾਮਿਲ ਹਨ, ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇੱਕ ਵਿਸ਼ੇਸ਼ ਇਜਲਾਸ ਬੁਲਾ ਕੇ ਸਿੱਖ ਪੰਥ ਨੂੰ ਦਰਪੇਸ਼ ਇਨ੍ਹਾਂ ਸਾਰੀਆਂ ਚੁਣੌਤੀਆਂ 'ਤੇ ਵਿਸਥਾਰ ਵਿੱਚ ਚਰਚਾ ਕਰਨੀ ਚਾਹੀਦੀ ਹੈ ਅਤੇ ਸਿੱਖ ਬੁੱਧੀਜੀਵੀਆਂ ਨਾਲ ਵੀ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਉਪਰੰਤ ਪ੍ਰੋਗਰਾਮ ਬਣਾ ਕੇ ਉਕਤ ਬੁਰਾਈਆਂ ਸੰਬੰਧੀ ਜਾਗ੍ਰਿਤੀ ਪੈਦਾ ਕਰਨ ਲਈ ਵੱਡੀ ਪੱਧਰ 'ਤੇ ਪ੍ਰਚਾਰ ਮੁਹਿੰਮ ਆਰੰਭਣੀ ਚਾਹੀਦੀ ਹੈ। ਪਿਛਲੇ ਦਿਨੀਂ ਇਹ ਖ਼ਬਰ ਆਈ ਸੀ ਕਿ ਉੱਤਰ ਪ੍ਰਦੇਸ਼ ਦੇ ਨੇਪਾਲ ਦੀ ਸਰਹੱਦ ਨਾਲ ਲੱਗਦੇ ਪਿੰਡਾਂ ਦੇ ਲਗਭਗ 3 ਹਜ਼ਾਰ ਸਿੱਖਾਂ ਨੇ ਆਪਣਾ ਧਰਮ ਛੱਡ ਕੇ ਕਿਸੇ ਹੋਰ ਧਰਮ ਵਿੱਚ ਸ਼ਿਰਕਤ ਕਰ ਲਈ ਹੈ।

(ਬਾਕੀ ਸਫ਼ਾ 31 'ਤੇ)



# ਪੰਜਾਬ ਦੇ ਅਰਥਚਾਰੇ ਅਤੇ ਸਮਾਜਿਕ ਜੀਵਨ ਨੂੰ ਮਜ਼ਬੂਤ ਕਰਨ ਦੀ ਲੋੜ

**ਪ੍ਰੋ. ਮੇਹਰ ਮਾਣਕ**





ਭਾਰਤ ਦੀ ਆਬਾਦੀ ਦਾ ਬਹੁਤਾ ਹਿੱਸਾ ਖੇਤੀਬਾੜੀ ਦੇ ਕੰਮਕਾਜ ਵਿੱਚ ਲੱਗਿਆ ਹੋਇਆ ਹੈ ਅਤੇ ਇਹ ਜੀ.ਡੀ.ਪੀ. ਵਿੱਚ 10 ਫ਼ੀਸਦੀ ਯੋਗਦਾਨ ਪਾ ਰਿਹਾ ਹੈ। ਦੇਸ਼ ਅੰਦਰ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਜੋ ਪੇਂਡੂ ਅਰਥਚਾਰੇ ਵਿੱਚ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦੇ ਹਨ ਪਰ ਅਜਿਹੇ ਅਰਥਚਾਰੇ ਦੇ ਦਰਦਾਂ ਅੰਦਰ ਕਿਸੇ ਸਰਕਾਰ ਨੇ ਝਾਕਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਵਿੱਚ ਫ਼ਸਲਾਂ ਦੀ ਹਰਿਆਲੀ ਅਤੇ ਖੁੱਲ੍ਹੇ ਡੁੱਲ੍ਹੇ ਮਾਹੌਲ ਤੇ ਸੁਭਾਅ ਦੇਖ ਕੇ ਲੱਗਦਾ ਹੈ ਕਿ ਇਹ ਲੋਕ ਪਤਾ ਨਹੀਂ ਕਿੰਨੇ ਖੁਸ਼ਹਾਲ ਹੋਣਗੇ, ਹਕੀਕਤ ਇਸ ਦੇ ਉਲਟ ਹੈ। ਬਾਕੀ ਦੀਆਂ ਗੱਲਾਂ ਛੱਡੋ, ਖੇਤੀ ਅੰਦਰ ਕੀਮਤਾਂ ਦੀ ਹੀ ਗੱਲ ਕਰੀਏ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਪੰਜਾਬ ਦਾ ਅਰਥਚਾਰਾ ਕੰਗਾਲੀ ਦਾ ਸ਼ਿਕਾਰ ਕਿਉਂ ਹੋਇਆ। ਪਿੰਡਾਂ 'ਚ ਵਸਦੀ ਵਸੋਂ ਭਾਵੇਂ ਕਿਸੇ ਵੀ ਪਾਰਟੀ ਦੀ ਸਿਆਸੀ ਤਾਕਤ ਤੈਅ ਕਰਦੀ ਹੈ ਪਰ ਹੁਣ ਤੱਕ ਤਕਰੀਬਨ ਸਾਰੀਆਂ ਹੀ ਸਿਆਸੀ ਧਿਰਾਂ ਨੇ ਇਨ੍ਹਾਂ ਦੇ ਚਿਹਰਿਆਂ ਉੱਤੇ ਲਿਖੀ ਇਬਾਰਤ ਪੜ੍ਹਨ ਦੀ ਥਾਂ ਇਨ੍ਹਾਂ ਵੱਲ ਪਿੱਠ ਕਰ ਕੇ ਰੱਖੀ ਹੈ। ਇਸ ਦੀ ਵਜ੍ਹਾ ਸ਼ਾਇਦ ਪੇਂਡੂ ਸਮਾਜ ਦੀ ਸਾਦਗੀ, ਭੁੱਲ ਜਾਣ ਤੇ ਵਿਸ਼ਵਾਸ ਕਰਨ ਦੀ ਬਿਰਤੀ ਅਤੇ ਸਿਆਸੀ ਨੇਤਾਵਾਂ ਪ੍ਰਤੀ ਆਸ਼ਾਵਾਂ ਤੇ ਮਨ ਵਿੱਚ ਸਤਿਕਾਰ ਰਿਹਾ ਹੈ।

ਪੰਜਾਬ ਅੱਜ ਵੀ 18-22 ਫ਼ੀਸਦੀ ਚੌਲ ਅਤੇ 45 ਫ਼ੀਸਦੀ ਕਣਕ ਦੇਸ਼ ਦੇ ਅੰਨ ਭੰਡਾਰਾਂ ਵਿੱਚ ਦੇ ਰਿਹਾ ਹੈ। ਪੰਜਾਬ ਦੇ ਲੋਕ ਤਕੜੇ ਕਾਮੇ ਹੋਣ ਦੇ ਬਾਵਜੂਦ ਹਰੀ ਕ੍ਰਾਂਤੀ ਦੇ ਦੌਰ ਸਮੇਂ ਬਣਾਇਆ ਆਪਣਾ ਸਥਾਨ ਬਰਕਰਾਰ ਨਹੀਂ ਰੱਖ ਸਕੇ। 1970ਵਿਆਂ ਤੋਂ ਲੈ ਕੇ 90ਵਿਆਂ ਦੇ ਸ਼ੁਰੂ ਤੱਕ ਪੰਜਾਬ ਵਿਕਾਸ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਮੋਹਰੀ ਸੂਬਾ ਸੀ ਪਰ ਉਸ ਤੋਂ ਬਾਅਦ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਇਹ ਹੇਠਾਂ ਖਿਸਕਦਾ-ਖਿਸਕਦਾ 2022-23 ਵਿੱਚ 10ਵੇਂ ਸਥਾਨ ਉੱਤੇ ਪਹੁੰਚ ਗਿਆ। ਪੰਜਾਬ ਦਾ ਖੇਤੀ ਅਰਥਚਾਰਾ ਬਹੁਤ ਸਾਰੇ ਕਾਰਨਾਂ ਜਿਨ੍ਹਾਂ ਵਿੱਚ ਖੇਤੀ ਪੈਦਾਵਾਰ ਵਿੱਚ ਖੜੋਤ, ਖੇਤੀ ਲਾਗਤਾਂ ਦਾ ਹੱਦੋਂ ਜ਼ਿਆਦਾ ਵਧਣਾ, ਆਮਦਨ ਘਟਣਾ, ਕੁਦਰਤੀ ਤੇ ਹੋਰ ਕਾਰਨਾਂ ਕਰ ਕੇ ਫ਼ਸਲਾਂ ਦਾ ਖਰਾਬਾ, ਖੇਤੀ ਜਿਣਸਾਂ ਦੇ ਭਾਅ ਵਿੱਚ ਨਿਗੂਣਾ ਵਾਧਾ ਆਦਿ ਸ਼ਾਮਲ ਹੈ, ਕਰ ਕੇ ਬੁਰੀ ਤਰ੍ਹਾਂ ਸੰਕਟ ਦਾ ਸ਼ਿਕਾਰ ਹੋ ਗਿਆ। ਪਿਛਲੇ ਕੁਝ ਦਹਾਕਿਆਂ ਦੀ ਰੇਟ ਲਿਸਟ 'ਤੇ ਨਿਗ੍ਹਾ ਮਾਰੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਸੂਬੇ ਅੰਦਰ ਜਿੱਥੇ ਡੀਜ਼ਲ ਦਾ ਰੇਟ 110 ਗੁਣਾ, ਖਾਦਾਂ ਦੇ ਰੇਟ 110 ਤੋਂ 140 ਗੁਣਾ ਅਤੇ ਖੇਤੀ ਮਸ਼ੀਨਰੀ ਦੇ ਰੇਟ 60 ਤੋਂ 70 ਗੁਣਾ ਵਧੇ, ਉਥੇ ਖੇਤੀ ਜਿਣਸਾਂ ਦੇ ਭਾਅ ਵਿੱਚ 30 ਗੁਣਾ ਤੋਂ ਵੀ ਨਹੀਂ ਵਧੇ। ਪਰਿਵਾਰ ਸਮੇਤ ਲੱਕ ਤੋੜਵੀਂ ਮਿਹਨਤ ਕਰ ਕੇ ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਕਾਰਨ ਇਸ ਨੇ ਪੇਂਡੂ ਅਰਥਚਾਰੇ ਦੇ ਸੰਕਟ ਦਾ ਮੁੱਢ ਬੰਨ੍ਹ ਦਿੱਤਾ। ਕਿਸਾਨ ਮਜਬੂਰੀ ਵੱਸ ਕਰਜ਼ਾ ਚੁੱਕਦਾ ਗਿਆ ਅਤੇ ਉਸ ਪੱਧਰ ਦੀ ਆਮਦਨ ਨਾ ਹੋਣ ਕਾਰਨ ਕਰਜ਼ਈ ਹੁੰਦਾ ਗਿਆ। 1997 ਵਿੱਚ ਸਮੁੱਚੀ ਕਿਸਾਨੀ ਸਿਰ 5700 ਕਰੋੜ ਰੁਪਏ ਕਰਜ਼ਾ ਸੀ ਜੋ 2022-23 ਵਿੱਚ ਵਧ ਕੇ 73673 ਕਰੋੜ ਰੁਪਏ ਹੋ ਗਿਆ। ਅੱਜ ਪੰਜਾਬ ਦੇ ਹਰ ਕਿਸਾਨ ਦੇ ਸਿਰ ਔਸਤਨ 2.05 ਲੱਖ ਰੁਪਏ ਕਰਜ਼ਾ ਹੈ।

ਹਰੀ ਕ੍ਰਾਂਤੀ ਨੇ ਜਿੱਥੇ ਕਾਮਾ ਵਰਗ ਲਈ ਸ਼ੁਰੂ-ਸ਼ੁਰੂ ਵਿੱਚ ਖੇਤੀ ਕੰਮ ਸੁਖਾਲਾ ਕਰਨ ਦੇ ਨਾਲ-ਨਾਲ ਹੋਰ ਧੰਦਿਆਂ ਨੂੰ ਜਨਮ ਦਿੱਤਾ ਪਰ ਵਕਤ ਗੁਜ਼ਰਨ ਨਾਲ ਪਿੰਡਾਂ ਦੇ ਕਾਮਾ ਵਰਗ ਦੇ ਰਵਾਇਤੀ ਧੰਦੇ ਜਾਂਦੇ ਰਹੇ, ਹੌਲੀ-ਹੌਲੀ ਮਸ਼ੀਨੀਕਰਨ ਨੇ ਕਾਮੇ ਨੂੰ ਖੇਤੀ ਵਿੱਚੋਂ ਵੀ ਬਾਹਰ ਕੱਢ ਦਿੱਤਾ। ਅੱਜ ਉਸ ਨੂੰ ਖੇਤੀ ਵਿੱਚ ਕੁਝ ਦਿਨ ਹੀ ਕੰਮ ਮਿਲਦਾ ਹੈ। ਇਨ੍ਹਾਂ ਕੁਝ ਦਿਨਾਂ ਦੀ ਸੀਮਤ ਕਮਾਈ ਦੇ ਸਹਾਰੇ ਉਹ ਆਪਣਾ ਜੀਵਨ ਨਿਰਬਾਹ ਨਹੀਂ ਕਰ ਸਕਦਾ। ਇਉਂ ਪਿੰਡਾਂ ਵਿੱਚ ਰਹਿੰਦਾ ਮਜ਼ਦੂਰ ਹੁਣ ਖੇਤਾਂ ਵਿੱਚ ਕੰਮ ਕਰਨ ਵਾਲਾ ਖੇਤ ਮਜ਼ਦੂਰ ਨਹੀਂ ਰਿਹਾ। ਉਸ ਨੂੰ ਰੋਜ਼ਮੱਰਾ ਜ਼ਿੰਦਗੀ ਬਸਰ ਕਰਨ ਲਈ ਖੇਤੀ ਤੋਂ ਬਾਹਰ ਕੰਮ ਦੇ ਮੌਕੇ ਤਲਾਸ਼ਣੇ ਪੈਂਦੇ ਹਨ। ਪਿੰਡਾਂ ਵਿੱਚ ਰਹਿਣ ਵਾਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਬੇਜ਼ਮੀਨੇ ਕਾਮਾ ਵਰਗਾਂ ਦਾ ਹੌਲੀ-ਹੌਲੀ ਉਜਾੜਾ ਹੁੰਦਾ ਗਿਆ। ਵੱਖ-ਵੱਖ ਕੰਮਾਂ-ਕਾਰਾਂ ਨਾਲ ਜੁੜੇ ਛੋਟੇ-ਛੋਟੇ ਕਾਮਾ ਵਰਗ ਲੁਪਤ ਹੋ ਗਏ। ਪੇਂਡੂ ਅਰਥਚਾਰੇ ਵਿੱਚ ਅਹਿਮ ਰੋਲ ਅਦਾ ਕਰਦੇ ਵੱਖ-ਵੱਖ ਜਾਤੀਆਂ ਦੇ ਧੰਦਿਆਂ ਨੂੰ ਬਾਜ਼ਾਰ ਕਦੋਂ ਖਾ ਗਿਆ, ਕਿਸੇ ਨੂੰ ਕੋਈ ਖ਼ਬਰ ਨਹੀਂ। ਇਨ੍ਹਾਂ ਦੇ ਉਜਾੜੇ ਦੀ ਕਿਧਰੇ ਕੋਈ ਕਨਸੋਅ ਵੀ ਸੁਣਾਈ ਨਹੀਂ ਦਿੱਤੀ। ਪਿੰਡਾਂ ਵਿੱਚ ਵਸਦੀ ਉਨ੍ਹਾਂ ਦੀ ਤੀਜੀ ਚੌਥੀ ਪੁਸ਼ਤ ਆਪਣੇ ਰਵਾਇਤੀ ਧੰਦਿਆਂ ਤੋਂ ਕਿਤੇ ਦੂਰ ਜਾਂ ਤਾਂ ਕਸਬਿਆਂ ਤੇ ਸ਼ਹਿਰਾਂ ਵੱਲ ਰੋਜ਼ੀ ਰੋਟੀ ਲਈ ਪਰਵਾਸ ਕਰ ਗਈ ਜਾਂ ਬਸ ਪਿੰਡਾਂ ਵਿੱਚ ਹੀ ਰਹਿਣ ਜੋਗੀ ਰਹਿ ਗਈ। ਹਾਲਾਤ ਵਿੱਚ ਆਈ ਤਬਦੀਲੀ ਕਾਰਨ ਹੁਣ ਖੇਤ ਮਜ਼ਦੂਰ ਸੰਗਠਨ ਵੀ ਆਧਾਰ ਗੁਆ ਚੁੱਕੇ ਹਨ। ਦੂਜੇ, ਸਰਕਾਰ ਵੱਲੋਂ ਮੁਫ਼ਤ ਰਾਸ਼ਨ ਅਤੇ ਲੋਕ ਭਲਾਈ ਸਕੀਮਾਂ ਨੇ ਕਾਮੇ ਵਰਗ ਦੀ ਕਿਰਤ ਸ਼ਕਤੀ ਉੱਤੇ ਗਹਿਰੀ ਚੋਟ ਮਾਰੀ ਹੈ। ਉਸ ਨੂੰ ਘਰੇ ਬੈਠ ਕੇ ਆਟਾ, ਦਾਲ, ਚੌਲ ਮਿਲ ਰਹੇ ਹਨ। ਹੁਣ ਹਾਲਤ ਇਹ ਹੈ ਕਿ ਪਿੰਡਾਂ ਵਿੱਚ ਮਜ਼ਦੂਰ ਭਾਲਣ ਵਿੱਚ ਵੀ ਦਿੱਕਤ ਆ ਰਹੀ ਹੈ। ਕਾਮਿਆਂ ਦਾ ਉਹ ਵਰਗ ਜਿਸ ਨੇ ਆਪਣੀ ਸ਼ਕਤੀ ਅਤੇ ਸੂਝ ਨਾਲ ਅੱਗੇ ਲੱਗ ਕੇ ਸਮਾਜਿਕ ਤਬਦੀਲੀ ਕਰਨੀ ਸੀ, ਉਹ ਅੱਜ ਜਿੱਥੇ ਲਾਲਸਾ ਦਾ ਸ਼ਿਕਾਰ ਹੋ ਕੇ ਭਾਰੂ ਸਿਆਸੀ ਧਿਰਾਂ ਦਾ ਪਿੱਛਲੱਗ ਬਣ ਰਿਹਾ ਹੈ ਉਥੇ ਵਿਹਲੇ ਬੈਠਣ ਕਾਰਨ ਨਸ਼ਿਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ।ਜਿੱਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ, ਇਸ ਨੇ ਭਾਵੇਂ ਵਿਧਾਨ ਸਭਾ ਸੈਸ਼ਨ ਬੁਲਾ ਕੇ ਕੇਂਦਰ ਦਾ ਮੰਡੀ ਖਰੜਾ ਰੱਦ ਕਰ ਦਿੱਤਾ ਹੈ, ਫ਼ਿਰ ਵੀ ਸਰਕਾਰ ਨੂੰ ਆਪਣੀ ਹਾਂ ਪੱਖੀ ਸੋਚ ਤਹਿਤ ਕਿਸਾਨ ਨੇਤਾਵਾਂ ਨਾਲ ਗੱਲਬਾਤ ਰਾਹੀਂ ਮਸਲਿਆਂ ਦੇ ਹੱਲ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਸਰਕਾਰ ਨੂੰ ਕਿਸਾਨ ਧਿਰਾਂ ਨਾਲ ਟਕਰਾਓ ਤੋਂ ਬਚਦਿਆਂ ਪੰਜਾਬ ਦੇ ਵਿਕਾਸ ਲਈ ਆਮ ਕਰ ਕੇ ਅਤੇ ਖੇਤੀ ਦੇ ਵਿਕਾਸ ਲਈ ਖਾਸ ਕਰ ਕੇ ਸਾਰੀਆਂ ਧਿਰਾਂ ਨਾਲ ਸੰਵਾਦ ਦੇ ਜ਼ਰੀਏ ਨੀਤੀਗਤ ਫ਼ੈਸਲੇ ਕਰਨ ਦੀ ਅਥਾਹ ਜ਼ਰੂਰਤ ਹੈ ਤਾਂ ਕਿ ਪੰਜਾਬ ਦੇ ਅਰਥਚਾਰੇ ਅਤੇ ਸਮਾਜਿਕ ਜੀਵਨ ਨੂੰ ਪੈਰਾਂ ਸਿਰ ਖੜ੍ਹਾ ਕੀਤਾ ਜਾ ਸਕੇ। ਇਸੇ ਵਿੱਚ ਹੀ ਸਭ ਦੀ ਭਲਾਈ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਹੋਰ ਮਜ਼ਬੂਤ ਕੀਤੀਆਂ ਜਾਣ ਭਾਈਚਾਰਕ ਸਾਂਝ ਦੀਆਂ ਤੰਦਾਂ

ਜਗਦੇਵ ਸ਼ਰਮਾ ਬੁਗਰਾ

ਸਮਾਜ ਵਿੱਚ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਵਾਲੀਆਂ ਬਹੁਤ ਸਾਰੀਆਂ ਰਸਮਾਂ-ਰਿਵਾਜ, ਰਹੁ ਰੀਤਾਂ ਹਨ। ਇਹ 50 ਕੁ ਸਾਲ ਪਹਿਲਾਂ ਸਾਡੇ ਸਮਾਜ ਦਾ ਅਟੁੱਟ ਅੰਗ ਹੋਇਆ ਕਰਦੀਆਂ ਸਨ। ਅੱਜ ਸਮੇਂ ਦੇ ਗੇੜ ਨਾਲ ਅਤੇ ਚਹੁੰ ਤਰਫ਼ੀ ਤਰੱਕੀ ਕਾਰਨ ਇਹ ਸਾਡੇ ਚੇਤਿਆਂ ਵਿੱਚੋਂ ਗਾਇਬ ਹੋ ਚੱਲੀਆਂ ਹਨ। ਅਜਿਹੇ ਪ੍ਰਚਲਨ ਦਾ ਕਾਰਨ ਸ਼ਹਿਰੀਕਰਨ ਵੀ ਹੈ।

ਤਰੱਕੀ ਕਾਰਨ ਅੱਜ ਅਸੀਂ ਸਾਰੀਆਂ ਸਹੂਲਤਾਂ ਭਰਪੂਰ ਪੱਕੇ ਮਕਾਨਾਂ ਵਿੱਚ ਰਹਿੰਦੇ ਹਾਂ। ਅੱਜਕੱਲ੍ਹ ਪੰਜਾਬ ਵਿੱਚ ਜ਼ਿਆਦਾਤਰ ਮਕਾਨ ਪੱਕੀਆਂ ਇੱਟਾਂ ਦੇ ਅਤੇ ਲੈਂਟਰ ਵਾਲੀਆਂ ਛੱਤਾਂ ਦੇ ਬਣੇ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਘਰ ਨਹੀਂ ਕੋਠੀਆਂ ਕਹਿਣ ਲੱਗ ਪਏ ਹਾਂ। 50-60 ਸਾਲ ਪਹਿਲਾਂ ਪਿੰਡਾਂ ਵਿੱਚ ਮਕਾਨ ਕੱਚੇ ਅਤੇ ਛੱਤਾਂ ਸਰਕੰਡੇ ਦੇ ਕਾਨਿਆਂ ਦੀਆਂ ਬਣੀਆਂ ਹੁੰਦੀਆਂ ਸਨ ਜਿਸ ਦੇ ਉੱਪਰ ਮਿੱਟੀ ਗਾਰਾ ਪਾਇਆ ਹੁੰਦਾ ਸੀ। ਅੱਜਕੱਲ੍ਹ ਮਸ਼ੀਨੀ ਯੁੱਗ ਹੋਣ ਕਾਰਨ ਲੈਂਟਰ ਮਸ਼ੀਨਾਂ ਨਾਲ ਪਾਏ ਜਾਣ ਲੱਗੇ ਹਨ ਜਦੋਂਕਿ ਓਦੋਂ ਚਾਹਾ (ਅੱਜਕੱਲ੍ਹ ਦਾ ਲੈਂਟਰ) ਬੱਠਲਾਂ, ਤਸਲਿਆਂ ਨਾਲ ਪਾਇਆ ਜਾਂਦਾ ਸੀ। ਪੁਰਾਣੀ ਤੂੜੀ ਰਲੇ ਗਾਰੇ ਦੀ ਘਾਣੀ ਤਿਆਰ ਕਰ ਲਈ ਜਾਂਦੀ ਸੀ। ਗਲੀ ਵਿੱਚੋਂ ਘਰ ਘਰ ਦਾ ਇੱਕ ਇੱਕ ਬੰਦਾ ਆਪਣਾ ਆਪਣਾ ਬੱਠਲ ਲੈ ਕੇ ਚਾਹਾ ਪਾਉਣ ਦੇ ਕੰਮ ਵਿੱਚ ਸ਼ਾਮਿਲ ਹੁੰਦਾ ਸੀ। ਦਿਨਾਂ ਦਾ ਕੰਮ ਕੁੱਝ ਹੀ ਘੰਟਿਆਂ ਵਿੱਚ ਰਲ ਮਿਲ ਕੇ ਨਿਬੇੜ ਲਿਆ ਜਾਂਦਾ ਸੀ। ਚਾਹਾ ਪੈ ਜਾਣ ਤੋਂ ਬਾਅਦ ਗਲੀ ਦੇ ਬੱਚਿਆਂ ਨੂੰ ਘਰ ਦਾ ਮਾਲਕ ਗੁੜ ਵੰਡਦਾ ਜਦੋਂਕਿ ਚਾਹਾ ਪਾਉਣ ਵਾਲੇ ਮੁੰਡੇ ਖੁੰਡੇ ਗੁੜ ਦੇ ਨਾਲ ਨਾਲ ਸ਼ਾਮ ਨੂੰ ਘਰ ਦੀ ਕੱਢੀ ਨਾਲ ਗਲਾ ਤਰ ਵੀ ਕਰਦੇ ਸਨ। ਇਹ ਸੀ ਭਾਈਚਾਰਕ ਸਾਂਝ ਦਾ ਇੱਕ ਨਮੂਨਾ।

ਕਣਕ ਦੀ ਫ਼ਸਲ ਜਦੋਂ ਪੱਕ ਜਾਂਦੀ ਤਾਂ ਕਈ ਪਰਿਵਾਰ ਕਿਸੇ ਕਾਰਨ ਫ਼ਸਲ ਨੂੰ ਸਮੇਂ 'ਤੇ ਸਾਂਭਣ ਤੋਂ ਖੁੰਝ ਜਾਂਦੇ। ਪਛੇਤ ਕੱਢਣ ਲਈ ਅਜਿਹਾ ਪਰਿਵਾਰ ਆਪਣੇ ਜਾਣ ਪਹਿਚਾਣ ਦੇ ਪਰਿਵਾਰਾਂ ਵਿੱਚੋਂ ਸਾਰੇ ਨੌਜਵਾਨਾਂ ਨੂੰ ਇੱਕ ਦਿਨ ਵਾਸਤੇ ਇਕੱਠਾ ਕਰਕੇ ਫ਼ਸਲ ਦੀ ਕਟਾਈ ਲਈ ਨਿਉਂਦਾ ਦੇ ਦਿੰਦਾ ਜਿਸ ਨੂੰ 'ਆਹਵਤ' ਕਹਿੰਦੇ ਸਨ। ਫ਼ਸਲ ਕੱਟਣ ਵਾਲੇ ਕਿਸੇ ਵੀ ਜੁਆਨ ਨੂੰ ਕੋਈ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਸੀ। ਹਾਂ! ਵਧੀਆ ਰੋਟੀ ਪਾਣੀ, ਪ੍ਰਸ਼ਾਦ ਨਾਲ ਅਤੇ ਸ਼ਾਮ ਵੇਲੇ ਪਿਆਲੇ ਦੇ ਸ਼ੌਕੀਨਾਂ ਦੀ ਸੇਵਾ ਪਟਿਆਲਾ ਸ਼ਾਹੀ ਨਾਲ ਕੀਤੀ ਜਾਂਦੀ ਸੀ। ਫ਼ਸਲ ਦੀ ਕਟਾਈ/ਸਾਂਭ ਸੰਭਾਲ ਸਮੇਂ ਜੇਕਰ ਕਿਸੇ ਪਰਿਵਾਰ ਵਿੱਚੋਂ ਕੋਈ ਬਜ਼ੁਰਗ ਚੜ੍ਹਾਈ ਕਰ ਜਾਂਦਾ ਜਾਂ ਕੋਈ ਹੋਰ ਅਣਹੋਣੀ ਵਾਪਰ ਜਾਂਦੀ ਤਾਂ ਪਿੰਡ ਦੇ ਚੋਬਰ ਉਸ ਪਰਿਵਾਰ ਦੀ ਫ਼ਸਲ ਸਾਂਭਣ ਦਾ ਜ਼ਿੰਮਾ ਆਪਣੇ ਸਿਰ ਲੈ ਲੈਂਦੇ ਸਨ ਅਤੇ ਪੀੜਤ ਪਰਿਵਾਰ ਬੇਫ਼ਿਕਰ ਹੋ ਕੇ ਆਈ ਬਿਪਤਾ ਨਾਲ ਨਿਪਟ ਲੈਂਦਾ ਸੀ।

ਪੀਣ ਵਾਲੇ ਪਾਣੀ ਦਾ ਨਵਾਂ ਨਲਕਾ ਲਾਉਣ 'ਤੇ ਜਾਂ ਫਿਰ ਖੇਤ ਵਿੱਚ ਬੋਰ ਕਰਵਾਉਣ ਤੋਂ ਪਹਿਲਾਂ ਖੁਆਜ਼ਾ ਪੀਰ ਨੂੰ ਧਿਆਇਆ ਜਾਂਦਾ ਸੀ ਅਤੇ ਸਾਰੇ ਹਾਜ਼ਰੀਨ ਨੂੰ ਮਿੱਠੇ ਚੌਲ ਛਕਾਏ ਜਾਂਦੇ ਸਨ। ਜਦੋਂ ਕਿਸੇ ਦੇ ਘਰ ਵਿਆਹ ਸ਼ਾਦੀ ਹੋਣੀ ਜਾਂ ਕੋਈ ਹੋਰ ਗ਼ਮੀ ਖ਼ੁਸ਼ੀ ਦਾ ਮੌਕਾ ਹੋਣਾ ਤਾਂ ਪਿੰਡ ਦਾ ਹਰ ਘਰ ਸਬੰਧਤ ਘਰ ਵਿੱਚ ਥੋੜ੍ਹੇ 'ਚੋਂ ਥੋੜ੍ਹਾ, ਬਹੁਤੇ 'ਚੋਂ ਬਹੁਤਾ ਦੁੱਧ ਦੇ ਕੇ ਆਉਣਾ ਆਪਣਾ ਫਰਜ਼ ਸਮਝਦਾ ਹੁੰਦਾ ਸੀ। ਵਿਆਹ ਵਾਲਾ ਘਰ ਵੀ ਦੁੱਧ ਦੇਣ ਆਏ ਵਿਅਕਤੀ ਦੇ ਭਾਂਡੇ ਵਿੱਚ ਦੋ ਲੱਡੂ ਪਾਉਣੇ ਨਾ ਭੁੱਲਦਾ। ਪਿੰਡ ਦੀਆਂ ਸੁਆਣੀਆਂ ਵਿਆਹ ਵਾਲੇ ਘਰ ਥਾਲੀ ਵਿੱਚ ਪਾ ਕੇ ਆਟਾ ਗੁੜ ਵੀ ਦੇ ਕੇ ਆਉਂਦੀਆਂ ਸਨ ਜਿਸ ਨੂੰ ਸਾਡੇ ਇਲਾਕੇ ਵਿੱਚ ਮਾਈਆਂ ਕਿਹਾ ਕਰਦੇ ਸਨ। ਕੜਾਹੀ ਚੜ੍ਹੀ ਤੋਂ ਹਲਵਾਈ ਲੱਡੂਆਂ ਦਾ ਘਾਣਾ ਤਿਆਰ ਕਰਕੇ ਆਂਢ ਗੁਆਂਢ 'ਚੋਂ ਬੁਲਾਏ ਮੁੰਡਿਆਂ/ਬਜ਼ੁਰਗਾਂ ਮੂਹਰੇ ਲੱਡੂ ਵੱਟਣ ਲਈ ਧਰ ਦਿੰਦਾ। ਪੂਰੇ ਦਿਨ ਦਾ ਕੰਮ ਭਾਈਚਾਰਾ ਇੱਕ ਅੱਧ ਘੰਟੇ ਵਿੱਚ ਹੀ ਨਿਬੇੜ ਦਿੰਦਾ ਸੀ। ਬਰਾਤ ਦੀ ਸੇਵਾ ਪੂਰੀਆਂ ਨਾਲ ਕੀਤੀ ਜਾਂਦੀ ਸੀ। ਗਲੀ ਦੀਆਂ ਕੁੜੀਆਂ ਬੁੜ੍ਹੀਆਂ ਪੂਰੀਆਂ ਵੇਲਣ ਦਾ ਕੰਮ ਰਲ ਮਿਲ ਕੇ ਕਰਦੀਆਂ। ਬਰਾਤੀਆਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਵੀ ਗਲੀ ਗੁਆਂਢ ਦੇ ਮੁੰਡਿਆਂ ਦੁਆਰਾ ਹੀ ਨਿਭਾਈ ਜਾਂਦੀ ਸੀ। ਬਰਾਤ ਦੀ ਠਹਿਰਾਅ ਵਾਲੀ ਜਗ੍ਹਾ ਜਿਸ ਨੂੰ ਡੇਰਾ ਕਿਹਾ ਕਰਦੇ ਸਨ, ਉੱਥੇ ਬਰਾਤੀਆਂ ਦੇ ਨਹਾਉਣ ਧੋਣ ਦਾ ਪ੍ਰਬੰਧ ਸਾਰੇ ਪਿੰਡ ਵਾਲੇ ਰਲ ਕੇ ਕਰਦੇ ਸਨ। ਬਰਾਤੀਆਂ ਨੂੰ ਖਾਣਾ ਵਰਤਾਉਣ ਲਈ ਅੱਜਕੱਲ੍ਹ ਵਾਂਗ ਵੇਟਰਾਂ ਦੀ ਲੋੜ ਨਹੀਂ ਸੀ ਪੈਂਦੀ, ਸਗੋਂ ਪਿੰਡ ਦੇ ਹੀ ਗੱਭਰੂ ਜਿਨ੍ਹਾਂ ਨੂੰ ਪ੍ਰੀਹੇ ਕਿਹਾ ਕਰਦੇ ਸਨ, ਪੂਰੀ ਅਦਬ ਨਾਲ ਇਹ ਕੰਮ ਕਰਦੇ। ਸਾਰੇ ਲਾਗੀ ਆਪੋ ਆਪਣੀ ਡਿਊਟੀ ਪੂਰੀ ਸ਼ਿੱਦਤ ਨਾਲ ਨਿਭਾਉਂਦੇ ਸਨ। ਕਿੱਤੇ ਦਾ ਮਾਹਿਰ ਲਾਗੀ ਹੀ ਹਲਵਾਈ ਦਾ ਡੰਗ ਸਾਰ ਦਿੰਦਾ ਸੀ।

ਧਰਮ ਦੇ ਠੇਕੇਦਾਰਾਂ ਨੇ ਕਿੱਤਾਕਾਰਾਂ ਨੂੰ ਕੰਮ ਉਨ੍ਹਾਂ ਦੀ ਜਾਤ ਧਰਮ ਦੇ ਆਧਾਰ 'ਤੇ ਵੰਡੇ ਹੋਏ ਸਨ। ਕੋਈ ਲੋਹਾਰਾ ਤਰਖਾਣਾ ਕੰਮ ਕਰਦਾ, ਕੋਈ ਸਾਰੇ ਪਿੰਡ ਵਾਸੀਆਂ ਨੂੰ ਮਿੱਟੀ ਦੇ ਭਾਂਡੇ, ਘੜੇ, ਬਠਲੀਆਂ, ਤਪਲੇ ਆਦਿ ਬਣਾ ਕੇ ਸਪਲਾਈ ਕਰਦਾ ਅਤੇ ਕੋਈ ਹੋਰ ਖੇਤਾਂ ਵਿੱਚ/ ਫ਼ਸਲ ਦੇ ਪਿੜ ਵਿੱਚ ਕੰਮ ਵਾਲੇ ਥਾਂ 'ਤੇ ਹੀ ਪੀਣ ਵਾਲੇ ਪਾਣੀ ਦੀ ਸੁਵਿਧਾ ਮਸਕ ਰਾਹੀਂ ਉਪਲੱਬਧ ਕਰਵਾਉਂਦਾ ਆਦਿ। ਸਾਰੇ ਹੀ ਕਿੱਤਾਕਾਰਾਂ ਨੂੰ ਉਨ੍ਹਾਂ ਦੀ ਕਿਰਤ ਦਾ ਭੁਗਤਾਨ ਤੁਰਤ ਫੁਰਤ ਰੁਪਏ ਪੈਸੇ ਨਾਲ ਨਹੀਂ ਸੀ ਕੀਤਾ ਜਾਂਦਾ ਸਗੋਂ ਹਰ ਛੇ ਮਹੀਨੇ ਬਾਅਦ ਫ਼ਸਲ ਆਉਣ 'ਤੇ ਦਾਣੇ ਦਿੱਤੇ ਜਾਂਦੇ ਸਨ ਜਿਸ ਨੂੰ ਸੇਪੀ ਕਹਿੰਦੇ ਸਨ। ਵੱਡੇ ਲਾਣੇ ਵਾਲਾ ਵੱਧ ਦਾਣੇ ਦਿੰਦਾ ਅਤੇ ਛੋਟੇ ਪਰਿਵਾਰ ਕੁੱਝ ਘੱਟ। ਮੈਂ ਕਦੇ ਅਜਿਹੇ ਲੈਣ ਦੇਣ ਵੇਲੇ ਕੋਈ ਰੌਲਾ ਪੈਂਦਾ ਨਹੀਂ ਦੇਖਿਆ ਸੀ। ਇਸ ਵਰਤਾਰੇ ਨਾਲ ਸਾਰੇ ਪਿੰਡ ਦੀ ਇੱਕ ਭਾਈਚਾਰਕ ਸਾਂਝ ਬਣੀ ਰਹਿੰਦੀ ਸੀ।

ਜ਼ਮਾਨੇ ਭਲੇ ਸਨ। ਕਿਸੇ ਇੱਕ ਪਰਿਵਾਰ ਦਾ ਦੁੱਖ ਸਾਰੇ ਪਿੰਡ ਦਾ ਦੁੱਖ ਹੁੰਦਾ ਸੀ। ਕਿਸੇ ਦੇ ਘਰ ਨੌਜਵਾਨ ਦੀ ਮੌਤ ਹੋ ਜਾਣ ਵੇਲੇ ਸਾਰੇ ਪਿੰਡ ਵਿੱਚ ਕਿਸੇ ਦੇ ਵੀ ਘਰ ਚੁੱਲ੍ਹਾ ਨਾ ਬਲਦਾ। ਇੱਕ ਪਰਿਵਾਰ ਦੇ ਕਿਸੇ ਬੱਚੇ ਬੱਚੀ ਨੂੰ ਮਿਲੇ ਮਾਨ ਸਨਮਾਨ ਵੇਲੇ ਸਾਰਾ ਪਿੰਡ ਨੱਚ ਨੱਚ ਕੇ ਧਮਾਲਾਂ ਪਾ ਰਿਹਾ ਹੁੰਦਾ ਸੀ। ਜਾਤ, ਧਰਮ, ਊਚ-ਨੀਚ, ਅਮੀਰੀ-ਗ਼ਰੀਬੀ ਤੋਂ ਪਰੇ ਪਿੰਡ ਦਾ ਹਰ ਕੋਈ, ਹਰ ਕਿਸੇ ਦਾ ਕੁੱਝ ਨਾ ਕੁੱਝ ਲੱਗਦਾ ਹੁੰਦਾ ਸੀ। ਮਸ਼ੀਨੀਕਰਨ, ਸ਼ਹਿਰੀਕਰਨ ਅਤੇ ਕਥਿਤ ਤਰੱਕੀ ਨੇ ਇਸ ਭਾਈਚਾਰਕ ਸਾਂਝ ਨੂੰ ਨਾ ਪੂਰਾ ਹੋਣ ਵਾਲਾ ਖੋਰਾ ਲਾਇਆ ਹੈ।





# ਬਹੁਤ ਬਦਲ ਗਿਆ ਹੈ ਪੇਂਡੂ ਜ਼ਿੰਦਗੀ ਦਾ ਰੂਪ

ਸੁਖਪਾਲ ਸਿੰਘ ਬਰਨ

ਕਿਸੇ ਸਮੇਂ ਪਿੰਡਾਂ ਨੂੰ ਸਵਰਗ ਦੀ ਨਿਆਈ ਸਮਝਿਆ ਜਾਂਦਾ ਸੀ। ਚਾਰ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਪਿੰਡਾਂ ਦੀ ਜ਼ਿੰਦਗੀ ਬੜੀ ਸ਼ਾਂਤ ਸਹਿਜ ਤੇ ਸਬਰ ਸੰਤੋਖ ਵਾਲੀ ਹੁੰਦੀ ਸੀ। ਪਿੰਡ ਦੇ ਲੋਕਾਂ ਵਿੱਚ ਮੋਹ, ਪਿਆਰ, ਅਪਣੱਤ ਅਤੇ ਦੁੱਖ ਸੁੱਖ ਦੀ ਸਾਂਝ ਉਨ੍ਹਾਂ ਦੇ ਜੀਵਨ ਵਿੱਚੋਂ ਝਲਕਦੀ ਸੀ। ਇਹ ਸਾਂਝ ਹੀ ਉਨ੍ਹਾਂ ਨੂੰ ਇੱਕ ਲੜੀ ਵਿੱਚ ਪਰੋਈ ਰੱਖਦੀ। ਭਾਵੇਂ ਲੋਕ ਬਹੁਤ ਸਾਰੀਆਂ ਥੁੜ੍ਹਾਂ ਨਾਲ ਜੂਝਦੇ ਸਨ, ਪੇਂਡੂ ਫਿਰ ਵੀ ਚਿਹਰੇ ਦੀ ਰੌਣਕ, ਖ਼ੁਸ਼ੀ ਅਤੇ ਸੰਤੁਸ਼ਟੀ ਦੇ ਭਾਵ ਸਪੱਸ਼ਟ ਨਜ਼ਰ ਆਉਂਦੇ ਸਨ। ਸਰੀਰਕ ਡੀਲ ਡੌਲ ਅਤੇ ਚਿਹਰੇ ਦਾ ਜਲੌਅ ਉਨ੍ਹਾਂ ਦੇ ਤੰਦਰੁਸਤ ਅਤੇ ਤਗੜੇ ਹੋਣ ਦਾ ਪ੍ਰਮਾਣ ਹੁੰਦਾ ਸੀ।

ਲੋਕ ਪਿੰਡ ਦੀਆਂ ਸੱਥਾਂ ਵਿੱਚ ਜੁੜ ਕੇ ਬੈਠਦੇ ਤੇ ਮਹੱਤਵਪੂਰਨ ਮਸਲਿਆਂ 'ਤੇ ਵਿਚਾਰ ਚਰਚਾ ਕਰਦੇ। ਛੋਟੇ ਮੋਟੇ ਝਗੜੇ ਪਿੰਡ ਵਿੱਚ ਹੀ ਨਿਪਟਾ ਲਏ ਜਾਂਦੇ ਸਨ। ਪੰਚਾਇਤ ਦਾ ਫ਼ੈਸਲਾ ਪਰਮੇਸ਼ਰ ਦਾ ਫ਼ੈਸਲਾ ਸਮਝਿਆ ਜਾਂਦਾ ਸੀ, ਪ੍ਰੰਤੂ ਅਜੋਕੇ ਵਿਸ਼ਵੀਕਰਨ, ਉਦਯੋਗੀਕਰਨ, ਤਕਨੀਕੀਕਰਨ, ਢਾਂਚਾਗਤ ਵਿਕਾਸ ਅਤੇ ਜੀਵਨ ਦੀਆਂ ਬਦਲਦੀਆਂ ਕੀਮਤਾਂ ਅਤੇ ਵਿਸ਼ਵਾਸਾਂ ਨੇ ਪਿੰਡਾਂ ਦੀ ਜ਼ਿੰਦਗੀ 'ਤੇ ਬਹੁਤ ਗਹਿਰਾ ਅਸਰ ਪਾਇਆ ਹੈ।



ਪਿੰਡਾਂ ਦੀ ਜ਼ਿੰਦਗੀ ਬੜੀ ਸਹਿਜ ਹੋਇਆ ਕਰਦੀ ਸੀ। ਮੁਰਗੇ ਦੀ ਬਾਂਗ ਦੇਣ ਨਾਲ ਹੀ ਜ਼ਿੰਦਗੀ ਦੀ ਹਰਕਤ ਸ਼ੁਰੂ ਹੋ ਜਾਂਦੀ ਸੀ। ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਖੇਤੀ ਦਾ ਜ਼ਿਆਦਾਤਰ ਕੰਮ ਬਲਦਾਂ ਤੇ ਊਠਾਂ ਨਾਲ ਕੀਤਾ ਜਾਂਦਾ ਸੀ।

ਕਿਸਾਨ ਤੋਂ ਇਲਾਵਾ ਹੋਰ ਕਿੱਤਿਆਂ ਵਾਲੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਇਸ ਕਿੱਤੇ ਨਾਲ ਜੁੜੇ ਹੁੰਦੇ ਸਨ। ਖੇਤੀ ਪੂਰੇ ਪਿੰਡ ਦੀਆਂ ਲੋੜਾਂ ਪੂਰੀਆਂ ਕਰਦੀ। ਜਿੱਥੇ ਦਾਣੇ ਕੱਢਣ ਤੋਂ ਬਾਅਦ ਕਿਸਾਨ ਦੇ ਘਰ ਫ਼ਸਲ ਆਉਂਦੀ, ਉੱਥੇ ਪਿੰਡ ਦੇ ਤਰਖਾਣ, ਮੋਚੀ, ਦਰਜੀ, ਘੁਮਿਆਰ ਆਦਿ ਨੂੰ ਵੀ ਕੰਮ ਕਰਾਉਣ ਬਦਲੇ ਦਾਣਿਆਂ ਦਾ ਕੁੱਝ ਹਿੱਸਾ ਦਿੱਤਾ ਜਾਂਦਾ ਜਿਸ ਨੂੰ ਸੇਫੀ ਕਹਿੰਦੇ ਸਨ। ਪਹੁ ਫੁਟਾਲੇ ਤੋਂ ਪਹਿਲਾਂ ਹੀ ਹਾਲੀ ਖੇਤਾਂ ਵਿੱਚ ਹਲ਼ ਜੋੜ ਲੈਂਦੇ। ਇਸੇ ਸਮੇਂ ਸੁਆਣੀਆਂ ਰਿੜਕਣੇ ਵਿੱਚ ਮਧਾਣੀ ਪਾ ਕੇ ਦੁੱਧ ਰਿੜਕਣ ਲੱਗ ਜਾਂਦੀਆਂ। ਜਿੱਥੇ ਖੇਤਾਂ ਵਿੱਚ ਲੋਕ ਇਕੱਠੇ ਮਿਲ ਕੇ ਕੰਮ ਕਰਦੇ, ਉੱਥੇ ਔਰਤਾਂ ਵੀ ਆਪਣਾ ਕੰਮ ਨਿਪਟਾ ਕੇ ਕੱਤਣ, ਕੱਢਣ ਦਾ ਕੰਮ ਇਕੱਠੀਆਂ ਬੈਠ ਕੇ ਕਰਦੀਆਂ। ਜਦੋਂ ਕੰਮ ਦਾ ਜ਼ੋਰ ਹੁੰਦਾ ਤਾਂ ਲੋਕ ਲੋਕ ਇੱਕ ਦੂਸਰੇ ਨਾਲ ਬਿੜੀ ਕਰਕੇ ਹਾੜ੍ਹੀ ਵੱਢਦੇ, ਦਾਣਿਆਂ ਦੀ ਕਢਾਈ ਕਰਦੇ। ਗਰਮੀਆਂ ਵਿੱਚ ਸਾਰੇ ਪਿੰਡ ਦੇ ਲੋਕ ਮਿਲ ਕੇ ਹੀ ਦਰੱਖਤਾਂ ਥੱਲੇ ਦੁਪਹਿਰੇ ਕੱਟਦੇ। ਇਸ ਤਰ੍ਹਾਂ ਪਿੰਡਾਂ ਦੇ ਲੋਕਾਂ ਦੀ ਹਰ ਕਿਰਿਆ ਵਿੱਚ ਮੇਲ ਮਿਲਾਪ ਝਲਕਦਾ ਸੀ ਅਤੇ ਅੱਜ ਦੀ ਜ਼ਿੰਦਗੀ ਵਾਂਗ ਇਕੱਲੇਪਣ ਜਾਂ ਨਿਰਾਸ਼ਤਾ ਲਈ ਕੋਈ ਥਾਂ ਨਹੀਂ ਸੀ ਹੁੰਦੀ।



ਪਿੰਡ ਦੇ ਲੋਕਾਂ ਦੇ ਦੁੱਖ ਸੁੱਖ ਸਾਂਝੇ ਹੁੰਦੇ ਸਨ। ਕਿਸੇ ਇੱਕ ਦੇ ਦੁੱਖ ਨੂੰ ਸਾਰੇ ਪਿੰਡ ਦਾ ਦੁੱਖ ਸਮਝਿਆ ਜਾਂਦਾ ਸੀ। ਜੇਕਰ ਕਿਸੇ ਦੇ ਪਸ਼ੂ ਡੰਗਰ ਦਾ ਨੁਕਸਾਨ ਹੋ ਜਾਂਦਾ ਸੀ ਤਾਂ ਵੀ ਸਾਰੇ ਪਿੰਡ ਦੇ ਲੋਕ ਅਫ਼ਸੋਸ ਕਰਨ ਘਰ ਆਉਂਦੇ ਸਨ। ਜੇਕਰ ਕਿਸੇ ਘਰ ਮੌਤ ਹੁੰਦੀ ਸੀ ਤਾਂ ਸਾਰਾ ਪਿੰਡ ਅਫ਼ਸੋਸ ਕਰਨ ਲਈ ਸੱਥਰ 'ਤੇ ਬੈਠਾ ਹੁੰਦਾ। ਭੋਗ ਪੈਣ ਤੱਕ ਰਾਤ ਨੂੰ ਵੀ ਬਹੁਤ ਸਾਰੇ ਲੋਕ ਮਰਗਤ ਵਾਲੇ ਦੇ ਘਰ ਸੌਂਦੇ। ਜੇਕਰ ਇਸ ਸਮੇਂ ਕੰਮ ਦਾ ਜ਼ੋਰ ਹੁੰਦਾ ਤਾਂ ਸਾਰਾ ਪਿੰਡ ਮਿਲ ਕੇ ਉਨ੍ਹਾਂ ਦਾ ਕੰਮ ਕਰ ਦਿੰਦਾ। ਇਸੇ ਤਰ੍ਹਾਂ ਲੋਕਾਂ ਦੀਆਂ ਖ਼ੁਸ਼ੀਆਂ ਵੀ ਸਾਂਝੀਆਂ ਹੁੰਦੀਆਂ ਸਨ।

ਵਿਆਹ ਵਾਲੇ ਘਰ ਵਿਆਹ ਤੋਂ ਕਈ ਦਿਨ ਪਹਿਲਾਂ ਕੋਠੇ 'ਤੇ ਮੰਜੇ ਜੋੜ ਕੇ ਸਪੀਕਰ ਲਾ ਦਿੱਤਾ ਜਾਂਦਾ ਸੀ। ਵਿਆਹ ਵਾਲੇ ਮੁੰਡੇ ਜਾਂ ਕੁੜੀ ਦੇ ਘਰ ਆ ਕੇ ਵਿਆਹ ਤੋਂ ਕਈ ਦਿਨ ਪਹਿਲਾਂ ਪਿੰਡ ਦੀਆਂ ਔਰਤਾਂ ਮੁੰਡੇ ਦੇ ਵਿਆਹ 'ਤੇ ਸੁਹਾਗ ਤੇ ਕੁੜੀ ਦੇ ਵਿਆਹ 'ਤੇ ਘੋੜੀਆਂ ਗਾਉਂਦੀਆਂ।

ਵਿਆਹ ਕਈ ਕਈ ਦਿਨ ਚੱਲਦਾ ਤੇ ਪੂਰੇ ਪਿੰਡ ਦੀ ਰੋਟੀ ਵਿਆਹ ਵਾਲੇ ਘਰ ਹੁੰਦੀ। ਵਿਆਹ ਵਾਲੇ ਘਰ ਵਿੱਚ ਰਿਸ਼ਤੇਦਾਰਾਂ ਦੇ ਸੌਣ ਦਾ ਪ੍ਰਬੰਧ ਕਰਨ ਲਈ ਪੂਰੇ ਪਿੰਡ ਵਿੱਚੋਂ ਮੰਜੇ ਬਿਸਤਰੇ ਇਕੱਠੇ ਕੀਤੇ ਜਾਂਦੇ। ਬਰਾਤਾਂ ਰਾਤਾਂ ਰਿਹਾ ਕਰਦੀਆਂ ਸਨ।

ਹੁਣ ਜ਼ਿੰਦਗੀ ਦੀ ਰਫ਼ਤਾਰ ਤੇਜ਼ ਹੋਣ ਕਾਰਨ ਅੱਜ ਕੱਲ੍ਹ ਖ਼ੁਸ਼ੀ ਗ਼ਮੀ ਵਿੱਚ ਸ਼ਾਮਿਲ ਹੋਣਾ ਵੀ ਰਸਮੀ ਜਿਹਾ ਹੋ ਕੇ ਰਹਿ ਗਿਆ ਹੈ। ਕਈ ਵਾਰ ਤਾਂ ਖ਼ੁਸ਼ੀ ਦੀਆਂ ਵਧਾਈਆਂ ਤੇ ਗ਼ਮੀ ਦਾ ਅਫ਼ਸੋਸ ਸਿਰਫ਼ ਮੋਬਾਈਲ ਫੋਨਾਂ 'ਤੇ ਹੀ ਕਰ ਦਿੱਤਾ ਜਾਂਦਾ ਹੈ। ਜ਼ਿੰਦਗੀ ਦੀ ਕਾਹਲ ਕਾਰਨ ਵਿਆਹ ਮਹਿਜ਼ ਕੁੱਝ ਘੰਟਿਆਂ ਦੇ ਪ੍ਰੋਗਰਾਮ ਬਣ ਕੇ ਰਹਿ ਗਏ ਹਨ। ਅੱਜਕੱਲ੍ਹ ਪਿੰਡ ਦੇ ਲੋਕ ਰਾਜਨੀਤਿਕ ਧੜਿਆਂ ਵਿੱਚ ਵੰਡੇ ਹੋਏ ਹਨ ਅਤੇ ਮੋਹ ਅਤੇ ਅਪਣੱਤ ਦੀ ਪਹਿਲਾਂ ਵਾਲੀ ਭਾਵਨਾ ਨਜ਼ਰ ਨਹੀਂ ਆਉਂਦੀ।

# ਕਾਲੇ ਕਊਏ ਸੇ ਡਰੀਓ



ਜਸਵਿੰਦਰ ਸਿੰਘ ਰੁਪਾਲ

ਕਾਲੇ ਰੰਗ ਦਾ ਕਾਂ ਜਦੋਂ ਵੀ ਬਨੇਰੇ 'ਤੇ ਬੋਲਦਾ ਹੈ, ਪੰਜਾਬੀ ਲੋਕ ਗੀਤ 'ਉੱਡ ਉੱਡ ਵੇ ਬਨੇਰੇ ਦਿਆ ਕਾਵਾਂ, ਉਡੀਕ ਮੈਨੂੰ ਸੱਜਣਾਂ ਦੀ' ਯਾਦ ਆ ਜਾਂਦਾ ਹੈ।ਬਨੇਰੇ 'ਤੇ ਕਾਂ ਦਾ ਬੋਲਣਾ, ਕਿਸੇ ਮਹਿਮਾਨ ਦੇ ਆਉਣ ਦਾ ਸੰਕੇਤ ਮੰਨਿਆ ਜਾਂਦਾ ਹੈ, ਪਰ ਉਸ ਨੂੰ ਉਡਾਉਣਾ ਵੀ ਉਤਨਾ ਹੀ ਜ਼ਰੂਰੀ ਸਮਝਿਆ ਜਾਂਦਾ ਹੈ।ਵਿਸ਼ਵਾਸ ਹੈ ਕਿ ਇਸ ਤਰ੍ਹਾਂ ਉਡਾਇਆ ਕਾਂ ਸਾਡੇ ਪ੍ਰੇਮੀ, ਮਹਿਬੂਬ ਜਾਂ ਮਿੱਤਰ ਪਿਆਰੇ ਨੂੰ ਸਾਡਾ ਪਿਆਰ ਸੰਦੇਸ਼ ਦੇਵੇਗਾ।ਪੰਜਾਬੀ ਸਾਹਿਤ ਵਿੱਚ ਕਾਂ ਦੇ ਇਸ 'ਗੁਣ' ਦੀ ਚਰਚਾ ਕਾਫ਼ੀ ਮਿਲਦੀ ਹੈ।ਲੋਕ ਗੀਤਾਂ ਵਿੱਚ ਵੀ ਅਤੇ ਆਧੁਨਿਕ ਸਾਹਿਤ ਵਿੱਚ ਵੀ।ਉਦਾਹਰਣ ਵਜੋਂ:-

* ਜਦੋਂ ਜਦੋਂ ਵੀ ਬਨੇਰੇ ਬੋਲੇ ਕਾਂ, ਮੈਂ ਔਂਸੀਆਂ ਪਾਨੀਆਂ ;
ਕਿ ਆ ਜਾ ਦਿਲ ਜਾਨੀਆਂ।

* ਚੁੰਝ ਤੇਰੀ ਵੇ ਕਾਲਿਆ ਕਾਵਾਂ, ਮੈਂ ਸੋਨੇ ਨਾਲ ਮੜ੍ਹਾਵਾਂ।
ਸਾਬਣ ਲਾ ਤੇਰੇ ਖੰਭਾਂ ਨੂੰ ਧੋਵਾਂ, ਕੁੱਟ ਕੁੱਟ ਚੂਰੀਆਂ ਪਾਵਾਂ।
ਪਹਿਲਾ ਸੁਨੇਹਾ ਮੇਰੇ ਮਾਪਿਆਂ ਨੂੰ ਦੇਵੀਂ, ਦੂਜਾ ਭੈਣ ਭਰਾਵਾਂ।
ਤੀਜਾ ਸੁਨੇਹਾ ਮੇਰੀਆਂ ਸਹੇਲੀਆਂ ਨੂੰ ਦੇਵੀਂ, ਜਿਨ੍ਹਾਂ ਨਾਲ ਤ੍ਰਿੰਝਣੀ ਜਾਵਾਂ।
ਚੌਥਾ ਸੁਨੇਹਾ ਮੇਰੇ ਮਾਹੀਏ ਨੂੰ ਦੇਵੀਂ, ਜੀਹਦੇ ਨਾਲ਼ ਲੈਣੀਆਂ ਨੇ ਲਾਵਾਂ।

ਆਧੁਨਿਕ ਸਾਹਿਤ ਵਿੱਚੋਂ ਵੀ ਇੱਕ ਦੋ ਉਦਾਹਰਣਾਂ ਝਲਕੀ ਵਜੋਂ ;

* ਰੱਜ ਰੱਜ ਝੂਠ ਬੋਲਿਆ, ਮੇਰੇ ਨਾਲ ਚੰਦਰਿਆਂ ਕਾਵਾਂ ;
ਕਬਰਾਂ ਉਡੀਕਦੀਆਂ, ਮੈਨੂੰ ਜਿਉਂ ਪੁੱਤਰਾਂ ਨੂੰ ਮਾਵਾਂ ।- ਸ਼ਿਵ ਕੁਮਾਰ ਬਟਾਲਵੀ

* ਔਂਸੀਆਂ ਪਾ ਪਾ ਮੁੱਕ ਗਈ ਧਰਤੀ, ਲੱਖ ਜੁੱਗ ਕਾਗ ਉੱਡਾਏ।
ਕੋਟ ਜਨਮ ਰਾਤਾਂ ਵਿੱਚ ਆਸ਼ਾ ਦੀਪਕ ਨੈਣ ਜਗਾਏ।-ਬਾਵਾ ਬਲਵੰਤ

ਉਂਝ ਇਸ ਕਾਂ ਦੀ ਬੋਲੀ ਬੜੀ ਖਰਵੀਂ ਹੁੰਦੀ ਹੈ।ਕੰਨਾਂ ਨੂੰ ਚੰਗੀ ਨਹੀਂ ਲੱਗਦੀ।ਕਾਂ ਨੂੰ ਉਡਾਉਣ ਦਾ ਦੂਜਾ ਅਤੇ ਅਸਿੱਧਾ ਕਾਰਨ ਉਸ ਦੀ ਖਰਵੀਂ ਬੋਲੀ ਵੀ ਹੁੰਦੀ ਹੈ।ਖਰਵੀਂ ਬੋਲੀ ਨੂੰ ਅਸੀਂ ਤੁਲਨਾਤਮਕ ਅਲੰਕਾਰ ਦੇ ਰੂਪ ਵਿੱਚ ਵਰਤ ਰਹੇ ਹੁੰਦੇ ਹਾਂ ਜਦੋਂ ਰੌਲਾ ਪਾਉਂਦੇ ਬੱਚਿਆਂ ਨੂੰ ਡਾਂਟਦੇ ਹਾਂ, "ਕੀ ਕਾਵਾਂ ਵਾਂਗ ਕਾਂ ਕਾਂ ਲਾਈ ਐ ? ਇਸੇ ਤਰ੍ਹਾਂ 'ਕਾਵਾਂ ਰੌਲ਼ੀ' ਸ਼ਬਦ ਸਾਡੀ ਨਿੱਤ ਵਿਹਾਰ ਦੀ ਬੋਲੀ ਦਾ ਸ਼ਬਦ ਬਣ ਗਿਆ ਹੈ।

ਇਸ ਦੇ ਮੁਕਾਬਲੇ 'ਤੇ ਕੋਇਲ ਦੀ ਆਵਾਜ਼ ਬੜੀ ਪਿਆਰੀ ਹੁੰਦੀ ਹੈ।ਉਸ ਦੀ ਕੂ ਕੂ ਬੱਚਿਆਂ ਨੂੰ ਵੀ ਅਤੇ ਵੱਡਿਆਂ ਨੂੰ ਵੀ ਚੰਗੀ ਲੱਗਦੀ ਹੈ । ਇਸ ਬੋਲੀ ਨੂੰ ਕਾਂ ਦੀ ਬੋਲੀ ਦੇ ਟਾਕਰੇ 'ਤੇ ਇੰਝ ਦੱਸਿਆ ਗਿਆ ਹੈ :-

* ਕਊਆ ਕਿਸ ਸੇ ਲੇਤ ਹੈ, ਕੋਇਲ ਕਿਸ ਕੋ ਦੇਤ ?
ਮੀਠੇ ਬਚਨ ਸੁਨਾਏ ਕੈ, ਮਨ ਸਭ ਕਾ ਜਰ ਲੇਤ।

ਕੋਇਲ ਮਧੁਰ ਬਾਨੀ ਨਾਲ ਸਭ ਦੇ ਦਿਲਾਂ ਵਿੱਚ ਵਸ ਜਾਂਦੀ ਹੈ, ਪਰ ਕਾਂ ਕੁਝ ਨਾ ਵੀ ਖੋਹਵੇ, ਆਪਣੀ ਕਾਂ ਕਾਂ ਕਰਕੇ ਹੀ ਚੰਗਾ ਨਹੀਂ ਲੱਗਦਾ ।

ਵੈਸੇ ਕਾਂ ਨੂੰ ਚੀਜ਼ਾਂ ਖੋਹਣ ਦੀ ਵੀ ਆਦਤ ਹੁੰਦੀ ਹੈ।ਉਹ ਬੱਚਿਆਂ ਦੇ ਹੱਥਾਂ ਚੋਂ ਰੋਟੀ ਦੇ ਟੁਕੜੇ ਝਪਟ ਕੇ ਲੈ ਜਾਂਦਾ ਹੈ।ਉਸ ਦੀ ਇਸ ਬੁਰੀ ਆਦਤ ਤੋਂ ਡਰਦਿਆਂ ਮਾਵਾਂ ਆਪਣੇ ਬੱਚਿਆਂ ਨੂੰ ਕਾਵਾਂ ਤੋਂ ਬਚਾ ਕੇ ਰੱਖਦੀਆਂ ਹਨ।

ਕਾਂ ਜਿੱਥੇ ਖੋਹ ਕੇ ਖਾਣ ਵਿੱਚ ਮਾਹਰ ਹੈ,ਉਥੇ 'ਐਸੇ ਹੋਰ ਕੰਮ ਵੀ ਚਤੁਰਤਾ ਨਾਲ ਕਰਦਾ ਹੈ ।ਇਹ ਪੰਛੀਆਂ ਦੇ ਆਂਡੇ ਭੰਨ ਕੇ ਖਾ ਜਾਂਦਾ ਹੈ।ਆਪ ਕੋਈ ਕੰਮ ਕਰਕੇ ਰਾਜ਼ੀ ਨਹੀਂ।ਬਾਲ ਕਥਾਵਾਂ, ਜੋ ਅਕਸਰ ਦਾਦੀ ਮਾਂ ਆਪਣੇ ਪੋਤੇ ਪੋਤੀਆਂ ਨੂੰ ਸੁਣਾਇਆ ਕਰਦੀ ਹੈ,ਉਸ ਵਿੱਚ 'ਚਿੜੀ ਤੇ ਕਾਂ'.ਦੀ ਕਹਾਣੀ ਵਿੱਚ ਕਾਂ ਹਰ ਥਾਂ 'ਤੂੰ ਚੱਲ ਚਿੜੀਏ ਮੈਂ ਆਇਆ' ਹੀ ਕਹਿੰਦਾ ਹੈ। ਕੰਮ ਸਾਰਾ ਚਿੜੀ ਹੀ ਕਰਦੀ ਹੈ।ਇਸੇ ਤਰ੍ਹਾਂ ਇੱਕ ਹੋਰ ਬਾਤ ਵਿੱਚ ਤਾਂ ਕਾਂ ਸਪਸ਼ਟ ਮੰਨਦਾ ਵੀ ਹੈ, "ਖਾਣੇ ਚਿੜੀ ਕੇ ਚੋਚਲੇ, ਮੈਂ ਕਾਗ ਸੁਵਰੀਆ।

ਪਰ ਲੂੰਬੜੀ ਵਰਗੇ ਚਤਰ ਚਲਾਕ ਜਾਨਵਰ ਪਾਸ ਇਸ ਦੀ ਪੇਸ਼ ਨਹੀਂ ਜਾਂਦੀ ਅਤੇ ਇਹ ਉਸ ਦੇ ਧੋਖੇ ਵਿੱਚ ਆ ਜਾਂਦਾ ਹੈ।ਉਂਝ ਹੋਰ ਪੰਛੀਆਂ ਅਤੇ ਜਾਨਵਰਾਂ ਬਾਰੇ ਕਾਂ ਦੀ ਸੋਚ ਅੱਛੀ ਨਹੀਂ ਹੈ।ਇੱਕ ਤਾਂ ਉਹ ਸੁਆਰਥੀ ਹੈ।ਦੂਜੇ ਪੰਜਾਬੀ ਲੋਕ ਅਖਾਣ , 'ਕਾਵਾਂ ਦੇ ਕਿਹਾਂ ਢੱਗੇ ਨਹੀਂ ਮਰਦੇ ' ਤੋਂ ਵੀ ਇਹ ਸਿੱਧ ਹੋ ਜਾਂਦਾ ਹੈ ਕਿ ਉਸ ਦੀ ਸੋਚ ਚੰਗੀ ਨਹੀਂ। ਉਹ ਚਾਹੁੰਦਾ ਹੈ ਕਿ ਢੱਗੇ ਮਰਨ ਅਤੇ ਉਸ ਦੀ ਖੁਰਾਕ ਬਣਨ।

ਉਸ ਦੀ ਇਹ ਸੋਚ ਅਮਲ ਵਿੱਚ ਵੀ ਆ ਜਾਂਦੀ ਹੈ। ਢੱਗਿਆਂ ਦੇ ਤਾਂ ਉਹ ਜਿਉਂਦਿਆਂ ਦੇ ਵੀ ਠੁੰਗਾਂ ਮਾਰਦਾ ਰਹਿੰਦਾ ਹੈ।ਮਰੇ ਹੋਏ ਨੂੰ ਤਾਂ ਭਲਾ ਮਾਰਨੀਆਂ ਹੀ ਨੇ।

ਸਿਰਫ਼ ਢੱਗੇ ਨੂੰ ਹੀ ਨਹੀਂ,ਸਿਰਫ਼ ਮ੍ਰਿਤਕ ਪ੍ਰਾਣੀਆਂ ਨੂੰ ਹੀ ਨਹੀਂ, ਇਹ ਹੋਰ ਅਗਾਂਹ ਵਧਦਾ ਹੈ ਅਤੇ ਆਪਣੀ ਇਸ ਕਰਤੂਤ ਨੂੰ ਇਨਸਾਨਾਂ ਦੇ ਪਿੰਜਰਾਂ ਅਤੇ ਇਨਸਾਨਾਂ ਤੱਕ ਵੀ ਲੈ ਆਉਂਦਾ ਹੈ। ਗੁਰਬਾਣੀ ਵਿੱਚ ਬਾਬਾ ਫ਼ਰੀਦ ਜੀ ਨੇ ਇਹ ਅਲੰਕਾਰ ਐਂਵੇ ਹੀ ਨਹੀਂ ਵਰਤਿਆ, ਉਸ ਪਿੱਛੇ ਕਾਂ ਦੀ 'ਗੰਦੀ ਆਦਤ' ਤੋਂ ਉਨ੍ਹਾਂ ਦੀ ਵਾਕਫ਼ੀਅਤ ਝਲਕਦੀ ਹੈ ।

* ਫ਼ਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ।
ਅਜੈ ਸੁ ਰਬੁ ਨ ਬਾਹੁੜਿਓ,ਦੇਖੁ ਬੰਦੇ ਕੇ ਭਾਗ॥

* ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ
ਏ ਦੁਇ ਨੈਨਾ ਮਤਿ ਛੁਹਉ, ਪਿਰ ਦੇਖਨ ਕੀ ਆਸ ॥(ਪੰਨਾ 1382, ਸਲੋਕ ਭਗਤ ਫ਼ਰੀਦ ਜੀ ਦੇ)

ਗੁਰਬਾਣੀ ਵਿੱਚ ਕਾਂ ਨੂੰ ਹੋਰ ਵੀ ਕਈ ਥਾਂ 'ਤੇ ਤੁਲਨਾਤਮਕ ਅਲੰਕਾਰ ਦੇ ਰੂਪ ਵਿੱਚ ਵਰਤਿਆ ਹੈ।ਜੇ ਅਸੀਂ ਕਾਂ ਦੀ ਰੀਸ ਕਰਨ ਦੀ ਆਦਤ ਨੂੰ ਇਹ ਕਹਿ ਕੇ ਛੁਟਿਆਉਂਦੇ ਹਾਂ , "ਕਊਆ ਚਲਾ ਹੰਸ ਕੀ ਚਾਲ, ਆਪਣੀ ਚਾਲ ਗਵਾ ਬੈਠਾ

ਤਾਂ ਗੁਰਬਾਣੀ ਵਿੱਚ ਵੀ ਕਾਂ ਨੂੰ ਮਨਮੁੱਖ ਅਤੇ ਹੰਸ ਨੂੰ ਗੁਰਮੁੱਖ ਕਹਿ ਕੇ ਬਿਆਨਿਆ ਗਿਆ ਹੈ । ਗੁਰਬਾਣੀ ਵਿੱਚੋਂ ਕੁਝ ਕੁ ਉਦਾਹਰਣਾਂ ਦੇਣੀਆਂ ਯੋਗ ਹਨ :-

* ਕੋਟਿ ਬਿਘਨ ਤਿਸੁ ਲਾਗਤੇ,ਜਿਸ ਨੋ ਵਿਸਰੈ ਨਾਉ ॥
ਨਾਨਕ ਅਨਦਿਨੁ ਬਿਲਪਤੇ, ਜਿਉ ਸੁੰਞੈ ਘਰਿ ਕਾਉ ॥(ਪੰਨਾ 522, ਸਲੋਕ ਮ :5)

* ਕਲਰ ਕੇਰੀ ਛਪੜੀ ,ਕਊਆ ਮਲਿ ਮਲਿ ਨਾਇ॥
ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥(ਪੰਨਾ 1411, ਸਲੋਕ ਵਾਰਾਂ ਤੇ ਵਧੀਕ)

* ਆਇਆ ਗਇਆ ਮੁਇਆ ਨਾਉ॥
ਪਿਛੈ ਪਤਲਿ ਸਦਿਹੁ ਕਾਵ॥ (ਪੰਨਾ 138,ਮ :1)

* ਝੂਠੇ ਕਉ ਨਾਹੀ ਪਤਿ ਨਾਉ ॥
ਕਬਹੂ ਨ ਸੂਚਾ ਕਾਲਾ ਕਾਉ ॥(ਪੰਨਾ 839, ਬਿਲਾਵਲੁ ਮਹਲਾ 1 ਥਿਤੀ ਘਰੁ 10 ਜਤਿ)

* ਗਰਬਵਤੀ ਕਾ ਨਾਹੀ ਠਾਉ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥ (ਪੰਨਾ 1196, ਬਸੰਤ ਬਾਣੀ ਰਵਿਦਾਸ ਜੀ ਕੀ)



ਉਪਰੋਂ ਕਾਂ ਦੇ ਬਾਰੇ ਜੋ ਪਤਾ ਚਲਦਾ ਹੈ, ਉਹ ਇਹ ਕਿ ਉਹ ਛੱਪੜੀ ਯਾਨੀ ਗੰਦੇ ਵਿੱਚ ਨਹਾਉਂਦਾ ਹੈ, ਸੁੰਨੇ ਘਰ ਬੋਲਦਾ ਹੈ ਅਤੇ ਪਤਲ ਦੀਆਂ ਵਸਤਾਂ ਖਾਂਦਾ ਹੈ।ਬਾਣੀਕਾਰਾਂ ਨੇ ਕਾਂ ਦੀ ਕਹਿਣੀ ਬਹਿਣੀ, ਰਹਿਣੀ ਸਹਿਣੀ ਸਭ ਦੱਸ ਦਿੱਤੀ ਹੈ।ਪ੍ਰਭੂ ਤੋਂ ਵਿਸਰੇ ਮਨੁੱਖ ਨੂੰ ਉਨ੍ਹਾਂ ਕਾਂ ਦੀ ਤੁਲਨਾ ਦਿੱਤੀ ਹੈ।ਕਾਂ ਦੇ ਐਨੇ ਔਗੁਣ ਦੱਸ ਕੇ ਇਹ ਵੀ ਸਮਝਾਇਆ ਹੈ ਕਿ ਜੇ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਵੇ,ਤਾਂ ਪ੍ਰਭੂ ਨੂੰ ਭੁੱਲਿਆ ਮੋਹ ਮਾਇਆ ਵਿੱਚ ਰੱਤਿਆ ਜੀਵ ਵੀ ਗੁਰਮੁਖ ਬਣ ਕੇ ਉਸ ਨਾਲ ਪ੍ਰੀਤੀ ਪਾ ਸਕਦਾ ਹੈ ।ਪਰ ਇਹ ਸ਼ਕਤੀ ਉਨ੍ਹਾਂ ਗੁਰੂ ਜਾਂ ਪ੍ਰਭੂ ਦੀ ਮਿਹਰ ਵਿੱਚ ਹੀ ਦੱਸੀ ਹੈ ।

* ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥(ਪੰਨਾ 91,ਮ :1)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਾਂ ਬੜਾ ਘਟੀਆ ਕਿਸਮ ਦਾ ਪੰਛੀ ਹੈ।ਉਹ ਅਤਿ ਸੁਆਰਥੀ, ਨਕਲਚੀ, ਖੋਹ ਕੇ ਖਾਣ ਵਾਲਾ, ਦੂਜੇ ਨੂੰ ਤੰਗ ਕਰਨ ਵਾਲਾ ਅਤੇ ਬੁਰਾ ਸੋਚਣ ਵਾਲਾ ਹੈ।

ਕਾਂ ਦੀ ਉਮਰ ਬੜੀ ਲੰਮੀ ਮੰਨੀ ਗਈ ਹੈ।ਸਿਆਣੇ ਆਖਦੇ ਹਨ "ਲੱਖ ਬਰਸ ਨਾਗਾਂ ਕਰੋੜ ਬਰਸ ਕਾਗਾਂ' ਇਸ ਤੋਂ ਕਾਂ ਦੀ ਉਮਰ ਕਰੋੜ ਸਾਲਾਂ ਵਿੱਚ ਲੱਗਦੀ ਹੈ, ਪਰ ਕੁਝ ਵੀ ਹੋਵੇ ਉਹ ਆਪਣੀ ਲੰਮੀ ਉਮਰ ਵਿੱਚ ਕੋਈ ਬਹੁਤਾ ਚੰਗਾ ਕੰਮ ਨਹੀਂ ਕਰਦਾ।

ਲੇਖ ਅਧੂਰਾ ਰਹਿ ਜਾਵੇਗਾ, ਜੇ ਅਸੀਂ ਉਸ ਦੀ ਨਿਗ੍ਹਾ ਦੀ ਪ੍ਰਸੰਸਾ ਨਾ ਕਰੀਏ।ਕਾਂ ਦੀ ਨਿਗ੍ਹਾ ਬਹੁਤ ਤੇਜ਼ ਹੁੰਦੀ ਹੈ।ਰੋਟੀ ਦੇ ਟੁਕੜੇ ਸੁੱਟੋ, ਉਹ ਧਰਤੀ 'ਤੇ ਡਿੱਗਣ ਤੋਂ ਪਹਿਲਾਂ ਹੀ ਦਬੋਚ ਲੈਂਦਾ ਹੈ।ਤੇਜ਼ ਨਿਗ੍ਹਾ ਲਈ ਕਈ ਵਾਰ ਕਾਂ ਨੂੰ ਉਪਮਾਮਈ ਅਲੰਕਾਰ ਦੇ ਰੂਪ ਵਿੱਚ ਵੀ ਵਰਤਿਆ ਜਾਂਦਾ ਹੈ।ਪੰਜਾਬੀ ਦੇ ਲੇਖਕ ਬਾਬੂ ਸਿੰਘ ਮਾਨ ਦੇ ਇੱਕ ਪ੍ਰਸਿੱਧ ਗੀਤ "ਮਿੱਤਰਾਂ ਦੇ ਤਿੱਤਰਾਂ ਨੂੰ ਵਿੱਚ ਕਾਂ ਦਾ ਜ਼ਿਕਰ ਇਸ ਤਰ੍ਹਾਂ ਹੈ :-

* ਕਾਲੇ ਕਾਂ ਵਰਗੀ ਨਿਗ੍ਹਾ ਹੈ ਮਾਨ ਚੰਦਰੇ ਦੀ, ਰੱਬ ਦਾ ਖੌਫ਼ ਨਾ ਖਾਵਾਂ।

ਦੂਸਰੀ ਅਤੇ ਮਹੱਤਵਪੂਰਨ ਸਿਫਤ ਇਸ ਦੀ ਇੱਕ ਸੂਫ਼ੀ ਸੰਤ ਨੇ ਇਸ ਤਰ੍ਹਾਂ ਕੀਤੀ ਹੈ, "ਕੋਇਲ ਸੇ ਕਾਗਾ ਭਲੇ ,ਅੰਦਰ ਵੀ ਏਕ ਬਾਹਰ ਵੀ ਏਕ । ਬਹੁਤ ਵੱਡੀ ਖੂਬੀ ਹੈ-ਅੰਦਰੋਂ ਬਾਹਰੋਂ ਇੱਕ ਹੋਣਾ।ਕਾਂ ਬਾਹਰੋਂ ਕਾਲਾ ਹੈ,ਅੰਦਰੋਂ ਵੀ ਕਾਲਾ ਹੈ ਅਤੇ ਉਹ ਖਰਵੇਂ ਯਾਨੀ ਕਾਲੇ ਬੋਲਾਂ ਨਾਲ ਹੀ ਆਪਣੇ ਆਪ ਨੂੰ ਪ੍ਰਗਟਾਉਂਦਾ ਹੈ।ਘੱਟੋ ਘੱਟ ਉਸ ਵਿੱਚ ਛਲ ਕਪਟ ਤਾਂ ਨਹੀਂ। ਬੁਰਾ ਤਾਂ ਉਹ ਹੈ, ਪਰ ਬੁਰਾਈ ਸਾਹਮਣੇ ਹੀ ਕਰਦਾ ਹੈ।ਕੋਇਲ ਵਾਂਗ ਮਿੱਠੇ ਬੋਲਾਂ ਨਾਲ ਠੱਗਣਾ ਇਸ ਸਧਾਰਨ ਪੰਛੀ ਦੇ ਹਿੱਸੇ ਨਹੀਂ ਆਇਆ।ਕੀ ਅੱਜ ਦਾ ਮਨੁੱਖ ਕਾਂ ਤੋਂ ਅੰਦਰੋਂ ਬਾਹਰੋਂ ਇੱਕ ਹੋਣ ਦਾ ਗੁਣ ਸਿੱਖ ਸਕੇਗਾ ?

ਕਾਂ ਦੇ ਕੱਟਣ ਦੀ ਕਾਫ਼ੀ ਪੀੜ ਹੁੰਦੀ ਹੈ,ਤਦੇ ਤਾਂ ਫਿਲਮੀ ਗੀਤਾਂ ਵਿੱਚ ਕਾਂ ਦੇ ਕੱਟਣ ਨੂੰ ਸਜ਼ਾ ਰੂਪ ਵਿੱਚ ਦਰਸਾਇਆ ਹੈ :-

'ਝੂਠ ਬੋਲੇ ਕਊਆ ਕਾਟੇ ,ਕਾਲੇ ਕਊਏ ਸੇ ਡਰੀਓ ।

ਜੇ ਅਸੀਂ ਨੈਤਿਕ ਆਦਰਸ਼ਾਂ ਤੋਂ ਡਿੱਗੇ, ਪਿੱਛੇ ਹਟੇ, ਤਾਂ "ਕਾਲਾ ਕਊਆ-(ਵਿਕਾਰਾਂ ਦਾ ਪ੍ਰਤੀਕ) ਸਾਨੂੰ ਜਰੂਰ ਕੱਟੇਗਾ।ਬਚੋ ! ਸੰਭਲੋ !

ਦੇਖੋ ਫਿਰ ਉਹ ਕਾਂ ਕਾਂ ਕਰਦਾ ਸੁਚੇਤ ਕਰ ਰਿਹਾ ਹੈ।

# ਬੜੇ ਚੇਤੇ ਆਉਂਦੇ ਨੇ ਆਪਣਾ ਦੇਸ਼ ਤੇ ਆਪਣੀ ਮਿੱਟੀ

ਅਜੀਤ ਸਿੰਘ ਚੰਦਨ

ਬੇਗਾਨਾ ਦੇਸ਼ ਭਾਵੇਂ ਕਿੰਨਾ ਵੀ ਖ਼ੂਬਸੂਰਤ ਹੋਵੇ, ਆਪਣੇ ਦੇਸ਼ ਜਿੰਨਾ ਪਿਆਰਾ ਨਹੀਂ ਹੋ ਸਕਦਾ। ਇਨਸਾਨ ਨੂੰ ਬੇਗਾਨੀ ਧਰਤੀ ਦੀ ਖ਼ਾਕ ਛਾਣ ਕੇ ਵੀ ਸੁਪਨੇ ਆਪਣੇ ਦੇਸ਼ ਦੇ ਹੀ ਆਉਂਦੇ ਹਨ।ਆਪਣੀ ਮਿੱਟੀ ਦਾ ਮੋਹ ਜਾਗਦਾ ਹੈ।ਆਪਣੇ ਘਰ-ਘਾਟ ਦੀ ਯਾਦ ਆਉਂਦੀ ਰਹਿੰਦੀ ਹੈ।ਇਸੇ ਲਈ ਸਿਆਣਿਆਂ ਨੇ ਕਿਹਾ ਕਿ ਭਾਵੇਂ ਕਿੰਨੇ ਵੀ ਸਾਲ ਤੁਸੀਂ ਬੇਗਾਨੇ ਦੇਸ਼ਾਂ ਦੀ ਸੈਰ ਕਰਦੇ ਰਹੋ, ਪਰ ਆਪਣੇ ਦੇਸ਼ ਨੂੰ ਨਾ ਭੁੱਲੋ।ਆਪਣੀ ਮਿੱਟੀ ਨੂੰ ਨਾ ਵਿਸਾਰੋ। ਆਪਣੀ ਧਰਤੀ, ਆਪਣੀ ਮਿੱਟੀ, ਜਿਸ ਦੀ ਖ਼ੁਸ਼ਬੂ ਤੁਹਾਡੀਆਂ ਯਾਦਾਂ ਵਿੱਚ ਸਮੋਈ ਹੁੰਦੀ ਹੈ, ਉਹ ਕਿਵੇਂ ਭੁਲਾਈ ਜਾ ਸਕਦੀ ਹੈ। ਕਈ ਵਾਰ ਤਾਂ ਬੇਗਾਨੇ ਦੇਸ਼ ਰਹਿੰਦਿਆਂ ਇੰਝ ਲੱਗਦਾ ਹੈ, ਜਿਵੇਂ ਸੁਪਨਿਆਂ ਵਿੱਚ ਜੀਅ ਰਹੇ ਹੋਈਏ। ਜ਼ਿੰਦਗੀ ਦੀ ਅਸਲੀਅਤ ਤੋਂ ਕੋਹਾਂ ਦੂਰ ਹੋਈਏ। ਆਪਣੇ ਦੇਸ਼ ਦੇ ਰੁੱਖਾਂ, ਪਿੱਪਲਾਂ, ਬੋਹੜਾਂ ਤੇ ਗਲੀਆਂ ਦੀ ਯਾਦ ਮਨ ਵਿੱਚ ਚੱਕਰ ਕੱਟਦੀ ਰਹਿੰਦੀ ਹੈ। ਆਪਣੇ ਦੇਸ਼ ਦੀਆਂ ਗਲੀਆਂ ਭਾਵੇਂ ਚੰਗੀਆਂ ਤੇ ਭਾਵੇਂ ਮੰਦੀਆਂ, ਸਦਾ ਚੇਤੇ ਵਿੱਚ ਸਮੋਈਆਂ ਰਹਿੰਦੀਆਂ ਹਨ।

ਇਨਸਾਨ ਅਜਿਹਾ ਹੈ ਕਿ ਉਹ ਭੁੱਲ-ਭੁੱਲਈਆਂ ਵਿੱਚ ਪਿਆ ਬੇਗਾਨੇ ਦੇਸ਼ ਜਾ ਕੇ ਡੇਰੇ ਲਾਉਂਦਾ ਹੈ। ਬੇਗਾਨੇ ਦੇਸ਼ ਦੀ ਚਕਾ-ਚੌਂਧ ਤੇ ਰੌਸ਼ਨੀਆਂ ਭਰੀ ਜ਼ਿੰਦਗੀ ਵੇਖ ਕੇ ਡਾਲਰਾਂ ਦੇ ਲਾਲਚ ਵਿੱਚ ਫ਼ਸਿਆ, ਉੱਥੇ ਹੀ ਰਹੀ ਜਾਂਦਾ ਹੈ। ਪੈਸੇ ਦਾ ਮੋਹ ਤਿਆਗ ਵੀ ਨਹੀਂ ਸਕਦਾ ਤੇ ਇੰਜ ਹੀ ਸਾਰੀ ਜ਼ਿੰਦਗੀ ਬੇਗਾਨੀ ਧਰਤੀ 'ਤੇ ਗੁਆ ਦਿੰਦਾ ਹੈ। ਕਈ ਇਨਸਾਨ ਉੱਚ ਵਿੱਦਿਆ ਦੀ ਪ੍ਰਾਪਤੀ ਲਈ ਬੇਗਾਨੇ ਦੇਸ਼ ਜਾ ਵੱਸਦੇ ਹਨ ਤੇ ਕਈ ਹੋਰ ਸਿਰਫ਼ ਰੁਜ਼ਗਾਰ ਖ਼ਾਤਰ ਬਾਹਰਲੇ ਮੁਲਕਾਂ ਦੇ ਧੱਕੇ-ਧੋੜੇ ਬਰਦਾਸ਼ਤ ਕਰਦੇ ਹਨ, ਪਰ ਜੋ ਸਕੂਨ ਤੇ ਸ਼ਾਂਤੀ ਤੁਹਾਨੂੰ ਆਪਣੇ ਦੇਸ਼ ਦੀ ਧਰਤੀ 'ਤੇ ਰਹਿ ਕੇ ਪ੍ਰਾਪਤ ਹੋ ਸਕਦੀ ਹੈ, ਹੋਰ ਕਿਧਰੇ ਵੀ ਪ੍ਰਾਪਤ ਨਹੀਂ ਹੋ ਸਕਦੀ ਹੈ। ਕਈ ਇਨਸਾਨ ਤਾਂ ਕਮਾਈ ਕਰਨ ਖ਼ਾਤਰ ਬਾਹਰਲੇ ਮੁਲਕਾਂ ਵੱਲ ਮੂੰਹ ਕਰਦੇ ਹਨ ਤੇ ਫ਼ਿਰ ਕਮਾਈ ਦੇ ਲਾਲਚ ਵਿੱਚ ਸਾਰੀ ਜ਼ਿੰਦਗੀ ਉੱਥੇ ਹੀ ਗੁਜ਼ਾਰ ਦਿੰਦੇ ਹਨ। ਫ਼ਿਰ ਅਜਿਹਾ ਫ਼ਰਜ਼ੀ ਮੋਹ ਬੇਗਾਨੀ ਧਰਤੀ ਨਾਲ ਪਾ ਬੈਠਦੇ ਹਨ ਕਿ ਵਤਨ ਮੁੜਨ ਦਾ ਨਾਂ ਵੀ ਨਹੀਂ ਲੈਂਦੇ। ਉੱਥੇ ਹੀ ਵਿਆਹ ਕਰਵਾ ਕੇ ਘਰ ਵਸਾ ਲੈਂਦੇ ਹਨ ਤੇ ਆਪਣੇ ਮੁਲਕ ਨੂੰ ?ਉੱਕਾ ਹੀ ਭੁੱਲ-ਭੁਲਾ ਬੈਠਦੇ ਹਨ।



ਬਾਹਰਲੇ ਮੁਲਕਾਂ ਦੀ ਸਫ਼ਾਈ, ਰੁੱਖ, ਬੂਟੇ ਤੇ ਸ਼ਾਨਦਾਰ ਬਾਗ਼-ਬਗੀਚੇ ਤੇ ਸੁੰਦਰ ਘਰ ਵੇਖ ਕੇ ਮਨ ਲਲਚਾ ਜਾਂਦਾ ਹੈ। ਪੱਕੀਆਂ ਤੇ ਸਾਫ਼-ਸੁਥਰੀਆਂ ਸੜਕਾਂ, ਮਹਿੰਗੀਆਂ ਗੱਡੀਆਂ, ਖ਼ੂਬਸੂਰਤ ਘਰ ਇਹ ਸਭ ਸਾਜ਼ੋ-ਸਮਾਨ ਇਨਸਾਨ ਦੇ ਮਨ ਨੂੰ ?ਬੇਗਾਨੇ ਮੁਲਕ ਵਿੱਚ ਕਾਬੂ ਕਰੀ ਰੱਖਦਾ ਹੈ, ਪਰ ਇੱਕ ਸੱਚੇ ਇਨਸਾਨ ਦੇ ਮਨ ਵਿੱਚ ਇਹ ਟੀਸ ਸਦਾ ਉੱਠਦੀ ਰਹੇਗੀ। ਜੇਕਰ ਉਸ ਦੇ ਮਨ ਵਿੱਚ ਆਪਣੇ ਦੇਸ਼ ਦੀ ਕੱਚੀ ਮਿੱਟੀ ਦੀ ਖ਼ੁਸ਼ਬੂ ਤੇ ਆਪਣੀ ਮਾਂ ਦਾ ਸੱਚਾ ਪਿਆਰ ਵਸਿਆ ਹੋਇਆ ਹੋਵੇ ਤਾਂ ਉਹ ਇੱਕ ਨਾ ਇੱਕ ਦਿਨ ਜ਼ਰੂਰ ਆਪਣੇ ਦੇਸ਼ ਪਰਤੇਗਾ। ਆਪਣੀ ਮਿੱਟੀ ਦੀ ਛੂਹ ਨੂੰ ਮਸਤਕ ਨਾਲ ਛੁਹਾ ਲਵੇਗਾ। ਆਪਣੀ ਪੰਜਾਬੀ ਬੋਲੀ ਨੂੰ ਹਿਰਦੇ ਵਿੱਚ ਵਸਾ ਕੇ ਠੰਡਾ ਸਾਹ ਲਵੇਗਾ। ਆਪਣੇ ਦੇਸ਼ ਦਾ ਠੰਢਾ ਤੇ ਮਿੱਠਾ ਪਾਣੀ ਪੀ ਕੇ ਸੁੱਖ ਮਹਿਸੂਸ ਕਰੇਗਾ।

ਕੀ ਇਨਸਾਨ ਆਪਣੇ ਦੇਸ਼ ਵਿੱਚ ਕਮਾਈ ਨਹੀਂ ਕਰ ਸਕਦਾ ? ਆਪਣੇ ਦੇਸ਼ ਦੀ ਮਿੱਟੀ ਵਿੱਚੋਂ ਸੋਨਾ ਪੈਦਾ ਨਹੀਂ ਕਰ ਸਕਦਾ ? ਇਨਸਾਨ ਚਾਹੇ ਤਾਂ ਆਪਣੇ ਦੇਸ਼ ਰਹਿੰਦਿਆਂ ਵੀ ਸੋਨੇ ਦੀਆਂ ਕੰਧਾਂ ਉਸਾਰ ਸਕਦਾ ਹੈ, ਪਰ ਉਹ ਪੂਰੇ ਦਿਲੋਂ ਆਪਣੇ ਦੇਸ਼ ਦੀ ਮਿੱਟੀ ਨਾਲ ਰਚਦਾ-ਮਿਚਦਾ ਨਹੀਂ। ਜਿਵੇਂ ਦੂਰੋਂ ਵੇਖਿਆਂ ਬੱਦਲਾਂ ਦੀ ਕੰਨੀ, ਸੋਨੇ ਰੰਗੀ ਵਿਖਾਈ ਦਿੰਦਾ ਹੈ। ਇੰਜ ਹੀ ਬੇਗਾਨੇ ਮੁਲਕਾਂ ਦੀ ਕਮਾਈ ਉਸ ਨੂੰ ਨਿਰਾ ਸੋਨਾ ਜਾਪਦੀ ਹੈ, ਪਰ ਅਸਲੀਅਤ ਇਸ ਦੇ ਉਲਟ ਹੈ। ਕਈ ਨੌਜਵਾਨ ਬੇਗਾਨੇ ਮੁਲਕਾਂ ਦੀਆਂ ਜੇਲ੍ਹਾਂ ਵਿੱਚ ਭੱਠ ਝੋਂਕਦੇ ਹਨ। ਕਈ ਆਪਣੇ ਘਰਾਂ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਉਤਾਰਦੇ ਹਨ। ਕਈ ਗੱਡੀਆਂ, ਘਰਾਂ ਤੇ ਹੋਰਨਾਂ ਵਸਤਾਂ ਦਾ ਟੈਕਸ ਦੇ ਕੇ ਮਸਾਂ ਗੁਜ਼ਾਰਾ ਕਰਦੇ ਹਨ। ਕਈ ਇਹ ਕਿਸ਼ਤਾਂ ਉਤਾਰਦੇ ਉਤਾਰਦੇ ਬੁੱਢੇ ਹੋ ਜਾਂਦੇ ਹਨ। ਕਈ ਅੰਦਰੋਂ ਤਾਂ ਰੌਂਦੇ ਹਨ, ਪਰ ਬਾਹਰੋਂ ਹੱਸਣ ਦਾ ਯਤਨ ਕਰਦੇ ਹਨ। ਕਈ ਲੁਕ-ਲੁਕ ਕੇ ਹੰਝੂ ਕੇਰਦੇ ਹਨ। ਕਈ ਇਹ ਸੋਚਦੇ ਹਨ ਕਿ ਹੁਣ ਸਭ ਕੁੱਝ ਗੁਆ ਕੇ ਜੇ ਆਪਣੇ ਦੇਸ਼ ਪਰਤਾਂਗੇ ਤਾਂ ਉੱਥੇ ਕੀ ਕਹਾਂਗੇ ? ਇੰਜ ਬੇਗਾਨੇ ਦੇਸ਼ ਰਹਿੰਦੇ ਨੌਜਵਾਨ ਅਜਿਹੀਆਂ ਚਿੰਤਾਵਾਂ ਵਿੱਚ ਡੁੱਬੇ ਰਹਿੰਦੇ ਹਨ। ਕਈ ਵਿਆਹ ਤਾਂ ਆਪਣੇ ਦੇਸ਼ ਵਿੱਚ ਹੀ ਕਰਵਾ ਜਾਂਦੇ ਹਨ, ਪਰ ਵਹੁਟੀ ਨੂੰ ਬੇਗਾਨੇ ਦੇਸ਼ ਵਿੱਚ ਬੁਲਾ ਕੇ ਵਸਾਉਣ ਦੀ ਉਨ੍ਹਾਂ ਦੀ ਤਰਜੀਹ ਨਹੀਂ ਹੁੰਦੀ। ਇਹ ਕੰਮ ਉਨ੍ਹਾਂ ਨੂੰ ਵਿੱਤ ਤੋਂ ਬਾਹਰਲਾ ਨਜ਼ਰ ਆਉਂਦਾ ਹੈ। ਕਈ ਬੇਗਾਨੇ ਮੁਲਕਾਂ ਵਿੱਚ ਰਹਿੰਦਿਆਂ ਸੁਪਨਿਆਂ ਵਿੱਚ ਹੀ ਜ਼ਿੰਦਗੀ ਗੁਜ਼ਾਰੀ ਜਾਂਦੇ ਹਨ। ਜਦਕਿ ਸੁਪਨੇ ਅਸਲੀਅਤ ਨਹੀਂ ਬਣਦੇ, ਪਰ ਜਿਸ ਇਨਸਾਨ ਨੇ ਆਪਣੇ ਦੇਸ਼ ਪੈਰ ਜਮਾਏ ਹੋਏ ਹਨ, ਉਹ ਭਾਵੇਂ ਕਿੰਨੇ ਮੁਲਕਾਂ ਦੀ ਸੈਰ ਕਰ ਆਵੇ, ਆਪਣੇ ਮੁਲਕ ਵਿੱਚ ਵੱਸਣ ਨੂੰ ਹੀ ਤਰਜੀਹ ਦੇਵੇਗਾ।

(ਬਾਕੀ ਸਫ਼ਾ 31 'ਤੇ)

ਸਿਰਜਣਾ ਦਿਵਸ 'ਤੇ ਵਿਸ਼ੇਸ਼

# ਭਗਤੀ ਤੇ ਸ਼ਕਤੀ ਦਾ ਸੁਮੇਲ ਸ੍ਰੀ ਅਕਾਲ ਤਖ਼ਤ ਸਾਹਿਬ

ਧਰਮਿੰਦਰ ਸਿੰਘ ਚੱਬਾ

ਗੁਰੂ ਅਰਜਨ ਦੇਵ ਸਾਹਿਬ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ ਸੰਗਤਾਂ ਨੂੰ ਅਲੱਗ ਹੀ ਰੂਪ ਵੇਖਣ ਨੂੰ ਮਿਲਿਆ। ਉਸ ਵਕਤ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਗਿਆਰਾਂ ਸਾਲਾਂ ਦੀ ਸੀ। ਗੁਰੂ ਜੀ ਨੇ ਮੀਰੀ ਅਤੇ ਪੀਰੀ ਨਾਂਅ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਸੇਲੀ ਟੋਪੀ ਦੀ ਜਗ੍ਹਾ ਸੋਹਣੀ ਸ਼ਾਹੀ ਠਾਠ ਵਾਲੀ ਦਸਤਾਰ ਧਾਰਨ ਕੀਤੀ, ਉੱਪਰ ਕਲਗੀ ਸਜਾਈ। ਸਿੱਖ ਸੰਗਤਾਂ ਪਾਤਸ਼ਾਹ ਜੀ ਦਾ ਇਹ ਰੂਪ ਵੇਖ ਕੇ ਹੈਰਾਨ ਸਨ। 'ਮੀਰੀ' ਅਤੇ 'ਪੀਰੀ' ਦੋਵੇਂ ਫ਼ਾਰਸੀ ਦੇ ਸ਼ਬਦ ਹਨ। ਇਸਦੇ ਅਰਥ ਵਿਦਵਾਨਾਂ ਨੇ ਇਉਂ ਕੀਤੇ ਹਨ। 'ਮੀਰੀ' ਦਾ ਅਰਥ 'ਮੀਰ' ਤੇ 'ਮੀਰ' ਦਾ ਅਰਥ 'ਅਮੀਰ' ਦਾ ਸੰਕੇਤ ਹੈ। 'ਪੀਰੀ' ਦਾ ਅਰਥ 'ਪੀਰ' ਤੇ 'ਪੀਰ' ਦਾ ਅਰਥ ਭਾਵ 'ਧਾਰਮਿਕ ਆਗੂ' ਤੋਂ ਹੈ। ਜਦੋਂ ਸਿੱਖਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸਵਾਲ ਕੀਤਾ ਕਿ ਪਹਿਲੇ ਗੁਰੂ ਸਹਿਬਾਨ ਤੋਂ ਅਲੱਗ ਇਹ ਤਲਵਾਰਾਂ, ਉਹ ਵੀ ਦੋ ਕਿਉਂ ਧਾਰਨ ਕੀਤੀਆਂ ਹਨ ਤਾਂ ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਜਵਾਬ ਦਿੱਤਾ ਜੋ ਭਾਈ ਸੰਤੋਖ ਜੀ ਇਸ ਤਰ੍ਹਾਂ ਲਿਖਦੇ ਹਨ ਕਿ:

ਧਰੇ ਤੇਜ ਸਤਿਗੁਰੁ ਬਚ ਕਹੇ। ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ। ਦੂਸਰ ਤੇ ਪੀਰਨਿ ਕੀ ਪੀਰੀ।

ਗੁਰੂ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਸਭ ਸਿੱਖ ਸੰਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ਅੱਜ ਤੋਂ ਸਾਨੂੰ ਵਧੀਆ ਨਸਲ ਦੇ ਘੋੜੇ, ਵਧੀਆ ਕਿਸਮ ਦੇ ਹਥਿਆਰ, ਵਧੀਆ ਤੇ ਤੰਦਰੁਸਤ ਜਵਾਨ ਭੇਟ ਕੀਤੇ ਜਾਣ।

ਜੋ ਸਿਖ ਆਨਹਿ ਸ਼ਸਤ੍ਰ ਤੁਰੰਗਾ। ਹੋਇ ਖੁਸ਼ੀ ਗੁਰ ਕੀ ਸੁਖ ਸੰਗਾ।
ਸਭ ਆਵੈਂ ਦਰਸ਼ਨ ਹਿਤ ਕਰਿਬੇ। ਲਯਾਇ ਅਕੋਰ ਬਿਲਮ ਨਹਿਂ ਧਰਿਬੇ।

ਗੁਰੂ ਜੀ ਦੇ ਹੁਕਮ ਅਨੁਸਾਰ ਸਿੱਖ ਸੰਗਤਾਂ ਭੇਟਾਵਾਂ ਚੜ੍ਹਾਉਣ ਲੱਗੀਆਂ। ਥੋੜ੍ਹੇ ਸਮੇਂ ਅੰਦਰ ਹੀ ਗੁਰੂ ਜੀ ਕੋਲ ਸਿੱਖ ਫ਼ੌਜ ਤਿਆਰ ਹੋਣੀ ਸ਼ੁਰੂ ਹੋ ਗਈ। ਦੇਖਾ ਦੇਖੀ ਇਸ ਫ਼ੌਜ ਵਿੱਚ 500 ਜਵਾਨ ਭਰਤੀ ਹੋ ਗਏ। ਕਿਸੇ ਵੀ ਜਵਾਨ ਨੇ ਤਨਖਾਹ ਦੀ ਮੰਗ ਨਹੀਂ ਕੀਤੀ। ਸਗੋਂ ਕਹਿੰਦੇ ਸਨ ਕਿ ਹੇ ਸੱਚੇ ਪਾਤਸ਼ਾਹ ਜੀ ਦੋ ਵਕਤ ਦੀ ਰੋਟੀ ਤੇ ਛੇ ਮਹੀਨੇ ਬਾਅਦ ਇੱਕ ਸੂਟ ਦੇ ਦਿਆ ਕਰੋ। ਐਸੇ ਜਵਾਨ ਗੁਰੂ ਜੀ ਦੀ ਫ਼ੌਜ ਵਿੱਚ ਭਰਤੀ ਹੋਣੇ ਸ਼ੁਰੂ ਹੋ ਗਏ ਸਨ ਜੋ ਗੁਰੂ ਜੀ ਦੇ ਇੱਕ ਇਸ਼ਾਰੇ 'ਤੇ ਜਾਨਾਂ ਕੁਰਬਾਨ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਗੁਰੂ ਜੀ ਦੀ ਚੜ੍ਹਤ ਦੇਖ ਕੇ ਵੈਰੀਆਂ ਦੇ ਦਿਲ ਕੰਬਦੇ ਸਨ। ਉਨ੍ਹਾਂ ਨੇ ਜਹਾਂਗੀਰ ਨੂੰ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਹਾਂਗੀਰ ਨੇ ਇੱਕ ਇਹ ਹੁਕਮ ਵੀ ਜਾਰੀ ਕਰ ਦਿੱਤਾ ਕਿ ਕੋਈ ਵੀ ਦੋ ਫੁੱਟ ਤੋਂ ਉੱਚਾ ਥੜ੍ਹਾ ਬਣਾ ਕੇ ਬੈਠ ਨਹੀਂ ਸਕਦਾ।

ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਮਤ 1665 ਵਿੱਚ ਸ੍ਰੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇੱਕ ਉੱਚਾ ਰਾਜ ਸਿੰਘਾਸਨ (ਸ਼ਾਹੀ ਤਖ਼ਤ) ਤਿਆਰ ਕਰਵਾ ਕੇ ਉਸਦਾ ਨਾਉਂ 'ਅਕਾਲ ਬੁੰਗਾ' ਰੱਖਿਆ। ਜਿਸ ਥਾਂ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਅਕਾਲ ਬੁੰਗਾ ਪੰਥਕ ਜਥੇਬੰਦੀਆਂ ਦਾ ਕੇਂਦਰ ਬਿੰਦੂ ਹੈ। ਪੰਥ ਇਸ ਥਾਂ ਮੁੱਢ ਤੋਂ ਗੁਰਮਤੇ ਸੋਧਦਾ ਆਇਆ ਹੈ। ਇਹ ਗੁਰਦੁਆਰਾ ਸਿੱਖਾਂ ਦਾ ਪਹਿਲਾ ਤਖ਼ਤ ਹੈ। ਇਥੇ ਗੁਰੂ ਸਹਿਬਾਨ ਅਤੇ ਧਰਮਵੀਰ ਸ਼ਹੀਦਾਂ ਦੇ ਸ਼ਸਤਰ ਸੁਸ਼ੋਭਿਤ ਹਨ। ਪ੍ਰਿੰ: ਤੇਜਾ ਸਿੰਘ ਤੇ ਪ੍ਰੋ. ਗੰਡਾ ਸਿੰਘ ਆਪਣੀ ਲਿਖਤ ਵਿੱਚ ਲਿਖਦੇ ਹਨ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ



1609 ਈ: ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕੀਤੀ।

ਢਾਡੀ ਅਬਦੁੱਲਾ ਤੇ ਨੱਥਾ ਮੱਲ ਨੇ ਤਖ਼ਤ ਨਸ਼ੀਨੀ ਤੇ ਵਾਰ ਪੜ੍ਹੀ।

ਸੱਚਾ ਤਖਤ ਸੁਹਾਯੋ ਸ੍ਰੀ
ਗੁਰ ਪਾਇਕੈ।
ਛਬ ਬਰਨੀ ਨਹਿ ਜਾਇ ਕਹੋ
ਕਿਆ ਗਾਇਕੈ।
ਰਾਵਿ ਸਸਿ ਭਏ ਮਲੀਨ ਸੁ
ਦਰਸ ਦਿਖਾਇਕੈ।
ਸ੍ਰੀ ਗੁਰੂ ਤਖਤ ਬਿਰਾਜੇ
ਪ੍ਰਭੂ ਧਿਆਇਕੈ।
ਮੀਰ ਅਬਦੁੱਲ ਔ ਨਥਾ ਜਸ
ਕਹੇ ਬਨਾਇਕੈ।

ਇਸ ਜਗ੍ਹਾ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਉਂਦੇ ਤੇ ਨਾਲੇ ਫ਼ੌਜੀ ਜਵਾਨਾਂ ਦੇ ਕਰਤੱਬ ਦੇਖਦੇ ਸਨ। ਇਸੇ ਜਗ੍ਹਾ 'ਤੇ ਹੀ ਇੱਕ ਉੱਚਾ ਥੜ੍ਹਾ ਉਸਾਰ ਦਿੱਤਾ ਜਿਸ ਨੂੰ 'ਅਕਾਲ ਬੁੰਗਾ' ਦੇ ਨਾਂਅ ਨਾਲ ਜਾਣਿਆ ਜਾਣ ਲੱਗਾ। ਇਸ ਦੀ ਨੀਂਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਰੱਖੀ। ਇਸਦੀ ਇਤਨੀ ਸੰਭਾਲ ਰੱਖੀ ਕਿ ਇਹ ਥੜ੍ਹਾ ਕਿਸੇ ਮਿਸਤਰੀ ਕੋਲੋਂ ਨਹੀਂ ਬਣਵਾਇਆ। ਸਾਰੀ ਉਸਾਰੀ ਗੁਰੂ ਸਾਹਿਬ ਜੀ ਨੇ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਆਪਣੇ ਹੱਥੀਂ ਕੀਤੀ। ਗੁਰ ਬਿਲਾਸ ਪਾ: ਛੇਵੀਂ ਵਿੱਚ ਲਿਖਿਆ ਹੈ ਕਿ:

ਕਰ ਅਰਦਾਸ ਸ੍ਰੀ ਸਤਿਗੁਰੂ ਪੁੰਨ ਪ੍ਰਸਾਦਿ ਵਰਤਾਇ।
ਪ੍ਰਿਥਮ ਨੀਵ ਸਈ ਗੁਰ ਰਖੀ ਅਬਚਲ ਤਖਤ ਸਹਾਇ।
ਗੁਰਦਾਸ ਬੁੱਢੇ ਕੋ ਲੈ ਨਿਜ ਸਾਥਿ।
ਤਖ਼ਤ ਅਰੰਭ ਕਰਿ ਦੀਨਾ ਨਾਥ।
ਕਿਸੀ ਰਾਜ ਨਹਿ ਹਾਥ ਲਗਾਯੋ।
ਬੁੱਢੇ ਔ ਗੁਰਦਾਸ ਬਨਾਯੋ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ ਥਾਪਿਆ ਗਿਆ। ਜਦ ਅਕਾਲ ਦਾ ਇਹ ਸੱਚਾ ਤਖ਼ਤ ਬਣ ਕੇ ਤਿਆਰ ਹੋ ਗਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਕੇਸਰੀ ਬਾਣਾ ਪਾ ਕੇ ਸੁੰਦਰ ਦਸਤਾਰ ਤੇ ਕਲਗੀ ਸਜਾ ਕੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਇਸ ਤਖ਼ਤ 'ਤੇ ਬਿਰਾਜਮਾਨ ਹੋਏ। ਗੁਰੂ ਜੀ ਦੂਰੋਂ-ਦੂਰੋਂ ਆਈ ਸੰਗਤ ਦੇ ਫ਼ੈਸਲੇ ਜਲਦੀ ਹੀ ਕਰ ਦਿਆ ਕਰਦੇ ਹਨ। ਇਹ ਸਭ ਦੇਖ ਸੁਣ ਕੇ ਮੁਗ਼ਲਾਂ ਦੀ ਨੀਂਦ ਹਰਾਮ ਹੋ ਚੁੱਕੀ ਸੀ। ਉਸ ਸਮੇਂ ਤੋਂ ਲੈ ਕੇ ਸਮੇਂ-ਸਮੇਂ ਦੀਆਂ ਸਰਕਾਰਾਂ ਇਸ ਤਖ਼ਤ ਨੂੰ ਮਿਟਾਉਣ ਦੀਆਂ ਕੋਝੀਆਂ ਚਾਲਾਂ ਚੱਲਦੀਆ ਰਹੀਆਂ ਹਨ। ਦਰਬਾਰ ਸਾਹਿਬ ਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਹਮਲੇ ਕੀਤੇ ਗਏ।

ਜੂਨ 1984 ਵਿੱਚ ਹੋਏ ਫ਼ੌਜੀ ਹਮਲੇ ਤੋਂ ਬਾਦ ਜ਼ਾਲਮਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸੁਸ਼ੋਭਿਤ ਗੁਰੂ ਸਾਹਿਬ, ਸਾਹਿਬਜ਼ਾਦਿਆਂ ਤੇ ਸ਼ਹੀਦ ਸਿੰਘਾਂ ਦੀਆਂ ਪਾਵਨ ਪਵਿੱਤਰ ਨਿਸ਼ਾਨੀਆਂ ਨੂੰ ਵੀ ਨੁਕਸਾਨ ਪਹੁੰਚਿਆ ਸੀ।

ਫਿਰ 13 ਸਤੰਬਰ 2012 ਨੂੰ ਬਾਬਾ ਨਰਿੰਦਰ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਇਨਾਂ ਨਿਸ਼ਾਨੀਆਂ ਦੀ ਸਾਂਭ-ਸੰਭਾਲ ਦੀ ਸੇਵਾ ਸੰਭਾਲੀ ਗਈ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਜੋ ਪਾਵਨ ਪਵਿੱਤਰ ਸ਼ਸਤਰ ਸੁਸ਼ੋਭਿਤ ਹਨ ਉਨ੍ਹਾਂ ਵਿੱਚ ਮੀਰੀ ਪੀਰੀ ਦੀਆਂ ਦੋਵੇਂ ਸ੍ਰੀ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇੱਕ ਗੁਰਜ, ਇੱਕ ਸਫਾਜੰਗ, ਇੱਕ ਕਟਾਰ, ਇੱਕ ਪੇਚਕਬਜ਼, ਇੱਕ ਛੋਟੀ ਸ੍ਰੀ ਸਾਹਿਬ, ਗੁਰੂ ਗੋਬਿੰਦ ਸਾਹਿਬ ਜੀ ਦੀ ਪਾਵਨ ਸ੍ਰੀ ਸਾਹਿਬ, ਦੋ ਤੀਰ, ਇੱਕ ਕਟਾਰ, ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਇੱਕ ਇੱਕ ਕਟਾਰ, ਬਾਬਾ ਬੁੱਢਾ ਸਾਹਿਬ ਜੀ ਦੀ ਸ੍ਰੀ ਸਾਹਿਬ, ਬਾਬਾ ਦੀਪ ਸਿੰਘ ਜੀ ਦਾ ਇੱਕ ਖੰਡਾ, ਇੱਕ ਪੇਚਕਬਜ਼, ਛੋਟੀ ਸ੍ਰੀ ਸਾਹਿਬ, ਇੱਕ ਪਿਸਤੋਲ, ਦੁਮਾਲੇ ਤੇ ਸਜਾਉਣ ਵਾਲੇ 4 ਛੋਟੇ ਖੰਡੇ, ਇੱਕ ਸ੍ਰੀ ਸਾਹਿਬ, ਚਾਰ ਛੋਟੇ ਚੱਕਰ ਤੇ ਗਿਆਰਾਂ ਵੱਡੇ ਚੱਕਰ, ਭਾਈ ਜੇਠਾ ਜੀ, ਭਾਈ ਬਿਧੀ ਚੰਦ ਜੀ, ਭਾਈ ਉਦੈ ਸਿੰਘ, ਭਾਈ ਕਰਮ ਸਿੰਘ ਦੀ ਸ੍ਰੀ ਸਾਹਿਬ, ਭਾਈ ਬਚਿੱਤਰ ਸਿੰਘ ਜੀ ਦਾ ਇੱਕ ਤੇਗਾ, ਅਕਾਲੀ ਫੂਲਾ ਸਿੰਘ ਜੀ ਦਾ ਇੱਕ ਤੇਗਾ, ਇੱਕ ਖੰਡਾ, ਇੱਕ ਕਟਾਰ, ਬਾਬਾ ਗੁਰਬਖਸ਼ ਸਿੰਘ ਜੀ ਦਾ ਇੱਕ ਖੰਡਾ, ਬਾਬਾ ਨੌਧ ਸਿੰਘ ਜੀ ਦਾ ਇੱਕ ਖੰਡਾ ਆਦਿ ਹਨ।

ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਿਸ਼ਾਨੀਆਂ

ਸੰਨ 1984 ਵੇਲੇ ਮੀਰੀ ਵਾਲੀ ਸ੍ਰੀ ਸਾਹਿਬ ਦਾ ਇੱਕ ਹਿੱਸਾ ਟੁੱਟ ਗਿਆ ਸੀ। ਬਾਬਾ ਦੀਪ ਸਿੰਘ ਜੀ ਦੇ ਖੰਡੇ ਦੀ ਮੁੱਠ ਹਿੱਲ ਗਈ ਸੀ ਤੇ ਪਿਸਤੌਲ ਦੀ ਮੁੱਠ ਤਿੜਕ ਗਈ ਸੀ। ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਪਿਸਤੌਲ ਦਾ ਬੱਟ ਵੀ ਤਿੜਕ ਗਿਆ ਸੀ। ਹੋਰ ਵੀ ਕਈ ਸ਼ਸਤਰ ਇਸ ਹਮਲੇ ਦੌਰਾਨ ਪ੍ਰਭਾਵਿਤ ਹੋਏ ਸਨ। ਅਮਰੀਕਾ ਵਿੱਚ ਬਣੀ ਧਾਰਮਿਕ ਗ੍ਰੰਥਾਂ ਦੀ ਲਾਇਬ੍ਰੇਰੀ ਵਿੱਚ ਸਭ ਤੋਂ ਉੱਚਾ ਦਰਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤਾ ਗਿਆ ਹੈ। ਨਿਪਾਲ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿੱਚ 250 ਰੁਪਏ ਦਾ ਸਿੱਕਾ ਜਾਰੀ ਕੀਤਾ ਹੈ ਜੋ ਸਿੱਖਾਂ ਲਈ ਬੜੇ ਮਾਣ ਸਤਿਕਾਰ ਵਾਲੀ ਗੱਲ ਹੈ। ਸੰਨ 2016 ਵਿੱਚ ਗੁਰੂ ਨਾਨਕ ਸਿੱਖ ਅਕੈਡਮੀ ਹੇਜ਼ (ਲੰਡਨ) ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਿੱਖ ਰਾਜ ਦੀ ਸਥਾਪਨਾ ਕਰਨ ਵਾਲੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦਾ ਬੁੱਤ ਲਗਾਇਆ ਗਿਆ ਹੈ। ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਇਹ ਨਿਸ਼ਾਨੀਆਂ ਰਹਿੰਦੀ ਦੁਨੀਆ ਤੱਕ ਅਬਾਦ ਰਹਿਣਗੀਆਂ। ਗੁਰੂ ਸਾਹਿਬ ਵਲੋਂ ਦੱਸੇ ਮਾਰਗ ਉਤੇ ਸੰਗਤ ਸਦਾ ਚੱਲਦੀ ਰਹੇਗੀ। ਗੁਰੂ ਸਹਿਬਾਨ ਦਾ ਜੀਵਨ ਸਦਾ ਸਾਡਾ ਰਾਹ ਦਸੇਰਾ ਬਣਦਾ ਰਹੇਗਾ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਥਾਪਨਾ ਆਨੰਦਪੁਰ ਸਾਹਿਬ-19 ਜੂਨ, 1665

ਸਿੱਖ ਧਰਮ ਦੇ ਗੁਰੂ ਕਾਲ ਵਿੱਚ ਗੁਰਾਂ ਨੇ ਮਨੁੱਖਤਾ ਨੂੰ ਵਹਿਮਾਂ ਭਰਮਾਂ, ਝੂਠੇ ਕਰਮਕਾਂਡਾਂ ਵਿਚੋਂ ਕੱਢਕੇ ਸਾਂਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਲਹਿਰ ਦਾ ਨਿਸ਼ਾਨਾ ਮਨੁੱਖ ਦੀ ਪੂਰਨ ਆਜ਼ਾਦੀ ਰਿਹਾ। ਮਨੁੱਖ ਨੂੰ ਸਵੈ ਮਾਣ ਅਤੇ ਸਵੈ ਰੱਖਿਆ ਦੇ ਯੋਗ ਬਣਾਇਆ। ਮਨੁੱਖੀ ਜੀਵਨ ਹਰ ਖੇਤਰ ਵਿੱਚ ਪ੍ਰਫੁੱਲ ਤੇ ਖੁਸ਼ਹਾਲ ਹੋਵੇ। ਆਪਣੀ ਲੋਕ ਬੋਲੀ ਵਿੱਚ ਬਾਣੀ ਰਚ ਕੇ ਇਸ ਯੋਗ ਬਣਾਇਆ ਕਿ ਹਰ ਕੋਈ ਬਿਨਾ ਕਿਸੇ ਵਿਚੋਲੇ ਦੇ ਆਪ ਗਿਆਨ ਪ੍ਰਾਪਤ ਕਰਕੇ ਰੱਬ ਨਾਲ ਸਿੱਧਾ ਰਾਬਤਾ ਕਾਇਮ ਕਰੇ। ਹਰ ਮਨੁੱਖ ਧਾਰਮਿਕ, ਸਮਾਜਿਕ, ਵਿਦਿਅਕ, ਆਰਥਿਕ ਵਿਹਾਰਕ ਤੌਰ ’ਤੇ ਸੰਪੂਰਨ ਖੁਸ਼ਹਾਲ ਹੋਵੇ। ਗੁਰਧਾਮਾਂ ਨਾਲ ਸੰਗਤ ਨੂੰ ਜੋੜਿਆ। ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਉਨਤੀ ਲਈ ਸੰਗਤਾਂ ਦੇ ਵਸੇਬੇ ਲਈ ਕਸਬੇ ਅਤੇ ਸ਼ਹਿਰਾਂ ਦਾ ਨਿਰਮਾਣ ਕੀਤਾ। ਵੱਖ-ਵੱਖ ਕਿੱਤਿਆਂ ਦੇ ਮਾਹਿਰ ਕਾਰੀਗਰਾਂ ਨੂੰ ਵਸਾਇਆ। ਵਪਾਰ ਵਿੱਚ ਲਾਇਆ। ਹਰ ਕੋਈ ਅਧਿਆਤਮਿਕਤਾ ਨਾਲ ਜੁੜ ਕੇ ਕਿਰਤ ਕਰੇ, ਨਾਮ ਜਪੇ, ਵੰਡ ਛੱਕੇ।

ਹੋਂਦ ਵਿੱਚ ਆਉਂਦੇ ਨਗਰਾਂ ਦੀ ਸ਼ਾਂਤੀ ਨੂੰ ਗੁਰ ਚਰਨਾਂ ਦੀ ਛੋਹ ਪ੍ਰਾਪਤ ਹੋਈ ਜਿਵੇਂ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਪਾਕਿਸਤਾਨ, ਕਰਤਾਰਪੁਰ ਪਾਕਿਸਤਾਨ, ਸੁਲਤਾਨਪੁਰ ਲੋਧੀ, ਖਡੂਰ ਸਾਹਿਬ, ਗੋਂਦਵਾਲ, ਗੁਰੂ ਕਾ ਚੱਕ ਜਾਂ ਰਾਮਦਾਸਪੁਰ ਜੋ ਅੰਮ੍ਰਿਤਸਰ ਵਜੋਂ ਪ੍ਰਸਿੱਧ ਹੋਇਆ। ਸ੍ਰੀ ਅਕਾਲ ਤਖ਼ਤ ਸਾਹਿਬ, ਛੇਹਰਟਾ, ਹਰਿਗੋਬਿੰਦਪੁਰਾ, ਕਰਤਾਰਪੁਰ ਜਲੰਧਰ , ਕੀਰਤਪੁਰ ਸਾਹਿਬ ਪੰਜੋਖਰਾ, ਬੰਗਲਾ ਸਾਹਿਬ ਦਿੱਲੀ ਆਦਿ।

ਸਥਾਪਨਾ ਆਨੰਦਪੁਰ ਸਾਹਿਬ : ਪਹਿਲਾਂ ਨਾਉਂ ‘ਚੱਕ ਨਾਨਕੀ’ ਦੀ ਸਥਾਪਨਾ ਗੁਰੂ ਤੇਗ ਬਹਾਦਰ ਜੀ ਵੱਲੋਂ ਕੀਤੀ ਗਈ। ਪਹਿਲਾਂ ਉਹ ਬਾਬਾ ਬਕਾਲਾ ਰਹਿੰਦੇ ਸਨ। ਅਪ੍ਰੈਲ 1665 ਵਿੱਚ ਕੀਰਤਪੁਰ ਦਾ ਦੌਰਾ ਕੀਤਾ। ਜਦ ਬਿਲਾਸਪੁਰ ਪਹੁੰਚੇ ਤਾਂ ਉਹਨਾਂ ਖਿਆਲ ਕੀਤਾ ਕਿ ਮੁਗਲ ਹਾਕਮਾਂ ਦੇ ਜ਼ੁਲਮ ਵਧਦੇ ਜਾ ਰਹੇ ਹਨ। ਇਸ ਲਈ ਰਣਨੀਤਿਕ ਤੌਰ ’ਤੇ ਸੁਰੱਖਿਅਤ ਜਗ੍ਹਾ ਦੀ ਖੋਜ ਹੋਣੀ ਚਾਹੀਦੀ ਹੈ। ਤਦ ਉਹਨਾਂ ਮਾਖੋਵਾਲ ਦੇ ਗਿਰਦ ਖੰਡਰਾਂ ਨੇੜੇ ਰਾਜਾ ਤਾਰਾ ਚੰਦ ਤੋਂ ਜਗ੍ਹਾ ਖਰੀਦ ਲਈ। ਇਹ ਆਨੰਦਮਈ ਰਮਣੀਕ ਜਗ੍ਹਾ ਰਣਨੀਤਿਕ ਤੌਰ ’ਤੇ ਸੁਰਖਿਅਤ ਸੀ। ਇਸ ਦੇ ਦੁਆਲੇ ਸਤਲੁਜ ਨਦੀ ਦੇ ਨਾਲ ਪਹਾੜੀ ਅਤੇ ਜੰਗਲ ਸਨ। ਮਾਖੋਵਾਲ ਦੇ ਦੋਵੇਂ ਪਾਸੇ ਚਰਨ ਗੰਗਾ ਧਾਰਾ, ਤੀਜੇ ਪਾਸੇ ਸਤਲੁਜ ਦਰਿਆ। ਪਹਾੜ ਵਾਲੇ ਪਾਸੇ ਸੰਘਣਾ ਜੰਗਲ। ਇੱਥੇ ਕਈ ਤਰ੍ਹਾਂ ਦੇ ਜਾਨਵਰ ਅਤੇ ਹਾਥੀਆਂ ਦੇ ਝੁੰਡ ਸਨ। ਇਸ ਨੂੰ ਹਥੌਟ ਹਾਥੀਆਂ ਦਾ ਘਰ ਕਿਹਾ ਜਾਂਦਾ ਸੀ। ਇਹ ਰਮਣੀਕ ਅਤੇ ਉਪਜਾਊ ਜਗ੍ਹਾ ਸੀ। ਇਸ ਖੇਤਰ ਦਾ ਨੀਂਹ ਪੱਥਰ ਭਾਈ ਗੁਰਦਿੱਤਾ ਜੀ ਨੇ 19 ਜੂਨ 1665 ਨੂੰ ਰੱਖਿਆ। ਗੁਰੂ ਜੀ ਨੇ ਇਸ ਕਸਬੇ ਦਾ ਨਾਮ ਆਪਣੀ ਮਾਤਾ ਜੀ ਦੇ ਨਾਮ ’ਤੇ ‘ਚੱਕ ਨਾਨਕੀ’ ਰੱਖਿਆ। ਗੁਰੂ ਜੀ ਤਿੰਨ ਕੁ ਮਹੀਨੇ ਠਹਿਰੇ। ਸੰਗਤਾਂ ਵੀ ਆਉਣ ਲੱਗ ਪਈਆਂ। ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਇੱਥੇ ਵੱਸਣ ਲਈ ਪ੍ਰੇਰਿਆ। ਰਿਹਾਇਸ਼ ਬਨਾਉਣ ਲਈ ਸਹੂਲਤਾਂ ਵੀ ਦਿੱਤੀਆਂ। ਮਾਖੋਵਾਲ-‘ਚੱਕ ਨਾਨਕੀ’ ਦੀ ਧਰਤੀ ’ਤੇ ਸੇਵਾ ਸਿਮਰਨ ਸੰਗਤੀ ਵਾਤਾਵਰਨ ਬਣ ਗਿਆ। ਸਿੱਖ ਧ+ਮ ਦੇ ਵਿਰਸੇ ਦਾ ਵਿਸਥਾਰ ਹੋਣ ਲੱਗਿਆ। ਸਮਾਜਿਕ ਏਕਤਾ ਬਰਾਬਰਤਾ ਸਥਾਪਤ ਹੋਈ। ਮਾਖੋਵਾਲ-‘ਚੱਕ ਨਾਨਕੀ’ ਦੀ ਧਰਤੀ ਪਵਿੱਤਰ ਹੋ ਗਈ। ਗੁਰ ਉਪਦੇਸ਼ ਨਾਲ ਸੰਗਤਾਂ ਨੂੰ ਅਧਿਆਤਮਕ ਪ੍ਰੇਰਨਾ ਮਿਲਦੀ। ਲੋਕਾਂ ਵਿੱਚ ਅਮਨ ਚੈਨ ਆਇਆ।



ਸੰਨ 1666 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਪਰਿਵਾਰ ਵਿੱਚ ਅਤਿਅੰਤ ਖੁਸ਼ੀ ਆਈ। ਬਾਲ ਗੁਰੂ ਗੋਬਿੰਦ ਸਿੰਘ 6 ਸਾਲ ਦੀ ਉਮਰ ਤੱਕ ਪਟਨਾ ਸਾਹਿਬ ਹੀ ਰਹੇ। ਸੰਨ 1666-72 ਤੱਕ ਗੁਰੂ ਤੇਗ ਬਹਾਦਰ ਜੀ ਪ੍ਰਚਾਰਕ ਦੌਰਿਆਂ ’ਤੇ ਰਹੇ ਜਿਵੇਂ ਪੰਜਾਬ, ਉੱਤਰ ਪ੍ਰਦੇਸ਼, ਬਿਹਾਰ, ਅਸਾਮ, ਬੰਗਾਲ ਆਦਿ। ਮੁਗਲਾਂ ਦੀ ਜ਼ੁਲਮੀ ਨੀਤੀ ਹੇਠ ਔਰੰਗਜ਼ੇਬ ਦੇ ਤਸ਼ੱਦਦ ਵਧਦੇ ਵੇਖ ਕੇ ਗੁਰੂ ਜੀ ਨੇ ਆਪਣਾ ਪਰਿਵਾਰ ਮਾਖੋਵਾਲ ‘ਚੱਕ ਨਾਨਕੀ’ ਲੈ ਆਂਦਾ। ਸੰਨ 1672 ਦੇ ਇਸ ਗੁਰੂ ਅਤੇ ਸਪੁੱਤਰ ਦੇ ਮਿਲਾਪ ਨਾਲ ਇਲਾਕੇ ਵਿੱਚ ਆਨੰਦ ਆ ਗਿਆ ਤੇ ਮਾਖੋਵਾਲ ‘ਚੱਕੀ ਨਾਨਕੀ’ ਦਾ ਨਾਮ ‘ਆਨੰਦਪੁਰ’ ਹੋ ਗਿਆ।

ਆਨੰਦਪੁਰ ਦੀ ਸਿਰਜਣਾ ਦਾ ਉਦੇਸ਼ ਸੀ ਕਿ ਗੁਰ ਸਿੱਖਾਂ ਨੂੰ ਕਦੇ ਨਾ ਮੁੱਕਣ ਵਾਲੀ ਪ੍ਰਸੰਨਤਾ ਅਤੇ ਆਤਮਿਕ ਬੱਲ ਮਿਲਦਾ ਰਹੇ। ਖ਼ਾਲਸਾ ਹਮੇਸ਼ਾ ਚੜ੍ਹਦੀਕਲਾ ਵਿੱਚ ਰਹੇ। ਇਸੇ ਆਤਮਕ ਬਲ ’ਤੇ ਬਾਲ ਗੋਬਿੰਦ ਨੇ 9 ਸਾਲ ਦੀ ਉਮਰ ਵਿੱਚ ਧਰਮ ਦੀ ਰੱਖਿਆ ਲਈ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹਾਦਤ ਲਈ ਤੋਰਿਆ। ਗੁਰੂ ਤੇਗ ਬਹਾਦਰ ਜੀ ਨੇ 11 ਨਵੰਬਰ, 1675 ਵਿੱਚ ਧਰਮ ਦੀ ਰੱਖਿਆ ਲਈ ਸ਼ਹਾਦਤ ਪ੍ਰਾਪਤ ਕੀਤੀ। ਬਾਲ ਗੋਬਿੰਦ ਸਿੱਖਾਂ ਦੇ ਦਸਵੇਂ ਗੁਰੂ ਬਣੇ। ਗੁਰੂ ਜੀ ਨੇ ਸਿੱਖਾਂ ਨੂੰ ਬਲਵਾਨ ਬਣ ਕੇ ਜਿਉਣ ਦਾ ਵਰਦਾਨ ਦਿੱਤਾ। ਜਿਸ ਦੀ ਮਿਸਾਲ ਹੈ ਕਿ ਬਾਲ ਗੋਬਿੰਦ ਜੀ ਨੇ ਗੁਰ ਪਿਤਾ ਦਾ ਸੀਸ ਝੋਲੀ ਵਿੱਚ ਪੁਆ ਕੇ ਚੜ੍ਹਦੀ ਕਾਲਾ ਦੀ ਪ੍ਰਚੰਡ ਭਾਵਨਾ ਵਿਖਾਈ।

ਇਸ ਵਰਦਾਨ ਹੇਠ 1699 ਈ. ਵਿੱਚ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ਪੰਜ ਗੁਰ ਸਿੱਖਾਂ ਨੇ ਗੁਰੂ ਨੂੰ ਆਪਣੇ ਸੀਸ ਭੇਂਟ ਕੀਤੇ। ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕੀਤੀ। ਗੁਰੂ ਜੀ ਨੇ ਉਹਨਾਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ‘ਪਿਆਰਾ’ ਬਣਾ ਦਿੱਤਾ ਤੇ ਆਪ ਉਹਨਾਂ ਕੋਲੋਂ ਅੰਮ੍ਰਿਤ ਛੱਕ ਲਿਆ ਤੇ ਗੋਬਿੰਦ ਸਿੰਘ ਅਖਵਾਇਆ। ਖ਼ਾਲਸੇ ਨੂੰ ਸਵੈ ਰੱਖਿਆ ਸਵੈ ਮਾਣ ਦਾ ਬਲ ਮਿਲਿਆ। ਗੁਰੂ ਜੀ ਨੇ ਖ਼ਾਲਸੇ ਨੂੰ ਅੰਮ੍ਰਿਤ ਛਕਾ ਕੇ ਮੌਤ ਤੋਂ ਅਜਿੱਤ ਬਣਾ ਦਿੱਤਾ। ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਬਣਿਆ। ਜਿਸ ਨਾਲ ਆਨੰਦਪੁਰ ਦੀ ਧਰਤੀ ਨੂੰ ਖ਼ਾਲਸਾ ਸਿਰਜਣ ਅਤੇ ਖ਼ਾਲਸੇ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੋਇਆ, ਜਿਸ ਨਾਲ ਆਨੰਦਪੁਰ ਸਾਹਿਬ ਦੀ ਮਾਨਤਾ ਵੱਧ ਗਈ।

ਜਦੋਂ ਪਹਾੜੀ ਰਾਜੇ ਔਰੰਗਜ਼ੇਬ ਦਾ ਸਾਥ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨਾਲ ਦੁਸ਼ਮਣੀ ਦੀਆਂ ਚਾਲਾਂ ਚੱਲ ਰਹੇ ਸਨ। ਗੁਰੂ ਜੀ 1685-1689 ਤਕ ਪਾਉਂਟਾ ਸਾਹਿਬ ਦੀ ਧਰਤੀ ’ਤੇ ਕਾਵਿ ਗੋਸ਼ਟੀਆਂ ਕਰਵਾ ਰਹੇ ਸਨ। ਗੁਰੂ ਜੀ ਨੂੰ ਆਪ ਸ਼ਾਇਰੀ ਦਾ ਬੜਾ ਸ਼ੌਕ ਸੀ। ਆਪ ਜੀ ਦੇ ਅਨੂਪਮ ਇਲਾਹੀ ਦਰਬਾਰ ਵਿੱਚ 52 ਦਰਬਾਰੀ ਰਤਨ ਕਵੀ ਸਨ। ਗੁਰੂ ਜੀ ਕਵੀਆਂ ਦਾ ਸਨਮਾਨ ਕਰਦੇ ਸਨ। ਗੁਰੂ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਪਾਉਂਟਾ ਸਾਹਿਬ ਦੀ ਧਰਤੀ ’ਤੇ ਹੀ ਕੀਤੀ। ਭਾਵੇਂ ਪਹਾੜੀ ਰਾਜਿਆਂ ਦੇ ਹਮਲੇ ਵਿੱਚ ਭੰਗਾਣੀ ਅਤੇ ਨੰਦੋਣ ਦੀਆਂ ਜੰਗਾਂ ਵਿੱਚ ਨਿਡਰਤਾ ਨਾਲ ਜੂਝ ਪਏ। ਸੂਰਬੀਰਤਾ ਦਾ ਵਿਹਾਰ ਚੜ੍ਹਦੀਕਲਾ ਦੀ ਬ੍ਰਿਤੀ ਨਾਲ ਹਰ ਮੈਦਾਨ ਫ਼ਤਹਿ ਦਾ ਜਜ਼ਬਾ ਰੱਖਿਆ। ਗੁਰੂ ਜੀ ਨੇ ਆਪਣੇ ਅਜਿੱਤ ਜਜ਼ਬੇ ਵਿੱਚ ਆਨੰਦਪੁਰ ਦੀ ਕਿਲਾ ਉਸਾਰੀ ਇਸ ਢੰਗ ਨਾਲ ਕੀਤੀ ਕਿ ਵੱਡਾ ਮਾਰੂ ਹਮਲਾ ਵੀ ਨੁਕਸਾਨ ਨਾ ਕਰ ਸਕੇ। ਆਪ ਜੀ ਨੇ 5 ਕਿਲੇ ਬਣਵਾਏ-ਕਿਲਾ ਅਨੰਦਗੜ੍ਹ ਸਾਹਿਬ, ਕਿਲਾ ਹੋਲਗੜ੍ਹ, ਕਿਲਾ ਲੋਹਗੜ੍ਹ, ਕਿਲਾ ਫ਼ਤਹਿਗੜ੍ਹ ਸਾਹਿਬ, ਕਿਲਾ ਤਾਰਾਗੜ੍ਹ। ਇੱਥੋਂ ਹੀ ਆਨੰਦਪੁਰ ਸਾਹਿਬ ਦੀ ਧਰਤੀ ਖ਼ਾਲਸਾ ਕੌਮ ਦੀ ਆਤਮਕ ਤ੍ਰਿਪਤੀ ਨਿਡਰ ਤੇ ਅਜਿੱਤ ਸ਼ਕਤੀ ਦਾ ਸੰਗਠਨਾਤਮਕ ਪ੍ਰਤੀਕ ਹੈ। ਇਹ ਧਰਤੀ ਧਰਮ ਯੁੱਧ ਦੀ ਧਰਤੀ ਹੈ। ਜਿਥੋਂ ਦੁਸ਼ਟਾਂ ਦੋਖੀਆਂ ਨੂੰ ਪਛਾੜਨਾ ਸੀ। ਗੁਰੂ ਜੀ ਨੇ ਇਸੇ ਧਰਤੀ ਤੋਂ ਪਹਾੜੀ ਰਾਜਿਆਂ ਅਤੇ ਮੁਗਲਾਂ ਵਿਰੁੱਧ ਜੰਗ ਲੜੇ। ਸਾਰੇ ਜੰਗ ਮਨੁੱਖਤਾ ਦੀ ਆਜ਼ਾਦੀ ਲਈ ਸਨ। ਕੋਈ ਵੀ ਜੰਗ ਕਬਜ਼ਾ ਕਰਨ ਦੀ ਭਾਵਨਾ ਨਾਲ ਨਹੀਂ ਲੜੀ ਸਗੋਂ ਮਨੁੱਖਤਾ ਦੀ ਭਲਾਈ ਅਤੇ ਰੱਖਿਆ ਲਈ ਲੜੀ। ਅਜਿਹੀ ਜੋਸ਼ ਦੀ ਭਾਵਨਾ ਭਰੀ ਕਿ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀਆਂ ਫ਼ੌਜਾਂ ਦਾ ਟਾਕਰਾ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਕੌਮ ਲਈ ਵਾਰ ਦਿੱਤਾ। ਅਨੇਕ ਸਿੰਘਾਂ ਦੀ ਸ਼ਹੀਦੀ ਨੇ ਕੌਮ ਵਿੱਚ ਜੂਝ ਕੇ ਲੜਨ ਦੀ ਭਾਵਨਾ ਭਰੀ। ਵਿਰਸੇ ਅਤੇ ਅਧਿਆਤਮਕ ਉਨਤੀ ਲਈ ਗੁਰਦੁਆਰਿਆਂ ਦੀ ਉਸਾਰੀ ਨੇ ਆਨੰਦਪੁਰ ਦੀ ਧਰਤੀ ਨੂੰ ਅਮਰ ਕਰ ਦਿੱਤਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸਗੰਜ ਆਨੰਦਪੁਰ ਸਾਹਿਬ, ਗੁਰਦੁਆਰਾ ਭੌਰਾ ਸਾਹਿਬ, ਗੁਰਦੁਆਰਾ ਥੜ੍ਹਾ ਸਾਹਿਬ, ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਦੁਮਾਲਗੜ੍ਹ ਸਾਹਿਬ, ਗੁਰਦੁਆਰਾ ਸ਼ਹੀਦੀ ਬਾਗ, ਗੁਰਦੁਆਰਾ ਮਾਤਾ ਜੀਤ ਕੌਰ, ਗੁਰਦੁਆਰਾ ਗੁਰੂ ਕਾ ਮਹਿਲਾ ਆਦਿ।

ਹੋਲਾ ਮਹੱਲਾ ਅਨੰਦਪੁਰ ਦੀ ਧਰਤੀ ਦਾ ਸ਼ਾਨਮੱਤਾ ਗੌਰਵਮਈ ਵਿਲੱਖਣ ਵਿਰਸੇ ਸ਼ਕਤੀ ਅਤੇ ਅਣਖ ਦਾ ਪ੍ਰਤੀਕ ਹੈ। ਜੋ ਬੀਰ ਰਸੀ ਰਵਾਇਤਾਂ ਅਤੇ ਜੰਗੀ ਹੁਨਰ ਦੀ ਯਾਦ ਦਿਵਾਉਂਦਾ ਹੈ। ਖ਼ਾਲਸਾਈ ਜਾਹੋ ਜਹਾਲ ਦਾ ਪ੍ਰਤੀਕ ਹੈ। ਜਿਸ ਵਿੱਚ ਸ਼ਸਤਰਾਂ ਦਾ ਸਤਿਕਾਰ ਅਤੇ ਉਪਯੋਗ ਕਰਨ ’ਤੇ ਜ਼ੋਰ ਦਿੱਤਾ ਗਿਆ ਹੈ। ਜੋ ਸਿੱਖ ਗੁਰੂ ਸਾਹਿਬਾਨ ਦੇ ਸੰਕਲਪ ਧਰਮ ਵਿੱਚ ਸਮਾਜ ਨੂੰ ਸਾਰਥਿਕ ਅਤੇ ਉਸਾਰੂ ਸੇਧ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਜੰਗਾਂ ਦਾ ਇਤਿਹਾਸ ਦਰਸਾਉਂਦਾ ਅਜਾਇਬ ਘਰ ਹੈ ਜੋ ਇਸ ਨਗਰ ਦੀ ਗੌਰਵਮਈ ਵਿਰਾਸਤ ਦੁਨੀਆਂ ਵਿੱਚ ਇੱਕ ਅਜੂਬਾ ਹੈ।

ਅੰਤਿਕਾ: ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰਾਂ ਅਤੇ ਅਨੇਕ ਸ਼ਹੀਦਾਂ ਦੀ ਉਹ ਪਵਿੱਤਰ ਰਮਣੀਕ ਧਰਤੀ ਹੈ ਅਨੰਦਪੁਰ ਦੀ। ਜਿਥੇ ਧਰਮ ਦਾ ਲੋਕਰਾਜੀ ਪੱਖ ਉਜਾਗਰ ਹੋਇਆ। ਜਿੱਥੇ ਪੰਜ ਸਿੰਘਾਂ ਨੇ ਮੌਤ ਦੇ ਭੈਅ ਨੂੰ ਖਤਮ ਕਰਕੇ , ਗੁਰੂ ਜੀ ਨੂੰ ਆਪਣੇ ਸੀਸ ਭੇਂਟ ਕੀਤੇ। ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨ ਖ਼ਾਲਸਾ ਸਾਜਿਆ। ਜੋ ਅਣਖ ਅਤੇ ਆਜ਼ਾਦੀ ਲਈ ਯੋਧਿਆਂ ਵਾਂਗ ਜੀਵਿਆ ਅਤੇ ਕੁਰਬਾਨ ਹੋਇਆ। ਮਨੁੱਖਤਾ ਦੀ ਭਲਾਈ ਲਈ ਜੂਝ ਕੇ ਸ਼ਹੀਦ ਹੋਣ ਤੱਕ ਦਾ ਨਿਸ਼ਾਨਾ ਬਣਿਆ। ਸੱਚ, ਸਿਮਰਨ, ਸੇਵਾ ਅਤੇ ਅਨੰਦ ਵਿੱਚ ਰਹਿੰਦਾ ਹੈ ਖ਼ਾਲਸਾ/ਸੰਤ ਸਿਪਾਹੀ ਬਣਿਆ। ਸੰਤ ਰਸ ਦੇ ਨਾਲ ਨਾਲ ਵੀਰ ਰਸ ਮਿਲਿਆ। ਅਨੰਦਪੁਰ ਸਾਹਿਬ ਜਿਥੇ ਅਧਿਆਤਮਕ ਰੁਚੀਆਂ ਦਾ ਸਿਖਰ ਹੈ, ਉਥੇ ਸਿੱਖ ਕੌਮ ਵਾਸਤੇ ਇੱਕ ਤਖ਼ਤ ਦਾ ਮਾਣ ਸਤਿਕਾਰ ਪ੍ਰਾਪਤ ਹੈ। ਕਿਸੇ ਵੀ ਤਖ਼ਤ ਦਾ ਹੁਕਮ ਸਮੁੱਚੇ ਪੰਥ ਨੂੰ ਪ੍ਰਮਾਣਿਤ ਹੈ। ਅਨੰਦਪੁਰ ਦੀ ਪਵਿੱਤਰ ਗੁਰ ਚਰਨਾਂ ਦੀ ਛੋਹ ਪ੍ਰਾਪਤ ਧਰਤੀ ਨੂੰ ਕੌਮ ਦਾ ਪ੍ਰਣਾਮ ਹੈ- “ਝੂਲਤੇ ਨਿਸ਼ਾਨ ਰਹੇਂ, ਗੁਰੂ ਮਹਾਰਾਜ ਕੇ॥”




ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949




# ਗਰਮੀ ਦੇ ਮੌਸਮ 'ਚ ਪਾਣੀ ਪੀਣ ਦੀ ਅਹਿਮੀਅਤ

**ਨਰਿੰਦਰ ਪਾਲ ਸਿੰਘ**



ਸਾਡੇ ਸਰੀਰ ਦੇ ਵਜ਼ਨ ਦਾ 70 ਫ਼ੀਸਦੀ ਹਿੱਸਾ ਪਾਣੀ ਹੈ। ਜ਼ਿਆਦਾਤਰ ਪਾਣੀ ਕੋਸ਼ਕਾਵਾਂ ਵਿੱਚ ਹੁੰਦਾ ਹੈ। ਬਾਕੀ ਪਾਣੀ, ਲਹੂ-ਵਹਿਣੀਆਂ ਜਾਂ ਕੋਸ਼ਕਾਵਾਂ ਦੇ ਵਿੱਚਕਾਰਲੇ ਸਥਾਨ 'ਚ ਭਰਿਆ ਹੁੰਦਾ ਹੈ ਜਿਸ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਤੰਦਰੁਸਤ ਰਹਿਣ ਲਈ ਪਾਣੀ ਕਿੰਨਾ ਜ਼ਰੂਰੀ ਹੈ। ਜੇਕਰ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਵੇ ਤਾਂ ਇਸ ਨੂੰ ਡੀ-ਹਾਈਡ੍ਰੇਸ਼ਨ ਜਾਂ ਨਿਰਜਲੀਕਰਨ ਕਿਹਾ ਜਾਂਦਾ ਹੈ। ਗਰਮੀ ਕਾਰਨ ਹੋਣ ਵਾਲੀ ਇਹ ਆਮ ਸਮੱਸਿਆ ਹੈ ਪਰ ਆਮ ਦਿਸਣ ਵਾਲੀ ਇਹ ਸਮੱਸਿਆ ਵੱਡੀਆਂ ਬਿਮਾਰੀਆਂ ਦਾ ਕਾਰਨ ਬਣ ਜਾਂਦੀ ਹੈ ਅਤੇ ਜਾਨਲੇਵਾ ਵੀ ਸਿੱਧ ਹੋ ਸਕਦੀ ਹੈ। ਡੀ-ਹਾਈਡ੍ਰੇਸ਼ਨ ਦੌਰਾਨ ਸਰੀਰ ਵਿੱਚੋਂ ਨਿਕਲਣ ਵਾਲੇ ਪਾਣੀ ਦੀ ਮਾਤਰਾ ਸਰੀਰ 'ਚ ਮੌਜੂਦ ਪਾਣੀ ਦੀ ਮਾਤਰਾ ਤੋਂ ਵਧੇਰੇ ਹੋ ਜਾਂਦੀ ਹੈ। ਵਿਗਿਆਨਕ ਭਾਸ਼ਾ 'ਚ ਇਸ ਨੂੰ ਹਾਈਪੋ-ਹਾਈਡ੍ਰੇਸ਼ਨ ਕਿਹਾ ਜਾਂਦਾ ਹੈ। ਪਾਣੀ ਦੀ ਕਮੀ ਨਾਲ ਸਰੀਰ ਵਿੱਚ ਖਣਿਜ ਪਦਾਰਥ ਜਿਵੇਂ ਨਮਕ ਅਤੇ ਸ਼ੱਕਰ (ਗਲੂਕੋਜ਼) ਘਟ ਜਾਂਦੇ ਹਨ। ਇਸ ਨਾਲ ਮਾਸਪੇਸ਼ੀਆਂ ਅਤੇ ਨਸਾਂ ਦੀ ਕਾਰਜ ਸਮਰੱਥਾ ਘਟ ਜਾਂਦੀ ਹੈ। ਸਰੀਰ ਵਿੱਚ ਪਾਣੀ ਦੀ ਕਮੀ ਨਾਲ ਸਰੀਰ ਵਿੱਚੋਂ ਜ਼ਹਿਰੀਲੇ ਤੱਤ ਬਾਹਰ ਨਹੀਂ ਨਿੱਕਲ ਸਕਦੇ ਜਿਨ੍ਹਾਂ ਨਾਲ ਪਾਚਨ ਪ੍ਰਣਾਲੀ ਕਮਜ਼ੋਰ ਹੋਣ ਦੇ ਨਾਲ-ਨਾਲ ਅੰਤੜੀਆਂ ਦੀ ਲਾਗ (ਇਨਫੈਕਸ਼ਨ), ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਦਰਦ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

**ਕਾਰਨ**

ਇਸ ਦਾ ਸਭ ਤੋਂ ਵੱਡਾ ਕਾਰਨ ਪਾਣੀ ਦੀ ਕਮੀ ਹੈ। ਗਰਮੀ ਵਿੱਚ ਜਦੋਂ ਅਸੀਂ ਘੱਟ ਪਾਣੀ ਪੀਂਦੇ ਹਾਂ ਤਾਂ ਇਹ ਸਮੱਸਿਆ ਪੈਦਾ ਹੁੰਦੀ ਹੈ। ਹੋਰ ਕਾਰਨਾਂ ਵਿੱਚ ਉਲਟੀ ਆਉਣਾ, ਦਸਤ ਲੱਗਣੇ, ਧੁੱਪ ਦਾ ਦੁਰਪ੍ਰਭਾਵ, ਲੋੜ ਤੋਂ ਵਧੇਰੇ ਕਸਰਤ, ਖਾਣ ਪੀਣ ਦਾ ਸਹੀ ਸਮਾਂ ਨਾ ਹੋਣਾ ਆਦਿ ਸ਼ਾਮਿਲ ਹਨ। ਇਸ ਤੋਂ ਇਲਾਵਾ ਬੁਖਾਰ, ਹਾਈਪਰਟੈਂਸ਼ਨ, ਅਲਕੋਹਲ ਦਾ ਬਹੁਤ ਜ਼ਿਆਦਾ ਸੇਵਨ ਕਰਨਾ, ਹੈਜ਼ਾ, ਕੁਪੋਸ਼ਣ ਵਰਗੀਆਂ ਬਿਮਾਰੀਆਂ ਵੀ ਡੀ-ਹਾਈਡ੍ਰੇਸ਼ਨ ਦਾ ਕਾਰਨ ਬਣਦੀਆਂ ਹਨ।

**ਲੱਛਣ**

ਜਦੋਂ ਕੋਈ ਸ਼ਖ਼ਸ ਪਾਣੀ ਦੀ ਕਮੀ (ਡੀ-ਹਾਈਡ੍ਰੇਸ਼ਨ) ਦੀ ਸਮੱਸਿਆ ਵਿੱਚੋਂ ਗੁਜ਼ਰਦਾ ਹੈ ਤਾਂ ਉਸ ਨੂੰ ਬਿਨਾ ਕਿਸੇ ਖਾਸ ਕਾਰਨ ਘਬਰਾਹਟ, ਕਬਜ਼ ਦੀ ਸਮੱਸਿਆ, ਚੱਕਰ ਆਉਣੇ, ਮੂੰਹ ਵਾਰ-ਵਾਰ ਸੁੱਕਣਾ, ਚਮੜੀ ਦਾ ਖੁਸ਼ਕ ਹੋ ਜਾਣਾ, ਸਿਰਦਰਦ, ਸੁਸਤੀ ਹੋ ਜਾਣਾ, ਸਰੀਰ ਦਾ ਕਮਜ਼ੋਰ ਹੋ ਜਾਣਾ, ਪਿਸ਼ਾਬ ਦਾ ਪੀਲਾ ਹੋਣਾ, ਵਧੇਰੇ ਥਕਾਵਟ ਮਹਿਸੂਸ ਕਰਨਾ, ਮਾਸਪੇਸ਼ੀਆਂ ਦਾ ਤਣਾਉ ਆਦਿ ਲੱਛਣ ਸਾਹਮਣੇ ਆਉਂਦੇ ਹਨ।

**ਬਚਾਅ ਲਈ ਕੀ ਕਰੀਏ ?**

ਪਾਣੀ ਜ਼ਿਆਦਾ ਪੀਓ। ਲੱਸੀ ਅਤੇ ਹੋਰ ਤਰਲ ਪਦਾਰਥ ਵਧੇਰੇ ਮਾਤਰਾ 'ਚ ਲਓ। ਧੁੱਪ ਵਿੱਚ ਜਾਣ ਤੋਂ ਪ੍ਰਹੇਜ਼ ਕੀਤਾ ਜਾਵੇ ਅਤੇ ਹਲਕੇ ਰੰਗ ਦੇ ਕੱਪੜੇ ਪਹਿਨੇ ਜਾਣ। ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਵਿੱਚ ਡਾਕਟਰੀ ਸਲਾਹ ਲਓ।

**ਪਾਣੀ ਦੀ ਕਮੀ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ:**

ਗਰਮੀ ਦੇ ਮੌਸਮ ਵਿੱਚ ਲੂ, ਡੀ-ਹਾਈਡ੍ਰੇਸ਼ਨ ਅਤੇ ਸਨ-ਸਟ੍ਰੋਕ ਵਰਗੀਆਂ ਸਮੱਸਿਆਵਾਂ ਤੋਂ ਲੋਕ ਵਧੇਰੇ ਪ੍ਰੇਸ਼ਾਨ ਰਹਿੰਦੇ ਹਨ। ਆਮ ਤੌਰ 'ਤੇ ਲੋਕ ਇਸ ਨੂੰ ਮਾਮੂਲੀ ਸਮੱਸਿਆ ਸਮਝਦੇ ਹਨ ਪਰ ਸਰੀਰ ਵਿੱਚ ਪਾਣੀ ਦੀ ਕਮੀ ਨਾਲ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਸਮੇਂ ਸਿਰ ਬਚਾਅ ਨਾ ਕਰਨ 'ਤੇ ਇਹ ਜਾਨਲੇਵਾ ਵੀ ਹੋ ਸਕਦਾ ਹੈ। ਇਸ ਦੇ ਬਚਾਅ ਲਈ ਉਪਾਅ ਬਿਲਕੁਲ ਆਸਾਨ ਹਨ, ਪਰ ਇਸ ਨੂੰ ਅਸੀਂ ਅਕਸਰ ਅਣਗੌਲਿਆਂ ਕਰ ਦਿੰਦੇ ਹਾਂ; ਫਿਰ ਗੰਭੀਰ ਸਮੱਸਿਆ ਹੋਣ 'ਤੇ ਡਾਕਟਰ ਕੋਲ ਜਾਣਾ ਪੈਂਦਾ ਹੈ। ਇਸ ਤੋਂ ਇਲਾਵਾ ਹੇਠ ਲਿਖੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ:

**ਬਲੱਡ ਪ੍ਰੈਸ਼ਰ**

ਉੱਚ ਖ਼ੂਨ ਦੇ ਦਬਾਉ (ਹਾਈ ਬਲੱਡ ਪ੍ਰੈਸ਼ਰ) ਵਾਲੇ ਸ਼ਖ਼ਸ ਨੂੰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਥੋੜ੍ਹਾ-ਥੋੜ੍ਹਾ ਪਾਣੀ ਪੀਣਾ ਚਾਹੀਦਾ ਹੈ।

**ਉੱਚ ਕਲੈਸਟਰੋਲ**

ਜਦੋਂ ਲੋੜ ਅਨੁਸਾਰ ਸਰੀਰ ਨੂੰ ਪਾਣੀ ਨਹੀਂ ਮਿਲਦਾ ਤਾਂ ਸਰੀਰ ਜ਼ਿਆਦਾ ਮਾਤਰਾ ਵਿੱਚ ਕਲੈਸਟਰੋਲ ਬਣਾਉਣ ਲੱਗਦਾ ਹੈ ਅਤੇ ਹਾਈ ਐੱਲਡੀਐੱਲ, ਦਿਲ ਦੇ ਰੋਗ ਸਮੇਤ ਹੋਰ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਜੇਕਰ ਸਰੀਰ ਨੂੰ ਲੋੜੀਂਦਾ ਪਾਣੀ ਮਿਲਦਾ ਰਹੇ ਤਾਂ ਕਲੈਸਟਰੋਲ ਦੀ ਸਮੱਸਿਆ ਪੈਦਾ ਨਹੀਂ ਹੋਵੇਗੀ।

**ਪਾਚਨ ਸਬੰਧੀ ਸਮੱਸਿਆ**

ਲੋੜੀਂਦੀ ਮਾਤਰਾ ਵਿੱਚ ਪਾਣੀ ਨਾ ਮਿਲਣ 'ਤੇ ਸਰੀਰ ਵਿੱਚ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦੀ ਕਮੀ ਹੋ ਜਾਂਦੀ ਹੈ ਜਿਸ ਨਾਲ ਸਰੀਰ ਵਿੱਚ ਪਾਚਨ ਨਾਲ ਸਬੰਧਿਤ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ ਜਿਵੇਂ ਅਲਸਰ, ਗੈਸ ਅਤੇ ਐਸਿਡ ਰਿਫਲੈਕਸ ਆਦਿ। ਖਾਣਾ ਪਚਾਉਣ ਲਈ ਪਾਣੀ ਦੀ ਲੋੜ ਹੁੰਦੀ ਹੈ।

**ਮਾਨਸਿਕ ਸਿਹਤ**

ਸਰੀਰ ਵਿੱਚ ਜਦੋਂ ਪਾਣੀ ਦੀ ਕਮੀ ਹੋ ਜਾਂਦੀ ਹੈ ਤਾਂ ਵਿਅਕਤੀ ਦੀ ਦਿਮਾਗੀ ਗਤੀਵਿਧੀ 'ਤੇ ਕਾਫ਼ੀ ਅਸਰ ਹੁੰਦਾ ਹੈ। ਗਰਮੀ ਵਿੱਚ ਇਸੇ ਕਾਰਨ ਦਰਦ, ਆਲਸ ਅਤੇ ਚਿੜਚਿੜਾਪਣ ਵਧੇਰੇ ਦੇਖਣ ਨੂੰ ਮਿਲਦਾ ਹੈ।

**ਡਾਇਬਟੀਜ਼**

ਸ਼ੂਗਰ ਰੋਗ ਤੋਂ ਪੀੜਤ ਵਿਅਕਤੀਆਂ ਦੇ ਖ਼ੂਨ ਵਿੱਚ ਸ਼ੂਗਰ ਦਾ ਵਧਿਆ ਹੋਇਆ ਪੱਧਰ, ਸ਼ੂਗਰ ਨੂੰ ਪਿਸ਼ਾਬ ਰਾਹੀਂ ਬਾਹਰ ਕੱਢਦਾ ਹੈ। ਅਜਿਹਾ ਜ਼ਿਆਦਾ ਹੋਣ 'ਤੇ ਕਮਜ਼ੋਰੀ ਮਹਿਸੂਸ ਹੋਣ ਲੱਗਦੀ ਹੈ ਅਤੇ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਵੈਸੇ ਵੀ ਸ਼ੂਗਰ ਦੇ ਮਰੀਜ਼ਾਂ ਨੂੰ ਪਾਣੀ ਦੀ ਵਧੇਰੇ ਲੋੜ ਹੁੰਦੀ ਹੈ।

**ਬਚਾਅ ਅਤੇ ਇਲਾਜ**

ਸਭ ਤੋਂ ਪਹਿਲਾਂ ਸਰੀਰ ਵਿੱਚ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਪਾਣੀ ਅਤੇ ਖਣਿਜ ਦੀ ਪੂਰਤੀ ਕਰਨਾ ਜ਼ਰੂਰੀ ਹੈ, ਜਿਸ ਲਈ ਘਰੇਲੂ ਪੀਣ ਵਾਲੇ ਪਦਾਰਥ ਲਏ ਜਾ ਸਕਦੇ ਹਨ। ਕੱਚੇ ਦੁੱਧ ਦੀ ਪਤਲੀ ਲੱਸੀ, ਸ਼ਿਕੰਜਵੀ, ਨਾਰੀਅਲ ਪਾਣੀ, ਬੇਲ ਦਾ ਸ਼ਰਬਤ, ਲੱਸੀ, ਓਆਰਐੱਸ ਘੋਲ ਥੋੜ੍ਹੀ-ਥੋੜ੍ਹੀ ਦੇਰ ਬਾਅਦ ਲੈਂਦੇ ਰਹਿਣਾ ਚਾਹੀਦਾ ਹੈ। ਜ਼ਿਆਦਾ ਧੁੱਪ ਵਿੱਚ ਨਿਕਲਣ ਤੋਂ ਪ੍ਰਹੇਜ਼ ਕੀਤਾ ਜਾਵੇ। ਆਰਾਮ ਕੀਤਾ ਜਾਵੇ ਅਤੇ ਗੰਭੀਰ ਸਥਿਤੀ ਵਿੱਚ ਡਾਕਟਰੀ ਸਲਾਹ ਲਈ ਜਾਵੇ।

# ਖੁਰਾਕੀ ਪਦਾਰਥਾਂ 'ਚ ਮਿਲਾਵਟ ਲਈ ਜ਼ਿੰਮੇਵਾਰ ਕੌਣ?



**ਡਾ. ਮਨਮੀਤ ਮਾਨਵ**

ਭੋਜਨ ਜੀਵਨ ਦੀ ਮੁੱਢਲੀ ਜ਼ਰੂਰਤ ਹੈ। ਭੋਜਨ ਪਦਾਰਥਾਂ ਦੀ ਗੁਣਵੱਤਾ ਤੇ ਪੋਸ਼ਣ ਸੁਰੱਖਿਆ ਚੰਗੇ ਮਾਨਸਿਕ ਤੇ ਸਰੀਰਕ ਵਿਕਾਸ ਲਈ ਅਹਿਮ ਪਹਿਲੂ ਹੈ। ਭੋਜਨ ਪਦਾਰਥਾਂ 'ਚ ਮਿਲਾਵਟ ਜਿੱਥੇ ਵਪਾਰੀਆਂ ਵੱਲੋਂ ਘੱਟ ਲਾਗਤ ਅਤੇ ਵੱਧ ਆਰਥਿਕ ਲਾਭ ਲਈ ਕੀਤੀ ਜਾਂਦੀ ਹੈ ਉਥੇ ਖਪਤਕਾਰਾਂ ਦੀ ਅਗਿਆਨਤਾ, ਜਾਗਰੂਕਤਾ ਦੀ ਕਮੀ ਅਤੇ ਬੇਲੋੜੀਆਂ ਮੰਗਾਂ ਨੇ ਵੀ ਮਿਲਾਵਟ ਦਾ ਰੁਝਾਨ ਵਧਾਇਆ ਹੈ।



ਪੁਰਾਣੇ ਸਮਿਆਂ ਵਿੱਚ ਸਾਬਤ ਅਨਾਜ, ਦਾਲਾਂ, ਸਾਬਤ ਮਸਾਲਿਆਂ ਨੂੰ ਸਾਫ਼ ਸੁਥਰਾ ਕਰ ਕੇ ਘਰ ਵਿੱਚ ਹੀ ਪੀਹਣ ਦਾ ਰੁਝਾਨ ਸੀ। ਤੇਲ, ਘਿਓ, ਪਨੀਰ ਆਦਿ ਘਰ ਵਿੱਚ ਹੀ ਕੱਢਣ ਜਾਂ ਕਿਸੇ ਜਾਣਕਾਰ ਉਤਪਾਦਕ ਤੋਂ ਲੈਣ ਨੂੰ ਤਰਜੀਹ ਦਿੱਤੀ ਜਾਂਦੀ ਸੀ। ਲੋੜ ਅਨੁਸਾਰ ਮੌਸਮੀ ਅਚਾਰ, ਚਟਣੀ, ਮੁਰੱਬਾ ਆਦਿ ਸੁਆਣੀਆਂ ਘਰ ਹੀ ਬਣਾ ਲੈਂਦੀਆਂ ਸਨ। ਸਾਡੀ ਆਲਸੀ ਜੀਵਨ ਸ਼ੈਲੀ ਅਤੇ ਬੇਲੋੜੀ ਦੌੜ-ਭੱਜ ਨੇ ਅੱਜ ਕੱਲ੍ਹ ਬਾਜ਼ਾਰਾਂ ਵਿੱਚ ਪ੍ਰਾਸੈਸ ਕੀਤੇ ਅਤੇ ਰੈਡੀ ਮਿਕਸ/ਰੈਡੀ ਟੂ ਈਟ (ਖਾਣ ਲਈ ਤਿਆਰ) ਖਾਧ ਪਦਾਰਥਾਂ ਦੀ ਮੰਗ ਵਧਾਈ ਹੈ ਇਸ ਕਾਰਨ ਮਿਲਾਵਟ ਦਾ ਰੁਝਾਨ ਵੀ ਵਧਿਆ ਹੈ। ਪ੍ਰਾਸੈਸਡ ਪ੍ਰੋਡਕਟ (ਪੀਸੇ ਹੋਏ, ਮਿਕਸ ਕੀਤੇ, ਪਕਾਏ ਹੋਏ) ਵਿੱਚ ਉਨ੍ਹਾਂ ਦੀ ਮਾਤਰਾ, ਰੰਗਤ, ਸੁਆਦ ਤੇ ਸੁਗੰਧ ਵਧਾਉਣ ਲਈ ਸਸਤੇ ਪਦਾਰਥ- ਚਾਕ ਪਾਊਡਰ, ਟੈਲਕਮ ਪਾਊਡਰ, ਸਸਤੇ ਸਟਾਰਚ, ਅਰਾਰੋਟ, ਲੱਕੜ ਦਾ ਬੂਰਾ, ਰਸਾਇਣਕ ਰੰਗ, ਨਕਲੀ ਮਿਠਾਸ ਅਤੇ ਸਿੰਥੈਟਿਕ ਗੰਧ ਮਿਲਾਉਣ ਦੀ ਬਹੁਤ ਗੁੰਜਾਇਸ਼ ਹੁੰਦੀ ਹੈ। ਭੋਜਨ ਉਦਯੋਗਾਂ ਨਾਲੋਂ ਭੋਜਨ 'ਚ ਮਿਲਾਵਟ ਕਰਨ ਵਾਲੇ ਉਦਯੋਗ ਕਿਤੇ ਵੱਧ ਆਧੁਨਿਕ ਹਨ। ਮਿਲਾਵਟ ਦਾ ਅੰਤਿਮ ਪੀੜਤ ਭਾਵੇਂ ਖਪਤਕਾਰ ਹੈ ਪਰ ਇਹ ਵੀ ਸੱਚ ਹੈ ਕਿ ਮਿਲਾਵਟ ਤੋਂ ਬਚਣ ਦਾ ਉਪਾਅ ਵੀ ਖਪਤਕਾਰ ਦੀ ਜਾਗਰੂਕਤਾ, ਗਿਆਨ, ਸਹੀ ਮੰਗਾਂ ਤੇ ਗੁਣਵੱਤਾ ਖਰੀਦਦਾਰੀ ਹੈ।

ਮਨੁੱਖੀ ਸਰੀਰ ਵਿੱਚ ਕੁਦਰਤ ਵੱਲੋਂ ਹੀ ਗਿਆਨ ਇੰਦਰੀਆਂ ਦੇ ਰੂਪ ਵਿੱਚ ਪ੍ਰਯੋਗਸ਼ਾਲਾ ਸਥਾਪਿਤ ਹੈ ਜਿਨ੍ਹਾਂ ਦੀ ਮਦਦ ਨਾਲ ਅਸੀਂ ਸੁੰਘ ਕੇ, ਚੱਖ ਕੇ, ਦੇਖ ਕੇ, ਛੂਹ ਕੇ, ਸੁਣ ਕੇ ਸ਼ੁੱਧਤਾ ਦਾ ਅੰਦਾਜ਼ਾ ਲਗਾ ਸਕਦੇ ਹਾਂ ਪਰ ਇਨ੍ਹਾਂ ਗਿਆਨ ਇੰਦਰੀਆਂ ਦੀ ਚੇਤਨਾ ਵੀ ਬਹੁਤ ਜ਼ਰੂਰੀ ਹੈ। ਭੋਜਨ ਪਦਾਰਥਾਂ ਦੇ ਸੰਵੇਦੀ ਅਤੇ ਭੌਤਿਕ ਗੁਣਾਂ (ਗੰਧ, ਰੰਗ, ਸੁਆਦ, ਪਰਿਪੱਕਤਾ, ਬਣਾਵਟ, ਭਾਰ, ਆਕਾਰ, ਘਣਤਾ) ਨਾਲ ਹੀ ਗੁਣਵੱਤਾ ਦੀ ਮੁੱਢਲੀ ਪਛਾਣ ਹੁੰਦੀ ਹੈ। ਕੁਦਰਤ ਦੇ ਦਿੱਤੇ ਸੰਵੇਦੀ ਅੰਗਾਂ ਨਾਲ ਭੋਜਨ ਪਦਾਰਥਾਂ ਦੇ ਕੁਦਰਤੀ ਗੁਣਾਂ ਪ੍ਰਤੀ ਸੰਵੇਦਨਸ਼ੀਲਤਾ ਹੀ ਸ਼ੁੱਧਤਾ ਦੀ ਪਛਾਣ ਕਰਵਾਉਂਦੀ ਹੈ।

ਖਪਤਕਾਰਾਂ ਦੀਆਂ ਮੰਗਾਂ ਹੀ ਬਾਜ਼ਾਰ ਵਿੱਚ ਉੱਦਮੀਆਂ 'ਤੇ ਦਬਾਅ ਬਣਾਉਂਦੀਆਂ ਹਨ ਅਤੇ ਵਪਾਰੀ ਉਨ੍ਹਾਂ ਮੰਗਾਂ ਦੇ ਅਨੁਕੂਲ ਬਾਜ਼ਾਰ ਵਿੱਚ ਭੋਜਨ ਪਦਾਰਥ ਮੁਹੱਈਆਂ ਕਰਵਾਉਂਦਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਖਪਤਕਾਰ ਕੁਦਰਤੀ ਰੰਗਾਂ ਅਤੇ ਕੁਦਰਤੀ ਸੁਆਦ ਵਾਲੀਆਂ ਸਬਜ਼ੀਆਂ, ਫ਼ਲ ਆਦਿ ਵੱਲ ਬਹੁਤਾ ਧਿਆਨ ਨਹੀਂ ਦਿੰਦੇ, ਉਹ ਚਟਕੀਲੇ ਹਰੇ, ਲਾਲ ਰੰਗ ਦੀਆਂ ਸਬਜ਼ੀਆਂ ਤੇ ਫਲਾਂ ਦੀ ਖਰੀਦ ਨੂੰ ਤਰਜੀਹ ਦਿੰਦੇ ਹਨ। ਅੰਬ, ਤਰਬੂਜ਼, ਖਰਬੂਜਾ, ਪਪੀਤਾ ਆਦਿ ਖਰੀਦਣ ਵੇਲੇ ਮਿਠਾਸ ਦੀ ਗਰੰਟੀ ਲੈਣਾ ਵਪਾਰੀਆਂ ਉੱਪਰ ਕਿਤੇ ਨਾ ਕਿਤੇ ਗੈਰ-ਕੁਦਰਤੀ ਰੰਗ (ਮੈਲਾਕਾਈਟ ਗਰੀਨ, ਰੋਡਾਮਾਈਨ ਬੀ, ਮੀਥਾਨੋਲ ਰੈਡ, ਲੈਡ ਕਰੋਮੇਟ) ਅਤੇ ਨਕਲੀ ਮਿਠਾਸ/ਸਵੀਟਨਰ (ਸੈਕਰੀਨ, ਐਸਪਾਰਟੇਮ, ਸੁਕਰਾਲੋਜ਼) ਦਾ ਇਸਤੇਮਾਲ ਕਰਨ ਲਈ ਦਬਾਅ ਬਣਾਉਂਦੀਆਂ ਹਨ। ਦਾਲਾਂ ਖਰੀਦਣ ਵੇਲੇ ਵੀ ਕੁਦਰਤੀ ਰੰਗ ਅਤੇ ਕੁਦਰਤੀ ਚਮਕ ਬਾਰੇ ਸੁਚੇਤ ਰਹਿਣਾ ਜ਼ਰੂਰੀ ਹੈ ਤਾਂ ਜੋ ਦਾਲਾਂ ਵਿੱਚ ਚਮਕੀਲਾ ਪੀਲਾ ਰੰਗ ਦੇਣ ਲਈ ਮੈਟਾਨਿਲ ਯੈਲੋ (ਰਸਾਇਣਕ ਪੀਲਾ ਰੰਗ) ਦੀ ਵਰਤੋਂ ਨੂੰ ਨਿਰਉਤਸ਼ਾਹਿਤ ਕੀਤਾ ਜਾ ਸਕੇ।

ਡੇਅਰੀ ਉਤਪਾਦ (ਦੁੱਧ, ਪਨੀਰ, ਖੋਆ, ਘਿਓ), ਮੀਟ ਤੇ ਮੱਛੀ ਉਤਪਾਦ ਆਦਿ ਘੱਟ ਮਿਆਦ ਵਾਲੇ ਖਾਦ ਪਦਾਰਥ ਹਨ ਅਤੇ ਇਨ੍ਹਾਂ ਦੀ ਸੁਗੰਧ, ਸੁਆਦ ਤੇ ਕੁਦਰਤੀ ਗੁਣ ਇਨ੍ਹਾਂ ਦੀ ਤਾਜ਼ਗੀ ਨਾਲ ਜੁੜੇ ਹੁੰਦੇ ਹਨ। ਸੋ ਅਜਿਹੇ ਉਤਪਾਦਾਂ ਦੀ ਖਰੀਦ ਵੇਲੇ ਵੱਧ ਮਿਆਦ ਦੀ ਉਮੀਦ ਰੱਖਣੀ ਵੀ ਨਹੀਂ ਚਾਹੀਦੀ ਅਤੇ ਨਾ ਹੀ ਵੱਧ ਮਿਆਦ ਵਾਲੇ ਇਨ੍ਹਾਂ ਉਤਪਾਦਾਂ ਦੀ ਖਰੀਦ ਨੂੰ ਤਰਜੀਹ ਦੇਣੀ ਚਾਹੀਦੀ ਹੈ ਡੇਅਰੀ ਅਤੇ ਮਾਸ/ਮੱਛੀ ਉਤਪਾਦ ਆਦਿ ਬਿਲਕੁੱਲ ਤਾਜ਼ੇ ਅਤੇ ਲੋਕਲ ਏਰੀਆ ਦੇ ਭਰੋਸੇਯੋਗ ਉਤਪਾਦਕਾਂ ਤੋਂ ਖਰੀਦਣ ਨੂੰ ਪਹਿਲ ਦੇਣੀ ਚਾਹੀਦੀ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਕਹਾਣੀ

ਬਰਜਿੰਦਰ ਕੌਰ ਬਿਸਰਾਓ

# ਮੰਗਤਿਆਂ ਵਰਗਾ



ਸੁਖਬੀਰ ਅਤੇ ਜਸਵੰਤ ਦੀ ਦੋਸਤੀ ਬਾਰੇ ਪਿੰਡ ਵਿੱਚ ਕੌਣ ਨਹੀਂ ਜਾਣਦਾ ਸੀ। ਜਸਵੰਤ ਸੁਖਬੀਰ ਤੋਂ ਦੋ ਕੁ ਸਾਲ ਵੱਡਾ ਸੀ, ਪਰ ਸਕੂਲ ਵੇਲੇ ਤੋਂ ਹੀ ਉਨ੍ਹਾਂ ਦਾ ਆਪਸ ਵਿੱਚ ਗੂੜ੍ਹਾ ਪਿਆਰ ਸੀ। ਸੁਖਬੀਰ ਦਾ ਪਿਓ ਬਹੁਤਾ ਮਿਹਨਤੀ ਨਾ ਹੋਣ ਕਰਕੇ ਬਚਪਨ ਤੋਂ ਹੀ ਘਰ ਦੀ ਜ਼ਿੰਮੇਵਾਰੀ ਉਸ ਦੇ ਸਿਰ 'ਤੇ ਸੀ ਜਿਸ ਕਰਕੇ ਉਹ ਪੜ੍ਹਾਈ ਦੇ ਨਾਲ ਨਾਲ ਘਰ ਵਿੱਚ ਰੱਖੇ ਡੰਗਰ ਪਸ਼ੂਆਂ ਦੀ ਸਾਂਭ ਸੰਭਾਲ ਵਿੱਚ ਮਾਂ ਦਾ ਹੱਥ ਵਟਾਉਂਦਾ। ਜ਼ਮੀਨ ਚਾਹੇ ਠੇਕੇ 'ਤੇ ਦਿੱਤੀ ਹੁੰਦੀ, ਪਰ ਉਸ ਦਾ ਸਾਰਾ ਹਿਸਾਬ ਕਿਤਾਬ ਆਪ ਰੱਖਦਾ ਕਿਉਂਕਿ ਉਸ ਨੂੰ ਆਪਣੇ ਪਿਓ 'ਤੇ ਭਰੋਸਾ ਨਹੀਂ ਸੀ ਹੁੰਦਾ ਕਿ ਕਦ ਉਹ ਪੈਸੇ ਬਾਹਰੋ-ਬਾਹਰ ਲੈ ਕੇ ਉਡਾ ਦੇਵੇ। ਓਧਰ, ਜਸਵੰਤ ਦੇ ਘਰ ਦੇ ਹਾਲਾਤ ਉਸ ਤੋਂ ਬਿਲਕੁਲ ਉਲਟ ਸਨ। ਜਸਵੰਤ ਦੇ ਪਿਓ ਕੋਲ ਜ਼ਮੀਨ ਜ਼ਿਆਦਾ ਸੀ ਤੇ ਉਹ ਬਹੁਤ ਮਿਹਨਤੀ ਇਨਸਾਨ ਸੀ। ਜਸਵੰਤ ਆਪਣੇ ਪਿਓ ਦੇ ਸਿਰ 'ਤੇ ਬੇਫ਼ਿਕਰੀ ਦਾ ਜੀਵਨ ਬਤੀਤ ਕਰਦਾ। ਉਸ ਦਾ ਇੱਕ ਛੋਟਾ ਭਰਾ ਵੀ ਸੀ ਜੋ ਅੱਠ ਪੜ੍ਹ ਕੇ ਆਪਣੇ ਪਿਓ ਨਾਲ ਖੇਤੀ ਕਰਨ ਲੱਗ ਪਿਆ ਸੀ।

ਸੁਖਬੀਰ ਤੇ ਜਸਵੰਤ ਨੇ ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਕਾਲਜ ਵਿੱਚ ਦਾਖਲਾ ਲੈ ਲਿਆ। ਦੋਵਾਂ ਨੇ ਇੱਕੋ ਕਾਲਜ ਵਿੱਚ ਇਕੱਠਿਆਂ ਨੇ ਬੀ.ਏ. ਪਾਸ ਕਰ ਲਈ ਸੀ। ਜਸਵੰਤ ਕਾਲਜ ਦੀ ਪੜ੍ਹਾਈ ਪੂਰੀ ਕਰਕੇ ਪਿੰਡ ਦੇ ਮੋਹਤਬਰਾਂ ਵਿੱਚ ਉੱਠਣ ਬੈਠਣ ਲੱਗਾ। ਸਵੇਰ ਨੂੰ ਹੀ ਚਿੱਟਾ ਦੁੱਧ ਧੋਤਾ ਕੁੜਤਾ ਪਜਾਮਾ ਪਾ ਕੇ ਘਰੋਂ ਨਿਕਲ ਜਾਂਦਾ ਤੇ ਆਥਣ ਹੋਏ ਮੁੜਦਾ। ਇਸ ਤਰ੍ਹਾਂ ਉਹ ਖ਼ੂਬ ਐਸ਼ਪ੍ਰਸਤੀ ਦਾ ਜੀਵਨ ਬਤੀਤ ਕਰਦਾ। ਓਧਰ ਸੁਖਬੀਰ ਨੇ ਆਪਣੇ ਘਰ ਦੇ ਹਾਲਾਤ ਦੇਖਦੇ ਹੋਏ ਸਰਕਾਰੀ ਵਿਭਾਗ ਵਿੱਚ ਕਲਰਕੀ ਦੇ ਕਾਗਜ਼ ਭਰੇ ਤਾਂ ਚੰਗੀ ਕਿਸਮਤ ਨਾਲ ਉਸ ਨੂੰ ਨੌਕਰੀ ਮਿਲ ਗਈ। ਉਹ ਪਹਿਲਾਂ ਤਾਂ ਪਿੰਡੋਂ ਹੀ ਨੌਕਰੀ 'ਤੇ ਰੋਜ਼ ਆਉਣ ਜਾਣ ਕਰਦਾ, ਪਰ ਵਿਆਹ ਹੋ ਜਾਣ ਮਗਰੋਂ ਨੌਕਰੀ ਵਾਲੀ ਥਾਂ ਹੀ ਸਰਕਾਰੀ ਕੁਆਰਟਰ ਵਿੱਚ ਰਹਿਣ ਲੱਗਾ ਸੀ ਕਿਉਂਕਿ ਉਸ ਦੀ ਪਤਨੀ ਵੀ ਉਸ ਨਾਲ ਹੀ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਦੀ ਸੀ। ਹਫ਼ਤੇ ਬਾਅਦ ਉਹ ਪਿੰਡ ਗੇੜਾ ਮਾਰਦਾ ਤਾਂ ਜਸਵੰਤ ਨੂੰ ਜ਼ਰੂਰ ਮਿਲ ਕੇ ਜਾਂਦਾ। ਉਨ੍ਹਾਂ ਦੀ ਦੋਸਤੀ ਉਵੇਂ ਬਰਕਰਾਰ ਸੀ। ਆਪਣੇ ਪਿਓ ਤੇ ਭਰਾ ਦੇ ਸਿਰ 'ਤੇ ਜਸਵੰਤ ਦਾ ਰਹਿਣ ਸਹਿਣ ਸੁਖਬੀਰ ਦੇ ਮੁਕਾਬਲੇ ਚਾਹੇ ਬਹੁਤ ਉੱਚਾ ਲੱਗਦਾ ਸੀ, ਪਰ ਉਸ ਵਿੱਚ ਨਿਰਾ ਖੋਖਲਾਪਣ ਨਜ਼ਰ ਆਉਂਦਾ ਸੀ। ਚਾਰ ਕੁ ਸਾਲ ਬਾਅਦ ਜਸਵੰਤ ਦਾ ਵੀ ਵਿਆਹ ਹੋ ਗਿਆ ਸੀ, ਪਰ ਉਸ ਦਾ ਘਰ ਦੇ ਕੰਮਾਂ ਵਿੱਚ ਕੋਈ ਧਿਆਨ ਨਹੀਂ ਸੀ। ਉਵੇਂ ਹੀ ਬਾਪੂ ਅਤੇ ਭਰਾ ਦੇ ਸਿਰ 'ਤੇ ਐਸ਼ ਕਰਦਾ। ਜਦੋਂ ਤੱਕ ਉਸ ਦਾ ਛੋਟਾ ਭਰਾ ਕੁਆਰਾ ਸੀ ਕੋਈ ਫ਼ਰਕ ਨਾ ਪਿਆ, ਪਰ ਛੋਟੇ ਦਾ ਵਿਆਹ ਹੋਣ ਮਗਰੋਂ ਉਸ ਦਾ ਇਉਂ ਬਿਨਾਂ ਕੰਮਕਾਰ ਕੀਤੇ ਐਸ਼ਪ੍ਰਸਤੀ ਕਰਨਾ ਸਭ ਨੂੰ ਚੁਭਣ ਲੱਗਾ। ਘਰ ਵਿੱਚ ਕਲੇਸ਼ ਰਹਿਣ ਲੱਗਿਆ। ਬਾਪੂ ਨੇ ਜਸਵੰਤ ਨੂੰ ਉਸ ਦੇ ਹਿੱਸੇ ਦੀ ਜ਼ਮੀਨ ਅਤੇ ਘਰ ਵਿੱਚੋਂ ਤੀਜਾ ਹਿੱਸਾ ਦੇ ਕੇ ਅੱਡ ਕਰ ਦਿੱਤਾ। ਉਹ ਆਪਣੇ ਹਿੱਸੇ ਦੀ ਜ਼ਮੀਨ ਠੇਕੇ 'ਤੇ ਦੇ ਕੇ ਗੁਜ਼ਾਰਾ ਕਰਦਾ। ਪਰ ਪਿੰਡ ਦੇ ਮੋਹਤਬਰਾਂ ਨਾਲ ਲਿਸ਼ ਲਿਸ਼ ਕਰਦੇ ਚਿੱਟੇ ਕੱਪੜੇ ਪਾ ਕੇ ਕਦੇ ਕਿਸੇ ਮੰਤਰੀ ਤੇ ਕਦੇ ਕਿਸੇ ਸੰਤਰੀ ਨੂੰ ਮਿਲਣ ਵਾਲੀਆਂ ਆਦਤਾਂ ਉਸੇ ਤਰ੍ਹਾਂ ਬਰਕਰਾਰ ਰਹੀਆਂ। ਹੁਣ ਘਰ ਦਾ ਗੁਜ਼ਾਰਾ ਔਖਾ ਹੁੰਦਾ। ਸੁੱਖ ਨਾਲ ਘਰ ਵਿੱਚ ਦੋ ਬੱਚੇ ਵੀ ਹੋ ਗਏ ਸਨ। ਜਦ ਕਦੇ ਸੁਖਬੀਰ ਉਸ ਕੋਲ ਆਉਂਦਾ ਤਾਂ ਉਸ ਦਾ ਘਰ ਦੇ ਗੁਜ਼ਾਰੇ ਨੂੰ ਲੈ ਕੇ ਰੋਣਾ ਧੋਣਾ ਹੀ ਨਾ ਮੁੱਕਦਾ।

ਸਮਾਂ ਬੀਤਦਾ ਗਿਆ। ਸੁਖਬੀਰ ਨੌਕਰੀ ਵਿੱਚ ਤਰੱਕੀ ਕਰਦਾ ਕਰਦਾ ਅਫ਼ਸਰ ਬਣ ਗਿਆ ਸੀ। ਉਸ ਨੇ ਆਪਣੇ ਬੱਚੇ ਵੀ ਪੜ੍ਹਾ ਲਿਖਾ ਕੇ ਵਿਦੇਸ਼ ਭੇਜ ਦਿੱਤੇ ਸਨ, ਸ਼ਹਿਰ ਵਿੱਚ ਵਧੀਆ ਕੋਠੀ ਬਣਾ ਲਈ ਸੀ, ਪਿੰਡੋਂ ਜ਼ਮੀਨ ਦਾ ਠੇਕਾ ਆ ਜਾਂਦਾ ਸੀ। ਜਸਵੰਤ ਦੇ ਬੱਚੇ ਵੀ ਵਧੀਆ ਪੜ੍ਹਦੇ ਸਨ, ਪਰ ਉਨ੍ਹਾਂ ਦੀਆਂ ਫ਼ੀਸਾਂ ਭਰਨੀਆਂ ਹੁੰਦੀਆਂ ਤਾਂ ਉਹ ਸੁਖਬੀਰ ਤੋਂ ਪੈਸੇ ਉਧਾਰੇ ਮੰਗਣ ਲਈ ਫ਼ੋਨ ਤੇ ਫ਼ੋਨ ਕਰ ਕੇ ਉਸ ਦੀ ਜਾਨ ਖਾ ਲੈਂਦਾ ਤੇ ਉਹੀ ਬਹਾਨਾ ਹੁੰਦਾ ਕਿ ਅਗਲੇ ਠੇਕੇ 'ਤੇ ਮੋੜ ਦੇਵੇਗਾ। ਹੁਣ ਤਾਂ ਉਸ ਦੀ ਨਿੱਤ ਮੰਗਣ ਦੀ ਆਦਤ ਤੋਂ ਸੁਖਬੀਰ ਵੀ ਅੱਕ ਜਾਂਦਾ। ਫ਼ਿਰ ਵੀ ਬਚਪਨ ਦਾ ਸਾਥੀ ਹੋਣ ਕਰਕੇ ਉਹ ਉਸ ਦਾ ਵੇਲ਼ਾ ਸਾਰ ਦਿੰਦਾ। ਸੁਖਬੀਰ ਤੇ ਉਸ ਦੀ ਪਤਨੀ ਦੀ ਰਿਟਾਇਰਮੈਂਟ ਹੋਈ ਤਾਂ ਜਸਵੰਤ ਦੀ ਉਧਾਰ ਮੰਗਣ ਦੀ ਰਕਮ ਵੀ ਵਧ ਗਈ। ਉਹ ਉਸ ਨੂੰ ਫ਼ੋਨ ਕਰਕੇ ਉਸ ਦੀ ਜਾਨ ਹੀ ਖਾ ਗਿਆ। ਇਸ ਵਾਰ ਜਸਵੰਤ ਨੇ ਸੁਖਬੀਰ ਅੱਗੇ ਦੋ ਲੱਖ ਰੁਪਏ ਦੀ ਮੰਗ ਰੱਖ ਦਿੱਤੀ। ਕੁਝ ਦਿਨ ਤਾਂ ਸੁਖਬੀਰ ਟਾਲਮਟੋਲ ਕਰਦਾ ਰਿਹਾ, ਪਰ ਜਦ ਉਸ ਨੇ ਉਸ ਦਾ ਖਹਿੜਾ ਹੀ ਨਾ ਛੱਡਿਆ ਤਾਂ ਸੁਖਬੀਰ ਨੇ ਉਸ ਨੂੰ ਇੱਕ ਲੱਖ ਰੁਪਏ ਦੋ ਮਹੀਨੇ ਖਾਤਰ ਉਧਾਰੇ ਦੇ ਦਿੱਤੇ।

ਚਾਰ ਕੁ ਮਹੀਨੇ ਤਾਂ ਸੁਖਬੀਰ ਨੇ ਜਸਵੰਤ ਤੋਂ ਉਧਾਰ ਦਿੱਤੇ ਪੈਸੇ ਨਾ ਮੰਗੇ। ਉਸ ਨੇ ਬੜੀ ਨਰਮਾਈ ਨਾਲ ਪੈਸੇ ਮੋੜਨ ਲਈ ਆਖਣ ਵਾਸਤੇ ਫ਼ੋਨ ਕਰਨਾ ਤਾਂ ਉਸ ਨੇ 'ਅਗਲੇ ਮਹੀਨੇ ਪੱਕਾ' ਕਹਿ ਕੇ ਟਾਲਮਟੋਲ ਕਰਦਿਆਂ ਸਾਲ ਕੱਢ ਦਿੱਤਾ। ਹੁਣ ਸੁਖਬੀਰ ਨੇ ਉਸ ਨੂੰ ਫ਼ੋਨ ਕਰਨਾ ਤਾਂ ਉਸ ਨੇ ਜਾਂ ਤਾਂ ਚੁੱਕਣਾ ਹੀ ਨਾ ਤੇ ਜਾਂ ਉਸ ਦੇ ਮੁੰਡੇ ਨੇ ਆਖ ਦੇਣਾ, "ਪਾਪਾ ਜੀ ਤਾਂ ਪਿੰਡ ਦੇ ਸਰਪੰਚ ਨਾਲ ਕੰਮ ਗਏ ਹੋਏ ਹਨ ਤੇ ਉਹ ਫ਼ੋਨ ਤਾਂ ਘਰ ਭੁੱਲ ਗਏ!" ਹੁਣ ਸੁਖਬੀਰ ਨਾਲੋਂ ਜ਼ਿਆਦਾ ਉਸ ਦੀ ਪਤਨੀ ਨੂੰ ਉਸ ਦੇ ਦੋਸਤ 'ਤੇ ਗੁੱਸਾ ਆਉਂਦਾ। ਇੱਕ ਦਿਨ ਉਸ ਨੇ ਸੁਖਬੀਰ ਨੂੰ ਕਿਹਾ, " ਦੋ ਮਹੀਨੇ ਲਈ ਕਹਿ ਕੇ ਦੋ ਸਾਲ ਕੱਢ ਦਿੱਤੇ ਨੇ। ਹੁਣ ਫ਼ੋਨ ਕਰਨ ਦੀ ਕੋਈ ਲੋੜ ਨਹੀਂ। ਆਉਂਦੇ ਐਤਵਾਰ ਆਪ ਜਾ ਕੇ ਮੰਗ ਕੇ ਲਿਆਓ।"

"ਮੈਨੂੰ ਤਾਂ ਬਚਪਨ ਦੀ ਦੋਸਤੀ ਦੀ ਸ਼ਰਮ ਮਾਰ ਜਾਂਦੀ ਐ। ਐਵੇਂ ਵਿਗਾੜ ਪੈਂਦਾ ਪੈਂਦਾ ਵਿਗਾੜ ਪੈ ਜਾਂਦਾ!" ਸੁਖਬੀਰ ਬੋਲਿਆ।

"ਵਿਗਾੜ ਦਾ ਤੁਹਾਨੂੰ ਜ਼ਿਆਦਾ ਫ਼ਿਕਰ ਐ ਉਸ ਨੂੰ ਨਹੀਂ?" ਪਤਨੀ ਬੋਲੀ।

ਗੱਲ ਤਾਂ ਪਤਨੀ ਦੀ ਠੀਕ ਸੀ। ਇਸ ਲਈ ਉਸ ਨੇ ਅੱਗੋਂ ਜਵਾਬ ਦੇਣਾ ਮੁਨਾਸਿਬ ਨਾ ਸਮਝਿਆ।

ਅਗਲੇ ਐਤਵਾਰ ਸੁਖਬੀਰ ਸਵੇਰੇ ਜਲਦੀ ਹੀ ਪਿੰਡ ਲਈ ਨਿਕਲ ਗਿਆ। ਉਹ ਜਸਵੰਤ ਨੂੰ ਜਾਣਦਾ ਸੀ ਕਿ ਜੇ ਕਿਤੇ ਦੇਰ ਨਾਲ ਗਿਆ ਤਾਂ ਉਸ ਨੇ ਫ਼ੇਰ ਕਿਧਰੇ ਪਾਸੇ ਨੂੰ ਨਿਕਲ ਜਾਣਾ ਸੀ। ਜਿਉਂ ਹੀ ਉਹ ਜਸਵੰਤ ਦੇ ਖੁੱਲ੍ਹੇ ਗੇਟ ਅੱਗੇ ਆਪਣੀ ਕਾਰ ਖੜ੍ਹੀ ਕਰਕੇ ਵਿਹੜੇ ਵਿੱਚ ਗਿਆ ਤਾਂ ਇੱਕ ਪਾਸੇ ਓਟੇ ਵਿੱਚ ਉਸ ਦੀ ਪਤਨੀ ਚੁੱਲ੍ਹੇ 'ਤੇ ਨਾਸ਼ਤਾ ਬਣਾ ਰਹੀ ਸੀ ਤੇ ਉਹ ਕੋਲ ਹੀ ਕੁਰਸੀ 'ਤੇ ਬੈਠ ਕੇ ਹੱਥ ਵਿੱਚ ਥਾਲ਼ੀ ਫੜੀ ਖਾਣਾ ਖਾ ਰਿਹਾ ਸੀ। ਸੁਖਬੀਰ ਨੂੰ ਵੇਖਦੇ ਸਾਰ ਬੋਲਿਆ, "ਆ ਬਈ ਬੇਲੀਆ ਅੱਜ ਕਿੱਧਰ ਨੂੰ ਸਵੇਰੇ ਸਵੇਰੇ? (ਆਪਣੀ ਘਰਵਾਲੀ ਵੱਲ ਦੇਖ ਕੇ ਕਹਿਣ ਲੱਗਾ) ਚਾਹ ਦੇ ਬਈ ਮੇਰੇ ਯਾਰ ਨੂੰ।" ਉਸ ਨੇ ਕੋਲ ਪਈ ਦੂਜੀ ਕੁਰਸੀ 'ਤੇ ਬੈਠੇ ਸੁਖਬੀਰ ਨੂੰ ਸਟੀਲ ਦੇ ਗਿਲਾਸ ਵਿੱਚ ਚਾਹ ਫੜਾ ਦਿੱਤੀ।

"ਮੈਂ ਸੋਚਿਆ ਪਿੰਡ ਦੀ ਖ਼ਬਰਸਾਰ ਹੀ ਲੈ ਆਵਾਂ ਨਾਲੇ ਤੈਨੂੰ ਮਿਲ ਜਾਵਾਂ!" ਸੁਖਬੀਰ ਚਾਹ ਦੀ ਘੁੱਟ ਭਰਦਿਆਂ ਬੋਲਿਆ।

"ਚੱਲ ਆਹ ਤਾਂ ਤੂੰ ਵਧੀਆ ਕੀਤਾ ਤੂੰ ਤਾਂ ਸ਼ਹਿਰ ਰਹਿ ਕੇ ਵੀ ਸਾਡੇ ਨਾਲੋਂ ਵੱਧ ਪਿੰਡ ਦੀ ਖ਼ਬਰਸਾਰ ਰੱਖਦੈਂ!" ਦੋਵੇਂ ਜਣੇ ਹੱਸ ਪਏ।

ਸੁਖਬੀਰ ਦਸ ਪੰਦਰਾਂ ਮਿੰਟ ਏਧਰ ਓਧਰ ਦੀਆਂ ਗੱਲਾਂ ਕਰਦਾ ਰਿਹਾ ਕਿ ਸ਼ਾਇਦ ਜਸਵੰਤ ਆਪ ਪੈਸਿਆਂ ਦੀ ਗੱਲ ਕਰੇਗਾ, ਪਰ ਇੱਥੇ ਤਾਂ ਮਾਮਲਾ ਹੀ ਉਲਟ ਸੀ। ਜਿਸ ਨੇ ਪੈਸੇ ਲੈਣੇ ਸਨ ਉਹ ਗੱਲ ਸ਼ੁਰੂ ਕਰਨ ਦੀ ਚਿੰਤਾ ਵਿੱਚ ਸੀ ਕਿ ਉਹ ਆਪਣੇ ਬੇਲੀ ਤੋਂ ਕਿਹੜੇ ਮੂੰਹ ਨਾਲ ਪੈਸੇ ਮੰਗੇ। ਜਿਸ ਨੇ ਪੈਸੇ ਦੇਣੇ ਸਨ ਉਹ ਬੇਫ਼ਿਕਰ ਏਧਰ ਓਧਰ ਦੀਆਂ ਗੱਲਾਂ ਮਾਰਦਾ ਵਕਤ ਲੰਘਾ ਰਿਹਾ ਸੀ। ਹਿੰਮਤ ਜਿਹੀ ਕਰਕੇ ਸੁਖਬੀਰ ਬੋਲਿਆ, " ਮੈਂ ਉਹ ਲੱਖ ਰੁਪਏ ਦੀ ਗੱਲ ਕਰਨ ਆਇਆ ਸੀ.ਤੂੰ ਦੋ ਮਹੀਨੇ ਕਿਹਾ ਸੀ। ਹੁਣ ਤਾਂ ਦੋ ਸਾਲ ਹੋ ਗਏ ਨੇ। ਮੈਂ ਕਹਿਨਾਂ ਜੇ ਤੇਰਾ ਹੱਥ ਤੰਗ ਐ ਤਾਂ ਤੂੰ ਪੰਜਾਹ-ਪੰਜਾਹ ਹਜ਼ਾਰ ਕਰਕੇ ਦੋ ਵਾਰੀ 'ਚ ਮੋੜ ਦੇ!"

"ਯਾਰ! ਤੂੰ ਤਾਂ ਜਮ੍ਹਾਂ ਈ ਸ਼ਰਮ ਲਾਹ ਦਿੱਤੀ ਐ। ਕਦੇ ਤੂੰ ਫ਼ੋਨ ਕਰਕੇ ਜਵਾਕਾਂ ਨੂੰ ਤੰਗ ਕਰਦੈਂ ਕਦੇ ਮੈਨੂੰ। ਅੰਨ੍ਹੀ ਕਮਾਈ ਐ ਤੈਨੂੰ। ਰਿਟਾਇਰਮੈਂਟ 'ਤੇ 'ਕੱਠੇ ਹੋਏ ਪਤਾ ਨਹੀਂ ਕਿੰਨੇ ਲੱਖ ਰੁਪਏ ਮਿਲੇ ਨੇ। ਜ਼ਮੀਨ ਦਾ ਠੇਕਾ ਤੈਨੂੰ ਆਉਂਦੈ। ਹਾਲੇ ਵੀ ਤੈਨੂੰ ਸ਼ਰਮ ਨਹੀਂ ਆਉਂਦੀ। ਮੈਂ ਨਿਆਣਾ ਤਾਂ ਨਹੀਂ। ਜਦੋਂ ਮੇਰੇ ਕੋਲ ਹੋਣਗੇ ਮੈਂ ਆਪੇ ਤੇਰੇ ਮੱਥੇ ਮਾਰਨੇ ਐ। ਤੇਰੇ ਕੋਲ ਚਾਰ ਪੈਸੇ ਤਾਂ ਕੀ ਆਗੇ ਤੇਰੇ ਸਿਰ 'ਤੇ ਜ਼ਿਆਦਾ ਲਾਲਚ ਭਾਰੂ ਹੋ ਗਿਆ। ਤੂੰ ਤਾਂ ਜਮਾਂ ਮੰਗਤਿਆਂ ਵਰਗਾ ਬਣ ਗਿਆ ਉਨ੍ਹਾਂ ਤੋਂ ਵੀ ਗਿਆ ਗੁਜ਼ਰਿਆ!" ਜਸਵੰਤ ਬੋਲੀ ਜਾ ਰਿਹਾ ਸੀ।

ਸੁਖਬੀਰ ਦੇ ਕੰਨਾਂ ਵਿੱਚ 'ਮੰਗਤਿਆਂ ਵਰਗਾ' ਸ਼ਬਦ ਗੂੰਜ ਰਹੇ ਸਨ ਤੇ ਸਿਰ ਸਾਂ ਸਾਂ ਕਰ ਰਿਹਾ ਸੀ। ਜਦ ਉਹ ਬਿਨਾਂ ਦੁਆ ਸਲਾਮ ਕੀਤਿਆਂ ਉੱਠ ਕੇ ਆਪਣੀ ਕਾਰ ਵੱਲ ਨੂੰ ਆ ਰਿਹਾ ਸੀ ਤਾਂ ਉਸ ਨੂੰ ਸੱਚਮੁੱਚ ਆਪਣਾ ਆਪ 'ਮੰਗਤਿਆਂ ਵਰਗਾ' ਜਾਪ ਰਿਹਾ ਸੀ ਕਿਉਂਕਿ ਜਸਵੰਤ ਨੇ ਤਾਂ ਉਸ ਤੋਂ ਇੱਕ ਦੋ ਵਾਰ ਮੰਗਣ 'ਤੇ ਲੱਖ ਰੁਪਿਆ ਲੈ ਲਿਆ ਸੀ ਤੇ ਉਸ ਨੂੰ ਆਪਣੇ ਹੀ ਪੈਸੇ ਮੰਗਦੇ ਨੂੰ ਦੋ ਸਾਲ ਹੋ ਗਏ ਸਨ। ਅੱਜ ਉਹ ਜਸਵੰਤ ਦੇ ਦਰ ਤੋਂ ਬਿਨਾਂ ਖ਼ੈਰ ਪਏ ਖ਼ਾਲੀ ਹੱਥ ਮੁੜ ਰਿਹਾ ਸੀ।

* * *

# ਮਿੰਨੀ ਕਹਾਣੀਆਂ

## ਡੋਰ ਬੈੱਲ

**ਬਿੰਦਰ ਸਿੰਘ ਖੁੱਡੀ ਕਲਾਂ**

ਛੋਟੇ ਹੁੰਦਿਆਂ ਅੱਡੀਆਂ ਚੁੱਕ ਚੁੱਕ ਕੇ ਗੁਆਂਢੀਆਂ ਦੀ ਡੋਰ ਬੈੱਲ ਵਜਾ ਕੇ ਭੱਜ ਜਾਣ ਦਾ ਵੱਖਰਾ ਹੀ ਮਜ਼ਾ ਹੁੰਦਾ ਸੀ। ਕੌਣ ਆਇਆ ਹੋਵੇਗਾ ਵੇਖਣ ਲਈ ਆਂਟੀ ਨੇ ਭੱਜ ਕੇ ਬਾਹਰ ਨਿਕਲਣਾ। ਮੈਂ ਕਈ ਵਾਰ ਤਾਂ ਭੱਜ ਕੇ ਆਪਣੇ ਘਰ ਵੜ ਜਾਣਾ ਤੇ ਕਈ ਵਾਰ ਫੜਿਆ ਵੀ ਜਾਣਾ। ਆਂਟੀ ਨੇ ਘੂਰਨਾ ਹੁਣ ਵਜਾਈਂ ਬੈੱਲ ਲਾਊਂ ਤੇਰੇ ਕੰਨਾਂ 'ਤੇ।

ਆਂਟੀ ਦੀ ਝਿੜਕ ਤੋਂ ਪੂਰੀ ਤਰ੍ਹਾਂ ਬੇਫ਼ਿਕਰੀ ਦੇ ਆਲਮ 'ਚ ਮੈਨੂੰ ਡੋਰ ਬੈੱਲ 'ਤੇ ਹੱਥ ਨਾ ਜਾਣ ਦਾ ਅਫ਼ਸੋਸ ਬਣਿਆ ਰਹਿੰਦਾ। ਮਨ ਹੀ ਮਨ ਸੋਚਣਾ ਕਿ ਜਦੋਂ ਡੋਰ ਬੈੱਲ 'ਤੇ ਹੱਥ ਜਾਣ ਲੱਗ ਗਿਆ ਫੇਰ ਇਸ ਨੂੰ ਚੰਗੀ ਤਰ੍ਹਾਂ ਵਜਾਇਆ ਕਰਾਂਗਾ।

ਹੁਣ ਮੇਰਾ ਹੱਥ ਆਂਟੀ ਹੋਰਾਂ ਦੇ ਘਰ ਦੀ ਡੋਰ ਬੈੱਲ 'ਤੇ ਪੂਰੀ ਤਰ੍ਹਾਂ ਜਾਣ ਲੱਗਿਆ ਸੀ। ਮੈਂ ਬਿਨਾਂ ਅੱਡੀਆਂ ਚੁੱਕੇ ਡੋਰ ਬੈੱਲ ਵਜਾ ਸਕਦਾ ਸੀ। ਪਰ ਵਜਾਉਂਦਾ ਨਹੀਂ,ਕਿਉਂਕਿ ਹੁਣ ਮੈਨੂੰ ਸਮਝ ਲੱਗ ਗਈ ਸੀ ਕਿ ਆਂਟੀ ਹੋਰੀਂ ਸਾਡੇ ਗੁਆਂਢੀ ਹਨ ਅਤੇ ਗੁਆਂਢੀਆਂ ਦੀ ਡੋਰ ਬੈੱਲ ਵਜਾ ਕੇ ਭੱਜਣਾ ਚੰਗੀ ਆਦਤ ਨਹੀਂ। ਮੇਰੇ ਵੱਲੋਂ ਡੋਰ ਬੈੱਲ ਵਜਾਉਣ ਦੀ ਉਡੀਕ ਕਰਦੀ ਆਂਟੀ ਵੀ ਕਦੇ ਕਦੇ ਲਾਡ ਨਾਲ ਗੱਲ੍ਹ 'ਤੇ ਮਾਰ ਕੇ ਕਹਿੰਦੀ ਹੈ, "ਹੁਣ ਤੂੰ ਸਾਡੀ ਡੋਰ ਬੈੱਲ ਵਜਾਉਂਦਾ ਈ ਨੀ? ਹੁਣ ਤਾਂ ਤੇਰਾ ਹੱਥ ਵੀ ਜਾਣ ਲੱਗ ਗਿਆ ਹੈ ਡੋਰ ਬੈੱਲ 'ਤੇ।"

***

## ਵਿਹੜੇ ਦੀ ਰੌਣਕ

**ਗੁਰਮੀਤ ਸਿੰਘ**

ਕਿਵੇਂ ਜਾ ਕੇ ਜੱਫਾ ਪਾ ਲਿਆ ਜਿਵੇਂ ਮੈਂ ਹੁਣੇ ਪੁੱਟ ਕੇ ਸੁੱਟ ਦਿਆਂਗੀ। ਜਨਾਬ ਦਰੱਖਤ ਆ ਕੋਈ ਮੂਲੀ ਨਹੀਂ। ਪਤਨੀ ਅਚਾਨਕ ਮੇਰੇ ਉੱਠ ਕੇ ਧਰੇਕ ਨੂੰ ਜੱਫਾ ਪਾ ਲੈਣ 'ਤੇ ਹੈਰਾਨ ਹੋ ਗਈ ਸੀ। ਮੈਂ ਉਸ ਨੂੰ ਕਿਵੇਂ ਦੱਸਾਂ ਕਿ ਮੇਰੇ ਮਨ ਵਿੱਚ ਕੀ ਹੈ। ਮੈਂ ਤਾਂ ਪਹਿਲਾਂ ਹੀ ਮਨ 'ਤੇ ਬੋਝ ਲਈ ਫਿਰਦਾ ਹਾਂ, ਹੁਣ ਇਸ ਧਰੇਕ ਪੁਟਵਾਉਣ ਨੂੰ ਕਿਵੇਂ ਬਰਦਾਸ਼ਤ ਕਰਾਂਗਾ।

ਵਿਹੜੇ ਵਿਚਲੀ ਧਰੇਕ ਜਦੋਂ ਫੁੱਲਾਂ ਨਾਲ ਭਰ ਜਾਂਦੀ ਹੈ ਤਾਂ ਮੈਂ ਅਕਸਰ ਹੀ ਸਾਹਮਣੇ ਬੈਠ ਨਿਹਾਰਦਾ ਰਹਿੰਦਾ ਹਾਂ। ਇਸ ਨਾਲ ਮੇਰੇ ਮਨ ਨੂੰ ਸਕੂਨ ਮਿਲਦਾ ਹੈ। ਅੱਜ ਵੀ ਮੈਂ ਫੁੱਲਾਂ ਨੂੰ ਵੇਖਦਾ ਹੋਇਆ ਆਪਣੀਆਂ ਸੋਚਾਂ ਵਿੱਚ ਡੁੱਬਿਆ ਹੋਇਆ ਸੀ। ਮੇਰੀ ਪਤਨੀ ਨੇ ਆਉਂਦਿਆਂ ਹੀ ਧਰੇਕ ਥੱਲੇ ਖਿਲਰੇ ਫੁੱਲ-ਪੱਤਿਆਂ ਨੂੰ ਵੇਖ ਕੇ ਕਿਹਾ ਕਿ ਵਿਹੜੇ ਵਿੱਚ ਬਹੁਤ ਗੰਦ ਪੈਂਦਾ ਹੈ, ਜੀਅ ਕਰਦਾ ਇਸ ਨੂੰ ਕਟਵਾ ਦਿਆਂ। ਉਸ ਦੇ ਬੋਲਾਂ ਨੇ ਜਿਵੇਂ ਮੈਨੂੰ ਡਰਾ ਦਿੱਤਾ ਹੋਵੇ ਤੇ ਮੈਂ ਆਪਣੇ ਆਪ 'ਤੇ ਕਾਬੂ ਨਾ ਰੱਖ ਸਕਿਆ। ਦੂਸਰੇ ਨੂੰ ਦਿਲ ਦੀ ਪੀੜ ਥੋੜ੍ਹਾ ਦਿਸਦੀ ਹੈ।

ਗੱਲ ਉਦੋਂ ਦੀ ਹੈ ਜਦੋਂ ਮੇਰੀ ਧੀ ਅਜੇ ਨੌਂ ਦਸ ਸਾਲ ਦੀ ਅਤੇ ਇਹ ਧਰੇਕ ਵੀ ਛੋਟੀ ਜਿਹੀ ਸੀ। ਉਸ ਸਮੇਂ ਵੀ ਇਸ ਨੂੰ ਫੁੱਲ ਪਏ ਹੋਏ ਸਨ। ਧੀ ਨੂੰ ਜਮਾਤ ਵਿੱਚ ਗੁਲਦਸਤਾ ਬਣਾਉਣਾ ਤੇ ਸਜਾਉਣਾ ਸਿਖਾਇਆ ਗਿਆ। ਉਹ ਕਾਗਜ਼ ਦੀ ਕੁੱਪੀ ਜਿਹੀ ਬਣਾ ਵਿੱਚ ਧਰੇਕ ਦੇ ਫੁੱਲ ਭਰ ਲੈਂਦੀ ਅਤੇ ਜਦੋਂ ਮੈਂ ਸ਼ਾਮ ਨੂੰ ਘਰ ਆਉਂਦਾ ਤਾਂ 'ਵੈਲਕਮ ਪਾਪਾ' ਕਹਿ ਮੈਨੂੰ ਭੇਟ ਕਰਦੀ। ਕਦੇ ਕਦੇ ਕਾਗਜ਼ ਉੱਪਰ ਰੰਗਾਂ ਨਾਲ ਕੁਝ ਲਿਖਿਆ ਵੀ ਹੁੰਦਾ। ਉਸ ਦੀ ਕੋਸ਼ਿਸ਼ ਹੁੰਦੀ ਕਿ ਹਰ ਦਿਨ ਨਵਾਂ ਕਰਾਂ। ਮੈਂ ਵੀ ਉਚੇਚਾ ਚੌਕਲੇਟ ਜਾਂ ਕੁਝ ਹੋਰ ਲੈ ਕੇ ਆਉਂਦਾ। ਉਸ ਦੀ ਮਾਂ ਗੁੱਸੇ ਹੁੰਦੀ ਕਿ ਪੜ੍ਹਾਈ ਦਾ ਸਮਾਂ ਖਰਾਬ ਕਰਦੀ ਹੈ ਪਰ ਮੈਂ ਉਸ ਨੂੰ ਚੁੱਪ ਕਰਾ ਦਿੰਦਾ।

ਆਖ਼ਰ ਫੁੱਲਾਂ ਦਾ ਸਮਾਂ ਲੰਘ ਗਿਆ। ਧੀ ਨੇ ਮੇਰਾ ਲਿਆਂਦਾ ਬੂਟਾ, ਜੋ ਕਿ ਕਾਫ਼ੀ ਮਹਿੰਗਾ ਸੀ ਅਤੇ ਉਸ ਨੂੰ ਫੁੱਲ ਵੀ ਕਾਫ਼ੀ ਵੱਡੇ ਲੱਗਦੇ ਸਨ, ਦਾ ਫੁੱਲ ਤੋੜ ਕੇ ਮੇਰੇ ਲਈ ਗੁਲਦਸਤਾ ਬਣਾ ਲਿਆ। ਮੈਂ ਘਰ ਆਇਆ ਤਾਂ ਹੱਸਦਿਆਂ ਹੋਇਆਂ ਮੈਨੂੰ ਭੇਟ ਕੀਤਾ। ਮੈਨੂੰ ਤਾਂ ਜਿਵੇਂ ਸੱਤੀਂ ਕੱਪੜੀਂ ਅੱਗ ਲੱਗ ਗਈ। ਗੁੱਸੇ ਵਿੱਚ ਅਵਾ ਤਵਾ ਬੋਲਦਿਆਂ ਉਸ ਦੇ ਥੱਪੜ ਮਾਰਿਆ ਤੇ ਗੁਲਦਸਤਾ ਚਲਾ ਕੇ ਪਰ੍ਹਾਂ ਸੁੱਟ ਦਿੱਤਾ। ਅੱਖਾਂ ਵਿੱਚ ਹੰਝੂ ਲਈ ਉਹ ਅੰਦਰ ਚਲੀ ਗਈ। ਮਾਂ ਦੇ ਘਰੇ ਨਾ ਹੋਣ ਕਰਕੇ ਉਸ ਨੂੰ ਰੋਣ ਲਈ ਬੁੱਕਲ ਵੀ ਨਾ ਮਿਲੀ। ਖ਼ੈਰ, ਉਸ ਨੇ ਸਬਰ ਕਰ ਲਿਆ। ਉਸ ਦਿਨ ਤੋਂ ਗੁਲਦਸਤਾ ਬਣਾਉਣਾ ਤਾਂ ਦੂਰ, ਉਹ ਮੇਰੇ ਮੱਥੇ ਲੱਗਣ ਤੋਂ ਵੀ ਝਿਜਕਣ ਲੱਗੀ। ਸਮਾਂ ਪਾ ਸਭ ਕੁਝ ਆਮ ਵਾਂਗ ਹੋ ਗਿਆ ਦਿਸਦਾ ਪਰ ਸਭ ਕੁਝ ਆਮ ਵਾਂਗ ਨਹੀਂ ਸੀ।

ਤਿੰਨ ਸਾਲ ਪਹਿਲਾਂ ਉਹ ਵਿਆਹ ਉਪਰੰਤ ਆਪਣੇ ਘਰ ਚਲੀ ਗਈ। ਜ਼ਿੰਦਗੀ ਵਿੱਚ ਪਤਾ ਨਹੀਂ ਕਿੰਨੀ ਵਾਰ ਮੈਨੂੰ ਗੁਲਦਸਤੇ ਮਿਲੇ ਹੋਣਗੇ ਪਰ ਉਹ ਪਿਆਰ ਤੇ ਚਾਅ ਕਦੇ ਨਸੀਬ ਨਹੀਂ ਹੋਇਆ। ਹੁਣ ਜਦੋਂ ਧਰੇਕ ਨੂੰ ਫੁੱਲ ਪੈਂਦੇ ਹਨ ਤਾਂ ਕਿੰਨਾ ਕਿੰਨਾ ਚਿਰ ਉਨ੍ਹਾਂ ਨੂੰ ਵੇਖਦਾ ਰਹਿੰਦਾ ਹਾਂ। ਮੇਰਾ ਮਨ ਮੈਨੂੰ ਵਾਪਸ ਉਨ੍ਹਾਂ ਦਿਨਾਂ ਵਿੱਚ ਲੈ ਜਾਂਦਾ ਹੈ। ਅੱਜ ਪਤਨੀ ਨੇ ਧਰੇਕ ਨੂੰ ਪੁੱਟਣ ਦੀ ਗੱਲ ਕੀਤੀ ਤਾਂ ਮੇਰਾ ਆਪਣੇ ਆਪ 'ਤੇ ਕਾਬੂ ਨਾ ਰਿਹਾ। ਪਤਾ ਹੀ ਨਾ ਲੱਗਿਆ ਮੈਂ ਕਦੋਂ ਜਾ ਕੇ ਧਰੇਕ ਨੂੰ ਜੱਫ਼ੀ ਪਾ ਲਈ ਤੇ ਮੇਰੇ ਮੂੰਹੋਂ ਨਿਕਲਿਆ, "ਮੇਰੇ ਜਿਊਂਦੇ ਜੀਅ ਇਸ ਨੂੰ ਕੋਈ ਨਹੀਂ ਪੁੱਟ ਸਕਦਾ। ਧੀ ਤਾਂ ਪਰਾਈ ਹੋ ਗਈ, ਹੁਣ ਧਰੇਕ ਤਾਂ ਰਹਿਣ ਦਿਓ। ਧੀਆਂ ਅਤੇ ਧਰੇਕਾਂ ਤਾਂ ਘਰ ਦੀ ਰੌਣਕ ਹੁੰਦੀਆਂ ਨੇ। ਅੱਖਾਂ ਵਿਚਲੇ ਹੰਝੂ ਮੇਰੇ ਚਿਹਰੇ ਨੂੰ ਭਿਉਂ ਰਹੇ ਸਨ।

*******

## ਆਰਾਮ

**ਪੰਕਜ ਸ਼ਰਮਾ**

"ਹੈਲੋ, ਟਰੇਨ ਆ ਗਈ ਤੇ ਤੁਸੀਂ ਦੋਵੇਂ ਆਰਾਮ ਨਾਲ ਬੈਠੀਆਂ ਹੋ, ਘਰ ਨਹੀਂ ਜਾਣਾ?" ਚਲੀਆਂ ਜਾਵਾਂਗੀਆਂ, ਕਾਹਲੀ ਕਾਹਦੀ ਹੈ? ਤੇ ਜਲਦੀ ਜਾ ਕੇ ਕਰਨਾ ਵੀ ਕੀ ਹੈ?"

"ਕਮਾਲ ਐ, ਅੱਜ ਟਰੇਨ ਜਲਦੀ ਮਿਲ ਰਹੀ ਹੈ ਤਾਂ ਤੁਸੀਂ ਜਾ ਨਹੀਂ ਰਹੀਆਂ। ਦੈਨਿਕ ਟਰੇਨ ਤਾਂ ਦੇਰ ਨਾਲ ਆਉਣੀ ਹੈ?"

"ਅਸੀਂ ਉਦੋਂ ਰਵਾਨਾ ਹੋਵਾਂਗੀਆਂ ਜਦੋਂ ਦੈਨਿਕ ਟਰੇਨ ਆਏਗੀ।"

"ਐਸਾ ਕਿਉਂ?"

ਹੁਣ ਤੁਸੀਂ ਤਾਂ ਛੋਟੇ ਪਰਿਵਾਰ ਵਿੱਚ ਰਹਿੰਦੇ ਹੋ। ਪਤੀ ਅਤੇ ਬੱਚੇ ਵੀ ਸਮਝਦਾਰ ਹਨ, ਤੁਹਾਡੇ ਕੰਮ ਵਿੱਚ ਹੱਥ ਵੀ ਵਟਾ ਦਿੰਦੇ ਹਨ। ਪਰ ਸਾਨੂੰ ਤਾਂ ਚਾਹ ਵੀ ਆਪ ਬਣਾ ਕੇ ਪੀਣੀ ਪੈਂਦੀ ਹੈ। ਜੇ ਅੱਜ ਅਸੀਂ ਗ਼ਲਤੀ ਨਾਲ ਵੀ ਜਲਦੀ ਘਰ ਪਹੁੰਚ ਗਈਆਂ ਤਾਂ ਕਿਹੜਾ ਸਾਨੂੰ ਆਰਾਮ ਮਿਲ ਜਾਣਾ ਹੈ? ਕੋਈ ਨਾ ਕੋਈ ਨਵਾਂ ਕੰਮ ਹੋਰ ਕਰਨ ਨੂੰ ਦੇ ਦੇਣਗੇ। ਇਸ ਤੋਂ ਚੰਗਾ ਹੈ ਕਿ ਇੱਥੇ ਹੀ ਆਰਾਮ ਕਰ ਲਈਏ। ਤੁਸੀਂ ਜਾਓ।"

* * *****

## ਚੇਨ

**ਰਾਜ ਕੌਰ ਕਮਾਲਪੁਰ**

ਲੁੱਟ-ਖੋਹ ਹੋ ਜਾਣ ਦੇ ਡਰੋਂ ਉਹ ਸੋਨੇ ਦੇ ਗਹਿਣੇ ਨਾ ਪਹਿਨਦੀ। ਕਦੇ ਇਹ ਸੋਚ ਕੇ ਕਿ ਫੇਰ ਬਣਵਾਉਣ ਦਾ ਵੀ ਕੀ ਫ਼ਾਇਦਾ ਜੇ ਕੋਈ ਆਪਣੇ ਸ਼ੌਕ ਹੀ ਪੂਰੇ ਨਾ ਕਰੇ। ਸਰਦੀਆਂ ਵਿੱਚ ਕੋਟੀਆਂ-ਸਵੈਟਰ ਪੈ ਜਾਣ ਕਾਰਨ ਉਸ ਨੇ ਗਲ ਵਿੱਚ ਸੋਨੇ ਦੀ ਚੇਨ ਪਾ ਲਈ। ਪਰ ਜਦੋਂ ਉਹ ਸਕੂਟਰ 'ਤੇ ਡਿਊਟੀ ਜਾਂਦੀ, ਫਿਰ ਉਸ ਨੂੰ ਭੈਅ ਜਿਹਾ ਆਉਂਦਾ ਕਿ ਕਿਤੇ ਕੋਈ ਖੋਹ ਕੇ ਹੀ ਨਾ ਲੈ ਜਾਵੇ, ਸੋਨਾ ਕਿਹੜਾ ਲੈਣ ਦਾ ਹੈ। ਇੱਕ ਤੋਲਾ ਲੈਣ ਨਾਲ ਹੀ ਨੱਕ ਨੂੰ ਜੀਭ ਲੱਗ ਜਾਂਦੀ ਹੈ। ਬਣਵਾਈ, ਘੜਾਈ, ਪਾਲਿਸ਼ ਦਾ ਲਾ ਕੇ ਪੂਰਾ ਲੱਖ ਲੱਗ ਜਾਂਦਾ ਏ ਤਾਂ ਕਿਤੇ ਤੋਲਾ ਮਸਾਂ ਖ਼ਰੀਦਿਆ ਜਾਂਦਾ ਏ।

ਇੱਕ ਦਿਨ ਉਹ ਕਿਸੇ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਗਈ। ਉਸ ਨੂੰ ਇਹੀ ਡਰ ਲੱਗਦਾ ਰਿਹਾ ਕਿ ਕਿਧਰੇ ਕੋਈ ਉਸ ਦੀ ਚੇਨ ਹੀ ਨਾ ਲਾਹ ਲਵੇ। ਕਦੇ ਉਹ ਮਫਲਰ ਗਲੇ ਦੇ ਆਲੇ-ਦੁਆਲੇ ਲਪੇਟਦੀ। ਕਦੇ ਉਸ ਨੂੰ ਸੋਚ ਕੇ ਡਰ ਲੱਗਦਾ ਕਿ ਚੇਨ ਕੱਟਣ ਵਾਲਿਆਂ ਦਾ ਤਾਂ ਪਤਾ ਹੀ ਨਹੀਂ ਲੱਗਦਾ ਕਦੋਂ ਕੱਟ ਲੈਂਦੇ ਨੇ। ਇੱਕ ਦਿਨ ਉਹ ਆਟੋ ਵਿੱਚ ਬੈਠ ਗਈ। ਸਾਰੇ ਰਸਤੇ ਉਸ ਨੂੰ ਡਰ ਵੱਢ-ਵੱਢ ਖਾਈ ਗਿਆ। ਕਦੇ ਉਸ ਨੂੰ ਲੱਗਦਾ ਜਿਵੇਂ ਆਟੋ ਚਲਾਉਣ ਵਾਲਾ ਭਾਈ ਸ਼ੀਸ਼ੇ ਵਿਚਦੀ ਉਸ ਦੇ ਗਲੇ ਵਾਲੀ ਚੇਨ ਵੱਲ ਹੀ ਦੇਖੀ ਜਾ ਰਿਹਾ ਹੋਵੇ। ਕਦੇ ਉਹ ਡਰਦੀ ਕਿ ਥਾਂ-ਥਾਂ 'ਤੇ ਨਸ਼ੇੜੀ ਫਿਰਦੇ ਨੇ। ਨਸ਼ੇ ਲਈ ਤਾਂ ਉਹ ਆਪਣੀਆਂ ਮਾਵਾਂ ਦੇ ਗਹਿਣੇ ਵੇਚ ਦਿੰਦੇ ਨੇ। ਉਸ ਦੀ ਚੇਨ ਕਿਸ ਨੇ ਛੱਡਣੀ ਏ। ਹੁਣ ਚੇਨ ਦੀ ਟੌਹਰ ਤੇ ਸ਼ੌਕ ਤਾਂ ਘੱਟ ਸੀ। ਹੁਣ ਤਾਂ ਉਸ ਦੇ ਉਤਾਰੇ ਜਾਣ ਦਾ ਡਰ ਅਤੇ ਤਣਾਅ ਵਾਧੂ ਸੀ।

ਇੱਕ ਦਿਨ ਉਸ ਨੇ ਦਿਲ ਕਰੜਾ ਜਿਹਾ ਕਰਕੇ ਇਹ ਕਹਿੰਦਿਆਂ ਚੇਨ ਉਤਾਰ ਹੀ ਦਿੱਤੀ, "ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ।

ਚੇਨ ਉਤਾਰਦਿਆਂ ਹੀ ਉਸ ਨੂੰ ਬੇਫ਼ਿਕਰੀ ਹੋ ਗਈ। ਅੱਜ ਬੜੇ ਦਿਨਾਂ ਬਾਅਦ ਉਸ ਨੂੰ ਚੈਨ ਦੀ ਨੀਂਦ ਆਈ।

# ਮੇਰੀ ਕਲਮ

## ਸਲਾਮ
**ਕਮਲ ਬਠਿੰਡਾ**

ਸੱਯਦ ਆਦਿਲ ਹੁਸੈਨ ਸ਼ਾਹ ਤੈਨੂੰ,
ਸਲਾਮ ! ਸਲਾਮ ! ਸਲਾਮ !
ਸੱਯਦ ਆਦਿਲ ਹੁਸੈਨ ਸ਼ਾਹਾ,
ਤੂੰ ਪੁੱਤਰ ਧਰਤੀ ਮਾਂ ਦਾ ਜਾਇਆ,
ਤੂੰ ਬਣਿਆ ਆਪਣੇ ਲੋਕਾਂ ਦਾ ਸਾਇਆ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ,
ਤੂੰ ਸੱਚ ਕਰ ਦਿਖਾਇਆ,
ਹੈ ਸਾਨੂੰ ਤੇਰੇ 'ਤੇ ਵੱਡਾ ਮਾਣ,
ਤੇਰੇ ਜਜ਼ਬੇ ਨੂੰ ਸਾਡਾ ਸਲਾਮ !
ਜੰਨਤ ਨੂੰ ਜਹੱਨਮ ਬਣਾਉਣ ਵਾਲੇ,
ਫਿਜ਼ਾ 'ਚ ਦਹਿਸ਼ਤ ਫੈਲਾਉਣ ਵਾਲੇ,
ਤੇਰੇ ਅੱਗੇ ਅੱਜ ਬੌਣੇ ਹੋਏ,
ਤੇ ਤੇਰੀ ਕਿੱਡੀ ਉੱਚੀ ਸ਼ਾਨ,
ਵਾਹ ! ਜੁਆਨਾ, ਤੇਰੀ ਜੁਰਅੱਤ ਨੂੰ ਸਲਾਮ !
ਹਾਕਮਾਂ ਨੇ ਨਹੀਂ ਕੱਢਣਾ ਸ਼ਾਇਦ,
ਕਦੇ ਇਸ ਮਸਲੇ ਦਾ ਹੱਲ,
ਇਨ੍ਹਾਂ ਤਖ਼ਤ ਸਲਾਮਤ ਰੱਖਣੇ,
ਸਾਨੂੰ ਝੋਕੀ ਜਾਣਾ ਵਿੱਚ ਅੱਗ,
ਉਸੇ ਅੱਗ ਨੇ ਤੈਨੂੰ ਵੀ,
ਕਰ ਹੀ ਦਿੱਤਾ ਖ਼ਾਕ,
ਪਰ ਹਰ ਜਿਉਂਦੀ ਜ਼ਮੀਰ 'ਤੇ,
ਤੂੰ ਡੂੰਘੀ ਛੱਡ ਗਿਆ ਛਾਪ,
ਤੂੰ ਜਿੰਦ ਪਿਆਰੀ ਆਪਣੀ,
ਵਾਰੀ ਮਨੁੱਖਤਾ ਦੇ ਨਾਮ,
ਕੁੱਲ ਲੋਕਾਈ ਤੈਨੂੰ ਕਰ ਰਹੀ,
ਸੱਚੇ ਦਿਲੋਂ ਸਲਾਮ !
ਦਹਿਸ਼ਤੀਆਂ ਨਾਲ ਭਿੜਨ ਦਾ,
ਤੂੰ ਜੋ ਅਪਣਾਇਆ ਢੰਗ,
ਤੱਕ ਕੇ ਤੇਰਾ ਹੌਸਲਾ,
ਸੱਭੇ ਰਹਿ ਗਏ ਦੰਗ,
ਮਿੱਟੀ ਵਿੱਚ ਮਿਲ ਜਾਵਣੇ,
ਇਹ ਜੋ ਕਾਗਜ਼ੀ ਸ਼ੇਰ,
ਚਾਨਣ ਕਦੇ ਨਾ ਹਰਦਾ,
ਜਿਨ੍ਹਾਂ ਮਰਜ਼ੀ ਹੋਵੇ ਅੰਧੇਰ,
ਤੂੰ ਚਾਨਣ ਦੀ ਛਿੱਟ ਵੰਡ ਗਿਆ,
ਸਭ ਜ਼ੁਬਾਨਾਂ 'ਤੇ ਤੇਰਾ ਨਾਮ,
ਬੱਲੇ ਓ ਮਾਂ ਦੇ ਸ਼ੇਰ ਪੁੱਤਾ,
ਤੈਨੂੰ ਝੁਕ ਝੁਕ ਕਰੀਏ ਸਲਾਮ
ਤੈਨੂੰ ਕੋਟਿ ਕੋਟਿ ਪ੍ਰਣਾਮ !

## ਧਰਮ ਇਨਸਾਨੀਅਤ
**ਕਰਮਜੀਤ ਕੌਰ ਬੁਗਰਾ**

ਕੀ ਹਿੰਦੂ ਕੀ ਮੁਸਲਮਾਨ ਕੀ ਸਿੱਖ ਇਸਾਈ।
ਸਾਰੇ ਧਰਮਾਂ 'ਚ ਕੁਝ ਬਣ ਬੈਠੇ ਨੇ ਕਸਾਈ।
ਕਿਹੜਾ ਗ੍ਰੰਥ ਕਹਿੰਦਾ ਹੈ ਮਜ਼ਹਬ ਦੇ ਨਾਂ 'ਤੇ ਲੜੋ।
ਖ਼ੂਨ ਖ਼ਰਾਬਾ ਦੂਜਿਆਂ ਦਾ ਤੁਸੀਂ ਸ਼ਰ੍ਹੇਆਮ ਕਰੋ।
ਕੀ ਹੈ ਧਰਮ 'ਚ ਜਿਹੜਾ ਤੁਸੀਂ ਵੰਡਾਉਣਾ ਹੈ।
ਖੇਡ ਹੋਲੀ ਖ਼ੂਨ ਦੀ ਕਿਹੜਾ ਰੱਬ ਮਨਾਉਣਾ ਹੈ।
ਕੀ ਮਿਲਦਾ ਹੈ ਕਿਸੇ ਨੂੰ ਦੂਜੇ ਦਾ ਘਰ ਉਜਾੜ ਕੇ।
ਅੱਲ੍ਹਾ ਵਾਹਿਗੁਰੂ ਰਾਮ ਦੇ ਧੀਆਂ ਪੁੱਤਰ ਮਾਰ ਕੇ।
ਕਿਹੜਾ ਧਰਮ ਸਿਖਾਉਂਦਾ ਹੈ ਆਪਸ ਵਿੱਚ ਲੜਨਾ।
ਕਿਹੜੇ ਗ੍ਰੰਥ ਵਿੱਚ ਲਿਖਿਆ ਮਾਰਨਾ ਤੇ ਮਰਨਾ।
ਐ ਹਾਕਮੋਂ ਲਾਸ਼ਾਂ ਦੇ ਨਾਲ ਕੁਰਸੀ ਨਾ ਸਜਾਓ।
ਹਾੜ੍ਹਾ ! ਧਰਮ ਦੇ ਨਾਂ 'ਤੇ ਰਾਜਨੀਤੀ ਨਾ ਚਲਾਓ।
ਆਓ ਫੜੋ ਪੱਲਾ ਇਨਸਾਨੀਅਤ ਦੇ ਧਰਮ ਦਾ।
ਜੇ ਪਾਉਣਾ ਚਾਹੁੰਦੇ ਓ ਫਲ ਕਿਸੇ ਕਰਮ ਦਾ।

## ਗ਼ਜ਼ਲ
**ਅਮਰਪ੍ਰੀਤ ਸਿੰਘ ਝੀਤਾ**

ਧਰਤੀ ਦੇ ਸੁਰਗ 'ਚ ਇਹ ਕੈਸਾ ਮੰਜ਼ਰ ਛਾਇਆ।
ਨਫ਼ਰਤ ਵੰਡਣ ਵਾਲਿਆਂ ਖ਼ੂਨੀ ਖੇਲ ਰਚਾਇਆ।
ਨਾਮ, ਧਰਮ ਦਾ ਪੁੱਛ ਕੇ ਮਾਰਨ ਪਾਪੀ ਗੋਲੀ,
ਨਫ਼ਰਤ ਨੇ ਮਾਨਵਤਾ ਦਾ ਹੈ ਕਤਲ ਕਰਾਇਆ।
ਵੈਣ ਸਜਵਿਆਹੀ ਦੇ ਸੁਣ ਅੰਬਰ ਵੀ ਰੋਇਆ,
ਕਿਸ ਗੱਲ ਕਰਕੇ ਮੇਰਾ ਮਾਹੀ ਮਾਰ ਮੁਕਾਇਆ ?
ਰਾਮ ਰਹੀਮ ਗਏ ਮਾਰੇ ਵਿੱਚ ਇਸ ਖ਼ੂਨ ਖ਼ਰਾਬੇ,
ਆਦਿਲ ਸੀ ਜਾਂ ਦੀਪਕ ਕੋਈ ਨਾ ਬਚ ਪਾਇਆ।
ਦਹਿਸ਼ਤ ਦਾ ਮਾਹੌਲ ਕਿਉਂ ਦਿਸ ਰਿਹਾ ਹਰ ਪਾਸੇ,
ਮੁਲਕ 'ਚ ਚੋਣਾਂ ਦਾ ਫਿਰ ਉਤਸਵ ਤਾਂ ਨ੍ਹੀਂ ਆਇਆ ?
'ਅਮਰ' ਕਿਸੇ ਮਸਲੇ ਦਾ ਹੱਲ ਗੋਲੀ ਨਾ ਹੋਵੇ,
ਨਫ਼ਰਤ ਵਿੱਚ ਹੋ ਅੰਨੇ ਕਾਤੂੰ ਖ਼ੂਨ ਵਹਾਇਆ ?

## ਫ਼ਰਕ
**ਜਸਵੰਤ ਗਿੱਲ ਸਮਾਲਸਰ**

ਕੋਠੀ ਦੀ ਤੀਜੀ ਮੰਜ਼ਿਲ ਦੇ
ਆਪਣੇ ਕਮਰੇ ਦੀ
ਖਿੜਕੀ ਖੋਲ੍ਹ
ਕਣੀਆਂ ਨਾਲ ਸ਼ਰਾਰਤਾਂ ਕਰਦੀ
ਸ਼ਹਿਰ ਦੀ ਸੋਹਣੀ ਕੁੜੀ
ਕਦੇ ਹੱਥਾਂ ਨਾਲ
ਮੀਂਹ ਦਾ ਪਾਣੀ ਉਛਾਲਦੀ
ਕਦੇ ਚਿਹਰਾ ਬਾਹਰ ਕੱਢ
ਮਸਤੀ ਕਰਦੀ
ਤੇ ਕਦੇ ਬੁੱਕ ਵਿੱਚ
ਕਣੀਆਂ ਨੂੰ ਇਕੱਠਾ ਕਰ
ਆਪਣੇ ਗੋਰੇ ਮੁੱਖ 'ਤੇ ਮਾਰਦੀ
ਖਿੜ-ਖਿੜ ਹੱਸਦੀ
ਉਸ ਲਈ ਬਾਰਿਸ਼
ਮੌਜ ਮਸਤੀ ਦਾ ਸਾਧਨ ਹੈ
ਆਨੰਦ ਦੇ ਰਹੀਆਂ ਕਣੀਆਂ
ਚਿਹਰੇ 'ਤੇ ਵੱਜਦੀਆਂ
ਜਦ ਬੁੱਲ੍ਹਾਂ ਨੂੰ ਛੂਹ ਕੇ
ਲੰਮੀ ਗਰਦਨ ਤੱਕ ਪਹੁੰਚਦੀਆਂ
ਤਾਂ ਦਿਲ ਮੋਰ ਵਾਂਗ ਨੱਚ ਉੱਠਦਾ ਹੈ
ਇਹ ਖੇਡ ਖੇਡਦੀ
ਉਹ ਨੀਲੇ ਚਿੱਟੇ ਰੱਬ ਨੂੰ ਹਾਕਾਂ ਮਾਰਦੀ
ਹੋਰ ਬਾਰਿਸ਼ ਪਾਉਣ ਲਈ ਕਹਿੰਦੀ
ਜ਼ੋਰ ਦੀ ਵਰ੍ਹਨ ਲਈ
ਜ਼ੋਰ ਲਾ ਕੇ ਰੌਲਾ ਪਾਉਂਦੀ
ਉਹ ਅਣਜਾਣ ਹੈ
ਕਿ ਉਸ ਦੇ ਘਰ ਤੋਂ ਕਿਧਰੇ ਦੂਰ
ਕੋਈ ਕਿਰਤੀ ਕਿਸਾਨ
ਰਾਤਾਂ ਨੂੰ ਪਹਿਰਾ ਦੇ ਕੇ
ਜੇਠ ਹਾੜ੍ਹ ਦੀਆਂ ਧੁੱਪਾਂ ਸਹਿ ਕੇ
ਜਵਾਨ ਕੀਤੀ ਫ਼ਸਲ 'ਤੇ
ਕਣੀਆਂ ਦੇ ਕੀਤੇ ਜ਼ਖ਼ਮ
ਪਲੋਸਦਾ ਹੋਇਆ ਰੋ ਰਿਹਾ ਹੈ
ਤੇ ਭਾਰ ਕਹਿਰਾਂ ਦਾ ਢੋਹ ਰਿਹਾ ਹੈ
ਇੱਥੇ ਹੀ ਕੋਈ ਗ਼ਰੀਬ
ਆਪਣੇ ਢਹਿ ਰਹੇ
ਕੋਠੇ ਦੀ ਛੱਤ ਨੂੰ ਦੇਖ
ਭੁੱਬਾਂ ਮਾਰ ਅੰਦਰੋਂ ਅੰਦਰੀ
ਹੰਝੂ ਵਹਾਅ ਰਿਹਾ ਹੈ
ਉਸ ਨੇ ਜਵਾਨ ਧੀ ਦੇ ਵਿਆਹ
ਛੋਟੇ ਬੱਚਿਆਂ ਦੀ ਪੜ੍ਹਾਈ
ਤੇ ਮੁੜ ਛੱਤ ਪਾਉਣ ਲਈ
ਵਰ੍ਹਦੇ ਮੀਂਹ ਵਿੱਚ
ਕਰ ਲਿਆ ਹੈ ਫ਼ੈਸਲਾ
ਇੱਕ ਸੀਰ ਹੋਰ ਲਾਉਣ ਦਾ......
ਪਤਨੀ ਰੱਬ ਨੂੰ ਗਾਲ੍ਹਾਂ ਕੱਢ ਰਹੀ ਹੈ
ਉਧਰ ਕੁੜੀ ਨੇ 'ਥੈਂਕ ਗੌਡ' ਕਹਿ
ਖਿੜਕੀ ਬੰਦ ਕਰ ਦਿੱਤੀ.......।

## ਇੱਕ ਮੁਲਾਕਾਤ
**ਅੰਮ੍ਰਿਤਾ ਪ੍ਰੀਤਮ**

ਮੈਂ ਚੁੱਪ, ਸ਼ਾਂਤ ਤੇ ਅਡੋਲ ਖੜੀ ਸਾਂ
ਸਿਰਫ਼ ਕੋਲ ਵਗਦੇ ਸਮੁੰਦਰ 'ਚ ਤੂਫ਼ਾਨ ਸੀ.....
ਫ਼ਿਰ
ਸਮੁੰਦਰ ਨੂੰ ਰੱਬ ਜਾਣੇ ਕੀ ਖਿਆਲ ਆਇਆ
ਉਸ ਆਪਣੇ ਤੂਫ਼ਾਨ ਦੀ ਪੋਟਲੀ ਬੰਨ੍ਹੀ
ਮੇਰੇ
ਹੱਥ 'ਚ ਫ਼ੜਾਈ ਤੇ ਹੱਸ ਕੇ ਕੁੱਝ ਪਰਾਂ ਹੋ ਗਿਆ....
ਹੈਰਾਨ ਸਾਂ-ਪਰ ਉਸਦਾ ਚਮਤਕਾਰ
ਫ਼ੜ ਲਿਆ
ਪਤਾ ਸੀ-ਅਜਿਹੀ ਘਟਨਾ ਕਦੇ ਸਦੀਆਂ 'ਚ ਹੁੰਦੀ ਹੈ...
ਲੱਖਾਂ ਖਿਆਲ ਆਏ
ਮੱਥੇ ਤੇ ਝਿਲਮਿਲਾਏ
ਪਰ ਖਲੋਤੀ ਰਹਿ ਗਈ ਕਿ ਇਸ ਨੂੰ ਚੁੱਕ ਕੇ
ਅੱਜ ਆਪਣੇ ਸ਼ਹਿਰ
ਵਿੱਚ ਮੈਂ ਕਿਵੇਂ ਜਾਵਾਂਗੀ ?
ਮੇਰੇ ਸ਼ਹਿਰ ਦੀ ਹਰ ਗਲੀ ਭੀੜੀ ਹੈ
ਮੇਰੇ ਸ਼ਹਿਰ ਦੀ
ਹਰ ਛੱਤ ਨੀਵੀਂ ਹੈ
ਮੇਰੇ ਸ਼ਹਿਰ ਦੀ ਹਰ ਕੰਧ ਚੁਗਲੀ ਹੈ..
ਮੈਂ ਸੋਚਿਆ
-ਜੇ ਕਿਤੋਂ ਤੂੰ ਲੱਭੇਂ
ਤਾਂ ਸਮੁੰਦਰ ਦੀ ਤਰਾਂ ਇਹਨੂੰ ਛਾਤੀ ਤੇ ਰੱਖ ਕੇ
ਅਸੀਂ
ਦੋ ਕਿਨਾਰਿਆਂ ਦੀ ਤਰਾਂ ਹੱਸ ਸਕਦੇ ਸਾਂ
ਤੇ ਨੀਵੀਆਂ ਛੱਤਾਂ,
ਤੇ ਭੀੜੀਆ ਗਲੀਆਂ
ਦੇ ਸ਼ਹਿਰ 'ਚ ਵੱਸ ਸਕਦੇ ਸਾਂ...
ਪਰ ਸਾਰੀ ਦੁਪਿਹਰ ਤੈਨੂੰ ਲੱਭਦਿਆ ਬੀਤੀ
ਤੇ
ਆਪਣੀ ਅੱਗ ਦਾ ਮੈਂ ਆਪੇ ਹੀ ਘੁੱਟ ਪੀਤਾ
ਤੇ ਦਿਹੁੰ ਲਹਿਣ ਵੇਲੇ-
ਸਮੁੰਦਰ ਦਾ
ਤੂਫ਼ਾਨ ਸਮੁੰਦਰ ਨੂੰ ਮੋੜ ਦਿੱਤਾ...
ਹੁਣ ਰਾਤ ਪੈਣ ਲੱਗੀ ਏ ਤਾਂ ਤੂੰ ਮਿਲਿਆ ਏਂ
ਤੂੰ ਵੀ ਉਦਾਸ, ਚੁੱਪ, ਸ਼ਾਂਤ ਤੇ ਅਡੋਲ
ਮੈਂ ਵੀ ਉਦਾਸ, ਚੁੱਪ, ਸ਼ਾਂਤ ਤੇ ਅਡੋਲ
ਸਿਰਫ਼ - ਦੂਰ
ਵਗਦੇ ਸਮੁੰਦਰ ਦੇ ਵਿੱਚ ਤੂਫ਼ਾਨ ਹੈ..

## ਸੱਚੋ ਸੱਚ
**ਹਰਪ੍ਰੀਤ ਪੱਤੋ**

ਬਿੜਕ ਨਾਲ ਸੌਣ ਚੰਗਾ। ਸੁਬ੍ਹਾ ਵੇਲੇ ਨਾਹੁਣ ਚੰਗਾ।
ਵੱਤ ਵੇਲੇ ਵਾਹੁਣ ਚੰਗਾ। ਬੀਜ ਚੰਗੇ ਫ਼ੁੱਟਦੇ।
ਸ਼ਹਿਰਾਂ ਵਿੱਚ ਰਸ਼ ਚੰਗਾ। ਰੱਸੇ ਨੂੰ ਹੁੰਦਾ ਕਸ ਚੰਗਾ।
ਮਿੱਠਾ ਹੋਵੇ ਰਸ ਚੰਗਾ। ਕੌੜੇ ਨੂੰ ਥੁੱਕਦੇ।
ਪਿਆਰ ਦਾ ਬੋਲ ਚੰਗਾ। ਪੂਰਾ ਪੂਰਾ ਤੋਲ ਚੰਗਾ।
ਵਿਆਹ ਵਿੱਚ ਢੋਲ ਚੰਗਾ। ਹੁੰਦੇ ਜਾਨੀ ਬੁੱਕਦੇ।
ਬਿਸਤਰਾ ਨਰਮ ਚੰਗਾ। ਕੀਤਾ ਜੋ ਕਰਮ ਚੰਗਾ।
ਹੁੰਦਾ ਉਹ ਧਰਮ ਚੰਗਾ। ਜਿੱਥੋਂ ਪਾਪ ਧੁਪਦੇ।
ਜਾਗ ਨੂੰ ਸਵੇਰ ਚੰਗਾ। ਮਰਦ ਦਲੇਰ ਚੰਗਾ।
ਪਾਪੀਆਂ ਹਨੇਰ ਚੰਗਾ। ਜਿੱਥੇ ਉਹ ਲੁਕਦੇ।
ਮਾੜਿਆਂ ਤੋਂ ਪਾਸਾ ਚੰਗਾ। ਖ਼ੁਸ਼ੀ ਵੇਲੇ ਹਾਸਾ ਚੰਗਾ।
ਲਾਉਣਾ ਗਾਸ਼ਾ ਚੰਗਾ। ਮਾਰੇ ਜੋ ਭੁੱਖ ਦੇ।
'ਪੱਤੋ' ਨੂੰ ਪਿਆਰ ਚੰਗਾ। ਯਾਰ ਦਿਲਦਾਰ ਚੰਗਾ।
ਜਿੱਤ ਵੇਲੇ ਹਾਰ ਚੰਗਾ। ਵੇਖ ਲੋਕ ਝੁਕਦੇ।

## ਜਾਗਣ ਪੰਜ ਦਰਿਆ
**ਇੰਦਰਜੀਤ ਹਸਨਪੁਰੀ**

ਜਾਗਣ ਪੰਜ ਦਰਿਆ
ਬੇਲੀਆ ਜਾਗਣ ਪੰਜ ਦਰਿਆ
ਮੈ ਬਣ ਜਾਵਾਂ ਸੋਨ-ਸਵੇਰਾ
ਤੂੰ ਸੂਰਜ ਬਣ ਜਾ

ਅੱਖਾਂ ਮੀਚ ਕੇ ਤੁਰਦੇ ਜਿਹੜੇ
ਪਾ ਕੰਨਾਂ ਵਿਚ ਰੂੰ
ਆ ਜਾ ਹੇਕ ਪਿਆਰ ਦੀ ਲਾਈਏ
ਮਿੱਤਰਾ ਮੈਂ ਤੇ ਤੂੰ
ਖੁੱਲ੍ਹਣ ਅੱਖਾਂ, ਕੰਨ ਇਹਨਾਂ ਦੇ
ਦੁੱਲਾ ਭੱਟੀ ਗਾ
ਜਾਗਣ ਪੰਜ ਦਰਿਆ

ਭੁੱਲ ਗਏ ਜੋ ਵਿਰਸਾ ਆਪਣਾ
ਸਭਿਆਚਾਰ ਨੇ ਭੁੱਲੇ
ਆ ਇਹਨਾਂ ਨੂੰ ਯਾਦ ਕਰਾਈਏ
ਨਾਨਕ, ਵਾਰਿਸ, ਬੁੱਲੇ
ਜਿਹਨਾਂ ਸਾਨੂੰ ਸਬਕ ਪੜ੍ਹਾਇਆ
ਪਿਆਰ ਮੁਹੱਬਤ ਦਾ
ਜਾਗਣ ਪੰਜ ਦਰਿਆ

ਬੜੇ ਚਲਾ ਲਏ ਬੰਬ, ਗੋਲ਼ੀਆਂ
ਬੜੇ ਬਣਾ ਲਏ ਥੇਹ
ਆਪਣੇ ਸਿਰ ਵਿਚ ਆਪੇ ਪਾਈ
ਅਸੀਂ ਬਥੇਰੀ ਖੇਹ
ਹੋਈਆਂ ਬੀਤੀਆਂ ਉੱਤੇ ਆਪਾਂ
ਮਿੱਟੀ ਦੇਈਏ ਪਾ
ਜਾਗਣ ਪੰਜ ਦਰਿਆ

ਇੱਕ ਦੂਜੇ ਦੇ ਗਲ਼ ਵਿਚ ਪਾਈਏ
ਆ ਬਾਹਵਾਂ ਦੇ ਹਾਰ
ਪਿਆਰ ਦੇ ਅੱਗੇ ਸਦਾ ਹਾਰਦੀ
ਦੇਖੀ ਏ ਤਲਵਾਰ
ਨਫ਼ਰਤ ਦੀ ਅੱਗ ਬੁਝ ਜਾਵੇਗੀ
ਪਿਆਰ ਦਾ ਮੀਂਹ ਬਰਸਾ
ਜਾਗਣ ਪੰਜ ਦਰਿਆ

## ਅਸੀਂ
**ਹਰਭਿੰਦਰ ਸਿੰਘ ਸੰਧੂ**

ਅਸੀਂ ਤੰਗ ਹੋਏ ਵਿਹੜੇ ਵਿੱਚ ਡਿੱਗੇ ਪੱਤਿਆਂ ਤੋਂ,
ਤਾਹੀਓਂ ਵੇਖਾ ਵੇਖੀ, ਅਸਾਂ ਰੁੱਖ ਘਰਾਂ 'ਚੋਂ ਵੱਢੇ ਨੇ।
ਅਸੀਂ ਭੁੱਲਗੇ ਬੁਰਕੀਆਂ ਸੁੱਟਣੀਆਂ ਛੱਤਾਂ ਦੇ ਉੱਤੇ,
ਹੁਣ ਤਾਹੀਉਂ ਪੰਛੀਆਂ ਨੇ ਸਾਡੇ ਘਰ ਛੱਡੇ ਨੇ।
ਜਿਸ ਘਰ ਨਾ ਏ.ਸੀ. ਉਸ ਦਾ ਮਜ਼ਾਕ ਉਡਾਉਂਦੇ ਹਾਂ,
ਅਸੀਂ ਫੁਕਰਪੁਣੇ ਵਿੱਚ ਰੁਤਬੇ ਕੀਤੇ ਵੱਡੇ ਨੇ।
ਹੁਣ ਚੱਲਣ ਲੱਗ ਪਏ ਸਰੀਰ ਨਾਲ ਦਵਾਈਆਂ ਦੇ,
ਅਸੀਂ ਹਾਲੇ ਵੀ ਨਾ ਧੌਣਾਂ 'ਚੋਂ ਕਿੱਲੇ ਕੱਢੇ ਨੇ।
ਜੇ ਹਾਲੇ ਵੀ ਨਾ ਸੰਧੂਆਂ ਸਾਨੂੰ ਇਹ ਸਮਝ ਆਈ,
ਫਿਰ ਕੀਹਨੂੰ ਗੁਆਚੇ ਲਾਲ ਮਿੱਟੀ 'ਚੋਂ ਲੱਭੇ ਨੇ ?

## ਮਾਂ ਭੂਮੀ
**ਲਾਲ ਸਿੰਘ ਦਿਲ**

ਪਿਆਰ ਦਾ ਵੀ ਕੋਈ ਕਾਰਨ ਹੁੰਦੈ ?
ਮਹਿਕ ਦੀ ਵੀ ਕੋਈ ਜੜ ਹੁੰਦੀ ਹੈ ?
ਸੱਚ ਦਾ ਹੋਵੇ ਨਾ ਹੋਵੇ ਕੋਈ
ਝੂਠ ਕਦੇ ਬੇਮਕਸਦ ਨਹੀਂ ਹੁੰਦਾ !
ਤੇਰੇ ਨੀਲੇ ਪਰਬਤਾਂ ਕਰਕੇ ਨਹੀਂ
ਨਾ ਨੀਲੇ ਪਾਣੀਆਂ ਲਈ
ਜੇ ਇਹ ਬੁੱਢੀ ਮਾਂ ਦੇ ਵਾਲਾਂ ਜਿਹੇ
ਗੋਹੜੇ-ਰੰਗੇ ਵੀ ਹੁੰਦੇ
ਤਦ ਵੀ ਮੈਂ ਤੈਨੂੰ ਪਿਆਰ ਕਰਦਾ
ਇਹ ਦੌਲਤਾਂ ਦੇ ਖਜ਼ਾਨੇ
ਮੇਰੇ ਲਈ ਤਾਂ ਨਹੀਂ
ਭਾਵੇਂ ਨਹੀਂ
ਪਿਆਰ ਦਾ ਕੋਈ ਕਾਰਨ ਨਹੀਂ ਹੁੰਦਾ
ਝੂਠ ਕਦੇ ਬੇਮਕਸਦ ਨਹੀਂ ਹੁੰਦਾ
ਖਜ਼ਾਨਿਆਂ ਦੇ ਸੱਪ ਤੇਰੇ ਗੀਤ ਗਾਉਂਦੇ ਨੇ
ਸੋਨੇ ਦੀ ਚਿੜੀ ਕਹਿੰਦੇ ਹਨ

# ਵਿਸ਼ਵ ਟੈਸਟ ਚੈਂਪੀਅਨ ਬਣਿਆ ਦੱਖਣੀ ਅਫ਼ਰੀਕਾ

## 27 ਸਾਲ ਬਾਅਦ ਵੱਡਾ ਕ੍ਰਿਕਟ ਖਿਤਾਬ ਜਿੱਤਿਆ, ਫ਼ਾਈਨਲ ਵਿੱਚ ਆਸਟ੍ਰੇਲੀਆ ਨੂੰ ਪੰਜ ਵਿਕਟਾਂ ਨਾਲ ਹਰਾਇਆ

ਲੰਡਨ/ਏ.ਟੀ.ਨਿਊਜ਼: ਦੱਖਣੀ ਅਫ਼ਰੀਕਾ ਨੇ ਪਿਛਲੇ ਦਿਨੀਂ ਇੱਥੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਫ਼ਾਈਨਲ ਦੇ ਚੌਥੇ ਦਿਨ ਆਸਟ੍ਰੇਲੀਆ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਖਿਤਾਬ ਜਿੱਤ ਲਿਆ ਹੈ। ਦੱਖਣੀ ਅਫ਼ਰੀਕਾ ਨੇ ਜਿੱਤ ਲਈ ਲੋੜੀਂਦੀਆਂ 69 ਦੌੜਾਂ ਬਣਾ ਕੇ ਇਹ ਖਿਤਾਬ ਆਪਣੇ ਨਾਮ ਕੀਤਾ। ਇਹ ਦੱਖਣੀ ਅਫ਼ਰੀਕਾ ਦਾ 27 ਸਾਲਾਂ 'ਚ ਪਹਿਲਾ ਵੱਡਾ ਕ੍ਰਿਕਟ ਖਿਤਾਬ ਹੈ। ਦੱਖਣੀ ਅਫ਼ਰੀਕਾ ਨੇ ਆਪਣਾ ਪਿਛਲਾ ਆਈ.ਸੀ.ਸੀ. ਖਿਤਾਬ 1998 ਵਿੱਚ ਚੈਂਪੀਅਨਜ਼ ਟਰਾਫ਼ੀ ਦੇ ਰੂਪ ਵਿੱਚ ਜਿੱਤਿਆ ਸੀ। ਜਿੱਤ ਮਗਰੋਂ ਟੀਮ ਦੇ ਖਿਡਾਰੀਆਂ ਅਤੇ ਪ੍ਰਸ਼ੰਸਕਾਂ ਨੇ ਲਾਰਡਜ਼ ਦੇ ਮੈਦਾਨ 'ਤੇ ਖੂਬ ਜਸ਼ਨ ਮਨਾਇਆ।

ਟੀਮ ਨੇ ਪੰਜ ਵਿਕਟਾਂ 'ਤੇ 282 ਦੌੜਾਂ ਬਣਾ ਕੇ ਟੀਚਾ ਹਾਸਲ ਕੀਤਾ। ਇਹ ਲਾਰਡਜ਼ ਦੇ 141 ਸਾਲਾਂ ਦੇ ਇਤਿਹਾਸ ਵਿੱਚ ਟੀਚੇ ਦਾ ਪਿੱਛਾ ਕਰਦਿਆਂ ਦੂਜੀ ਸਭ ਤੋਂ ਵੱਡੀ ਜਿੱਤ ਹੈ। ਆਸਟ੍ਰੇਲੀਆ ਨੇ ਮੈਚ ਦੇ ਚੌਥੇ ਦਿਨ ਵੀ ਪੂਰਾ ਜ਼ੋਰ ਲਾਇਆ ਅਤੇ ਕਪਤਾਨ ਪੈਟ ਕਮਿਨਸ ਦੀ ਅਗਵਾਈ ਹੇਠ ਉਸ ਦੇ ਗੇਂਦਬਾਜ਼ਾਂ ਨੇ ਸ਼ੁਰੂਆਤੀ ਘੰਟੇ ਵਿੱਚ ਦੱਖਣੀ ਅਫ਼ਰੀਕਾ ਦੇ ਬੱਲੇਬਾਜ਼ਾਂ ਦੀ ਸਖ਼ਤ ਪ੍ਰੀਖਿਆ ਲਈ। ਦਿਨ ਦੇ ਤੀਜੇ ਓਵਰ ਵਿੱਚ ਜਦੋਂ ਕਪਤਾਨ ਟੈਂਬਾ ਬਾਵੁਮਾ (66) ਕਮਿਨਸ ਦੀ ਗੇਂਦ 'ਤੇ ਆਊਟ ਹੋ ਗਿਆ ਤਾਂ ਇੱਕ ਵਾਰ ਲੱਗਾ ਕਿ ਕਿਤੇ ਦੱਖਣੀ ਅਫ਼ਰੀਕਾ ਪੱਲੇ ਫ਼ਿਰ ਨਿਰਾਸ਼ਾ ਨਾ ਪੈ ਜਾਵੇ। ਹਾਲਾਂਕਿ ਦਿਨ ਦੀ ਸ਼ੁਰੂਆਤ 102 ਦੌੜਾਂ ਤੋਂ ਕਰਨ ਵਾਲੇ ਏਡਨ ਮਾਰਕਰਮ (136) ਦੀ ਅਗਵਾਈ ਹੇਠ ਟੀਮ ਨੇ ਸਬਰ ਦਿਖਾਇਆ ਅਤੇ ਜਿੱਤ ਹਾਸਲ ਕੀਤੀ। ਆਸਟ੍ਰੇਲੀਆ ਨੇ ਵਿਕਟਾਂ ਲੈਣ ਦੀ ਪੂਰੀ ਕੋਸ਼ਿਸ਼ ਕੀਤੀ। ਉਸ ਨੇ ਦਿਨ ਦੀ ਖੇਡ ਦੇ ਪਹਿਲੇ 90 ਮਿੰਟਾਂ ਵਿੱਚ ਹੀ ਆਪਣੇ ਤਿੰਨੋਂ ਡੀ.ਆਰ.ਐੱਸ. ਗੁਆ ਦਿੱਤੇ। ਜਦੋਂ ਤੱਕ ਜੋਸ਼ ਹੇਜ਼ਲਵੁੱਡ ਨੇ ਮਾਰਕਰਮ ਨੂੰ ਆਊਟ ਕੀਤਾ, ਮੈਚ ਪਹਿਲਾਂ ਹੀ ਆਸਟ੍ਰੇਲੀਆ ਦੇ ਹੱਥੋਂ ਨਿਕਲ ਚੁੱਕਾ ਸੀ। ਮਾਰਕਰਮ ਦੇ ਆਊਟ ਹੋਣ ਤੋਂ ਲਗਪਗ 15 ਮਿੰਟ ਬਾਅਦ ਕਾਈਲ ਵੇਰੇਨ (ਨਾਬਾਦ 4 ਦੌੜਾਂ) ਨੇ ਜੇਤੂ ਦੌੜਾਂ ਬਣਾਈਆਂ, ਜਿਸ ਨਾਲ ਦੱਖਣੀ ਅਫ਼ਰੀਕਾ ਨੂੰ ਜਸ਼ਨ ਮਨਾਉਣ ਦਾ ਮੌਕਾ ਮਿਲਿਆ। ਜ਼ਿਕਰਯੋਗ ਹੈ ਕਿ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਮਿਲਣ ਮਗਰੋਂ ਆਸਟ੍ਰੇਲੀਆ ਨੇ ਪਹਿਲੀ ਪਾਰੀ ਵਿੱਚ 212 ਦੌੜਾਂ ਬਣਾਈਆਂ ਸਨ ਪਰ ਦੱਖਣੀ ਅਫ਼ਰੀਕਾ ਦੀ ਟੀਮ ਮਹਿਜ਼ 138 ਦੌੜਾਂ 'ਤੇ ਹੀ ਸਿਮਟ ਗਈ। ਇਸ ਵੇਲੇ ਦੱਖਣੀ ਅਫ਼ਰੀਕਾ ਦੀ ਜਿੱਤ ਮੁਸ਼ਕਲ ਨਜ਼ਰ ਆ ਰਹੀ ਸੀ। ਮਗਰੋਂ ਆਸਟ੍ਰੇਲੀਆ ਨੇ ਦੂਜੀ ਪਾਰੀ ਵਿੱਚ 207 ਦੌੜਾਂ ਬਣਾ ਕੇ ਦੱਖਣੀ ਅਫ਼ਰੀਕਾ ਨੂੰ 282 ਦੌੜਾਂ ਦਾ ਟੀਚਾ ਦਿੱਤਾ ਅਤੇ ਉਸ ਨੇ ਇਹ ਟੀਚਾ ਪੰਜ ਵਿਕਟਾਂ ਦੇ ਨੁਕਸਾਨ 'ਤੇ ਹੀ ਪੂਰਾ ਕਰ ਲਿਆ।




# 35 ਘੰਟੇ ਲਗਾਤਾਰ ਗੋਲਫ਼ ਖੇਡ ਕੇ ਬਣਾਇਆ ਵਿਸ਼ਵ ਰਿਕਾਰਡ

ਨਿਊਯਾਰਕ/ਏ.ਟੀ.ਨਿਊਜ਼: ਨਿਊਯਾਰਕ ਦੇ ਗੋਲਫ਼ਰ ਨੇ ਲਗਾਤਾਰ ਸਭ ਤੋਂ ਵੱਧ ਘੰਟੇ ਗੋਲਫ਼ ਖੇਡ ਕੇ ਵਿਸ਼ਵ ਰਿਕਾਰਡ ਬਣਾਉਣ ਦਾ ਦਾਅਵਾ ਕੀਤਾ ਹੈ। ਉਸ ਨੇ ਲਾਂਗ ਆਈਲੈਂਡ ਦੇ ਕੋਰਸ (ਗੋਲਫ਼ ਮੈਦਾਨ) 'ਚ ਲਗਾਤਾਰ 35 ਘੰਟੇ ਗੋਲਫ਼ ਖੇਡੀ। ਕੇਲੈਚੀ ਐਜ਼ੀਹੀ (27) ਨਾਮੀ ਇਸ ਖਿਡਾਰੀ ਨੇ ਗਿੰਨੀਜ਼ ਵਰਲਡ ਰਿਕਾਰਡ ਬਣਾਉਣ ਲਈ 24 ਘੰਟੇ ਖੇਡਣ ਦੀ ਯੋਜਨਾ ਬਣਾਈ ਸੀ ਪਰ ਕੁਝ ਘੰਟਿਆਂ ਬਾਅਦ ਉਸ ਨੂੰ ਪਤਾ ਲੱਗਾ ਕਿ ਮਈ ਮਹੀਨੇ ਨਾਰਵੇ ਦੇ ਇੱਕ ਕੋਰਸ 'ਚ ਇੱਕ ਬਰਤਾਨਵੀ ਗੋਲਫ਼ਰ ਲਗਾਤਾਰ 32 ਘੰਟੇ ਖੇਡਿਆ ਸੀ। ਉਸ ਨੇ ਦੱਸਿਆ ਕਿ ਉਹ ਉਸ ਦੀ ਭੈਣ ਨੇ ਇੰਟਰਨੈੱਟ 'ਤੇ ਸਰਚ ਕਰਦੇ ਸਮੇਂ 32 ਘੰਟੇ ਦਾ ਰਿਕਾਰਡ ਦੇਖਣ ਮਗਰੋਂ ਉਸ ਨੂੰ ਫ਼ੋਨ ਕੀਤਾ ਸੀ। ਐਜ਼ੀਹੀ ਨੇ ਇਸ ਮਗਰੋਂ ਪੂਰੀ ਦ੍ਰਿੜ੍ਹਤਾ ਦਿਖਾਈ ਤੇ ਮੀਂਹ, ਥਕਾਵਟ ਤੇ ਪੈਰਾਂ 'ਚ ਦਰਦ ਦੇ ਬਾਵਜੂਦ ਹਾਰ ਨਾ ਮੰਨੀ ਅਤੇ ਆਖਰਕਾਰ ਬਰਤਾਨੀਆਂ ਦੇ ਇਸਾਕ ਰੋਲੈਂਡਸ ਨੂੰ ਪਛਾੜਨ 'ਚ ਕਾਮਯਾਬ ਰਿਹਾ। ਕੇਲੈਚੀ ਐਜ਼ੀਹੀ ਨੇ ਕਿਹਾ, "ਮੈਨੂੰ ਇਹ ਕਹਿੰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਂ ਵਿਸ਼ਵ ਚੈਂਪੀਅਨ ਹਾਂ। ਇਹ ਇੱਕ ਅਜਿਹਾ ਮੌਕਾ ਹੈ ਜੋ ਬਹੁਤੇ ਲੋਕਾਂ ਨੂੰ ਨਹੀਂ ਮਿਲਦਾ। ਇਹ ਯਕੀਨੀ ਤੌਰ 'ਤੇ ਕੁਝ ਅਜਿਹਾ ਹੈ ਜਿਸ ਬਾਰੇ ਮੈਂ ਭਵਿੱਖ 'ਚ ਆਪਣੇ ਬੱਚਿਆਂ ਤੇ ਪੋਤੇ ਪੋਤੀਆਂ ਨੂੰ ਜ਼ਰੂਰ ਦੱਸਾਂਗਾ।" ਐਜ਼ੀਹੀ ਮੁਤਾਬਕ ਉਸ ਦੇ ਦੋਸਤਾਂ ਨੇ ਪੂਰੀ ਖੇਡ ਦੀ ਵੀਡੀਓ ਬਣਾਈ ਤੇ ਹੋਰ ਲੋਕਾਂ ਨੇ ਗਵਾਹ ਵਜੋਂ ਕੰਮ ਕੀਤਾ ਤਾਂ ਕਿ ਇਸ ਨੂੰ ਗਿੰਨੀਜ਼ ਰਿਕਾਰਡ ਦੀ ਮਨਜ਼ੂਰੀ ਮਿਲ ਸਕੇ। ਲੰਡਨ ਅਧਾਰਿਤ ਗਿੰਨੀਜ਼ ਵਰਲਡ ਰਿਕਾਰਡ ਦੇ ਤਰਜਮਾਨ ਕੇ. ਗੈਲੋਵੇਅ ਨੇ ਕਿਹਾ ਕਿ ਕਿਸੇ ਦੇ ਨਾਮ 'ਤੇ ਵੀ ਸਭ ਤੋਂ ਲੰਮਾ ਸਮਾਂ ਗੋਲਫ਼ ਖੇਡਣ ਦਾ ਰਿਕਾਰਡ ਦਰਜ ਨਹੀਂ ਹੈ।



# ਵਿੰਬਲਡਨ ਟੂਰਨਾਮੈਂਟ 30 ਜੂਨ ਤੋਂ ਹੋਵੇਗਾ ਸ਼ੁਰੂ

## ਵਿੰਬਲਡਨ ਵੱਲੋਂ ਰਿਕਾਰਡ 6.23 ਅਰਬ ਰੁਪਏ ਦੀ ਇਨਾਮੀ ਰਾਸ਼ੀ ਦਾ ਐਲਾਨ

ਲੰਡਨ/ਏ.ਟੀ.ਨਿਊਜ਼: ਵਿੰਬਲਡਨ ਟੂਰਨਾਮੈਂਟ 30 ਜੂਨ ਤੋਂ ਸ਼ੁਰੂ ਹੋਵੇਗਾ ਤੇ ਇਹ 13 ਜੁਲਾਈ ਨੂੰ ਖਤਮ ਹੋਵੇਗਾ। ਵਿੰਬਲਡਨ ਦੇ ਮੇਜ਼ਬਾਨ ਆਲ ਇੰਗਲੈਂਡ ਕਲੱਬ ਦੇ ਅਧਿਕਾਰੀਆਂ ਨੇ ਇਸ ਗਰੈਂਡ ਸਲੈਮ ਟੂਰਨਾਮੈਂਟ ਲਈ ਇਨਾਮੀ ਰਾਸ਼ੀ ਵਧਾ ਕੇ 53.5 ਮਿਲੀਅਨ ਪੌਂਡ (ਲਗਪਗ 6.23 ਅਰਬ ਰੁਪਏ) ਕਰ ਦਿੱਤੀ ਹੈ, ਜਿਸ ਵਿੱਚੋਂ ਸਿੰਗਲਜ਼ ਵਰਗ ਦੇ ਜੇਤੂਆਂ ਨੂੰ ਤਿੰਨ ਮਿਲੀਅਨ ਪੌਂਡ (ਲਗਪਗ 34.93 ਕਰੋੜ ਰੁਪਏ) ਮਿਲਣਗੇ। ਇਹ ਰਕਮ ਪਿਛਲੇ ਵਰ੍ਹੇ ਦੇ ਮੁਕਾਬਲੇ 7 ਫ਼ੀਸਦ ਅਤੇ 3.5 ਮਿਲੀਅਨ ਪੌਂਡ ਵੱਧ ਹੈ। ਇਹ ਰਾਸ਼ੀ 10 ਸਾਲ ਪਹਿਲਾਂ ਇਸ ਗਰੈਂਡ ਸਲੈਮ 'ਚ ਖਿਡਾਰੀਆਂ ਨੂੰ ਮਿਲਣ ਵਾਲੀ ਰਕਮ ਤੋਂ ਦੁੱਗਣੀ ਹੈ। ਇਸ ਸਾਲ ਪੁਰਸ਼ ਤੇ ਮਹਿਲਾ ਸਿੰਗਲਜ਼ ਵਰਗ 'ਚ ਜੇਤੂਆਂ ਨੂੰ ਪਿਛਲੇ ਵਰ੍ਹੇ ਦੇ ਇਨਾਮਾਂ ਦੀ ਮੁਕਾਬਲੇ 11.1 ਫ਼ੀਸਦ ਵੱਧ ਰਾਸ਼ੀ ਮਿਲੇਗੀ।

# ਭਾਰਤੀ ਜਿਮਨਾਸਟ ਪ੍ਰਣਤੀ ਨਾਇਕ ਨੇ ਜਿੱਤਿਆ ਕਾਂਸੇ ਦਾ ਤਗ਼ਮਾ

## ਦੱਖਣੀ ਕੋਰੀਆ ਦੇ ਜੇਚਿਓਨ ਵਿੱਚ 12ਵੀਂ ਸੀਨੀਅਰ ਮਹਿਲਾ ਏਸ਼ੀਅਨ ਆਰਟਿਸਟਿਕ ਜਿਮਨਾਸਟਿਕ ਚੈਂਪੀਅਨਸ਼ਿਪ ਦੇ ਵੌਲਟ ਫਾਈਨਲ ਵਿੱਚ ਕੀਤਾ ਸ਼ਾਨਦਾਰ ਪ੍ਰਦਰਸ਼ਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਜਿਮਨਾਸਟ ਪ੍ਰਣਤੀ ਨਾਇਕ ਨੇ ਦੱਖਣੀ ਕੋਰੀਆ ਦੇ ਜੇਚਿਓਨ ਵਿੱਚ 12ਵੀਂ ਸੀਨੀਅਰ ਮਹਿਲਾ ਏਸ਼ੀਅਨ ਆਰਟਿਸਟਿਕ ਜਿਮਨਾਸਟਿਕ ਚੈਂਪੀਅਨਸ਼ਿਪ ਦੇ ਵੌਲਟ ਫਾਈਨਲ ਵਿੱਚ ਕਾਂਸੇ ਦਾ ਤਗਮਾ ਜਿੱਤਿਆ ਹੈ। ਇਸ ਸਾਲ ਮਾਰਚ ਵਿੱਚ ਤੁਰਕੀ ਵਿੱਚ ਹੋਏ ਐੱਫ.ਆਈ.ਜੀ. ਵਿਸ਼ਵ ਕੱਪ ਵਿੱਚ ਕਾਂਸੇ ਦਾ ਤਗਮਾ ਜਿੱਤਣ ਵਾਲੀ 30 ਸਾਲਾ ਖਿਡਾਰਨ ਨੇ ਪਿਛਲੇ ਦਿਨੀਂ 13.466 ਦੇ ਸਕੋਰ ਨਾਲ ਤੀਜਾ ਸਥਾਨ ਹਾਸਲ ਕੀਤਾ। ਚੀਨ ਦੀ ਯਿਹਾਨ ਜ਼ਾਂਗ ਨੇ 13.650 ਦੇ ਸਕੋਰ ਨਾਲ ਸੋਨ ਤਗਮਾ, ਜਦਕਿ ਵੀਅਤਨਾਮ ਦੀ ਥੀ ਕੁਇਨ ਨਹੂ ਐਂਨ ਨੇ 13.583 ਦੇ ਸਕੋਰ ਨਾਲ ਚਾਂਦੀ ਦਾ ਤਗਮਾ ਜਿੱਤਿਆ। ਨੌਜਵਾਨ ਭਾਰਤੀ ਜਿਮਨਾਸਟ ਪ੍ਰੋਟਿਸਟਾ ਸਾਮੰਤਾ ਨੇ ਵੀ ਇਸ ਮੁਕਾਬਲੇ ਵਿੱਚ ਪ੍ਰਭਾਵਿਤ ਕੀਤਾ। ਉਹ 13.016 ਦੇ ਸਕੋਰ ਨਾਲ ਚੌਥੇ ਸਥਾਨ 'ਤੇ ਰਹੀ। ਪ੍ਰਣਤੀ ਨੇ ਇਸ ਤੋਂ ਪਹਿਲਾਂ 2019 ਵਿੱਚ ਕਾਂਸੇ ਦਾ ਤਗਮਾ ਜਿੱਤਿਆ ਸੀ ਅਤੇ ਮਗਰੋਂ 2022 ਵਿੱਚ ਦੋਹਾ 'ਚ ਤੀਜੇ ਸਥਾਨ 'ਤੇ ਰਹੀ ਸੀ। ਇਸ ਤਰ੍ਹਾਂ ਪ੍ਰਣਤੀ ਨੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਕੁੱਲ ਤਿੰਨ ਤਗਮੇ ਜਿੱਤ ਕੇ ਦੀਪਾ ਕਰਮਾਕਰ ਨੂੰ ਪਛਾੜ ਦਿੱਤਾ ਹੈ, ਜਿਸ ਦੇ ਨਾਮ ਦੋ ਤਗਮੇ ਹਨ। ਦੀਪਾ ਨੇ ਹੀਰੋਸ਼ੀਮਾ ਵਿੱਚ ਵੌਲਟ 'ਚ ਕਾਂਸੇ ਦਾ ਤਗਮਾ ਜਿੱਤਣ ਤੋਂ ਇੱਕ ਸਾਲ ਬਾਅਦ 2015 ਵਿੱਚ ਤਾਸ਼ਕੰਦ 'ਚ ਸੋਨ ਤਗਮਾ ਜਿੱਤਿਆ ਸੀ।



# ਆਈ.ਐਸ.ਐਸ.ਐਫ਼. ਵਿਸ਼ਵ ਕੱਪ 'ਚ ਆਰੀਆ ਤੇ ਅਰਜੁਨ ਦੀ ਜੋੜੀ ਨੇ ਜਿੱਤਿਆ ਸੋਨ ਤਗ਼ਮਾ

## 10 ਮੀਟਰ ਏਅਰ ਰਾਈਫ਼ਲ ਮਿਕਸਡ ਟੀਮ ਮੁਕਾਬਲੇ ਵਿੱਚ ਚੀਨੀ ਜੋੜੀ ਨੂੰ ਹਰਾਇਆ

ਮਿਊਨਿਖ/ਏ.ਟੀ.ਨਿਊਜ਼: ਆਰੀਆ ਬੋਰਸੇ ਅਤੇ ਅਰਜੁਨ ਬਬੂਟਾ ਦੀ ਭਾਰਤੀ ਜੋੜੀ ਨੇ ਪਿਛਲੇ ਦਿਨੀਂ ਇੱਥੇ ਆਈ.ਐੱਸ.ਐੱਸ.ਐੱਫ਼. ਵਿਸ਼ਵ ਕੱਪ ਦੇ 10 ਮੀਟਰ ਏਅਰ ਰਾਈਫ਼ਲ ਮਿਕਸਡ ਟੀਮ ਮੁਕਾਬਲੇ ਵਿੱਚ ਚੀਨ ਦੀ ਜ਼ੀਫ਼ੇਈ ਵਾਂਗ ਅਤੇ ਲੀਹਾਓ ਸ਼ੇਂਗ ਦੀ ਜੋੜੀ ਨੂੰ 17-7 ਨਾਲ ਹਰਾ ਕੇ ਸੋਨ ਤਗਮਾ ਜਿੱਤ ਲਿਆ ਹੈ। ਆਰੀਆ ਅਤੇ ਬਬੂਟਾ ਨੇ ਅਹਿਮ ਪਲਾਂ ਵਿੱਚ ਸਬਰ ਅਤੇ ਇਕਾਗਰਤਾ ਦਿਖਾਈ ਅਤੇ ਖਿਤਾਬੀ ਮੈਚ ਵਿੱਚ ਚੀਨੀ ਖਿਡਾਰੀਆਂ ਨੂੰ ਕੋਈ ਮੌਕਾ ਨਹੀਂ ਦਿੱਤਾ। ਭਾਰਤੀ ਜੋੜੀ ਨੇ ਕੁਆਲੀਫ਼ਿਕੇਸ਼ਨ ਗੇੜ ਵਿੱਚ 635.2 ਦੇ ਸਕੋਰ ਨਾਲ ਸੋਨ ਤਗਮੇ ਦੇ ਗੇੜ 'ਚ ਜਗ੍ਹਾ ਬਣਾਈ ਸੀ। ਵਾਂਗ ਅਤੇ ਸ਼ੇਂਗ 635.9 ਦੇ ਸਕੋਰ ਨਾਲ ਆਖਰੀ ਗੇੜ 'ਚ ਪਹੁੰਚੇ ਸਨ। ਚੀਨੀ ਜੋੜੀ ਦਾ ਇਹ ਸਕੋਰ ਕੁਆਲੀਫ਼ਿਕੇਸ਼ਨ ਵਿਸ਼ਵ ਰਿਕਾਰਡ ਵੀ ਹੈ। ਵਿਅਕਤੀਗਤ ਤੌਰ 'ਤੇ ਆਰੀਆ ਨੇ ਕੁਆਲੀਫ਼ਿਕੇਸ਼ਨ ਵਿੱਚ 317.5 ਅੰਕ, ਜਦਕਿ ਬਬੂਟਾ ਨੇ 317.7 ਅੰਕ ਲਏ। ਆਰੀਆ ਨੇ ਇਸ ਸਾਲ ਦੇ ਸ਼ੁਰੂ ਵਿੱਚ ਪੇਰੂ ਦੇ ਲੀਮਾ ਵਿੱਚ ਹੋਏ ਵਿਸ਼ਵ ਕੱਪ ਵਿੱਚ ਰੁਦਰੰਕਸ਼ ਪਾਟਿਲ ਨਾਲ 10 ਮੀਟਰ ਏਅਰ ਰਾਈਫ਼ਲ ਮਿਕਸਡ ਟੀਮ ਈਵੈਂਟ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ। ਇਸ ਮੁਕਾਬਲੇ ਵਿੱਚ ਇੱਕ ਹੋਰ ਭਾਰਤੀ ਜੋੜੀ ਇਲਾਵੇਨਿਲ ਵਲਾਰਿਵਨ ਅਤੇ ਅੰਕੁਸ਼ ਜਾਧਵ ਵੀ ਕੁਆਲੀਫ਼ਿਕੇਸ਼ਨ ਵਿੱਚ 631.8 ਅੰਕਾਂ ਨਾਲ ਛੇਵੇਂ ਸਥਾਨ 'ਤੇ ਰਹੀ।



# ਦਿਲਜੀਤ ਦੋਸਾਂਝ ਦੀ ਮਹਾਰਾਜਾ ਸਟਾਈਲ ਨੇ ਬਦਲੀ ਪੰਜਾਬੀ ਫ਼ੈਸ਼ਨ ਦੀ ਦੁਨੀਆ, ਗਲੋਬਲ ਫ਼ੈਸ਼ਨ ’ਤੇ ਛੱਡੀ ਛਾਪ


## ਪੰਜਾਬੀ ਕਲਾਕਾਰਾਂ ਨੇ ਪੰਜਾਬੀ ਨੌਜਵਾਨਾਂ ਦੇ ਫ਼ੈਸ਼ਨ ਸਟਾਈਲ ਨੂੰ ਨਵੀਂ ਦਿਸ਼ਾ ਦਿੱਤੀ



ਪੰਜਾਬੀ ਸੰਗੀਤ ਅਤੇ ਫ਼ੈਸ਼ਨ ਦੀ ਦੁਨੀਆਂ ਵਿੱਚ ਦਿਲਜੀਤ ਦੋਸਾਂਝ ਨੇ ਆਪਣੀ ਵਿਲੱਖਣ ਸਟਾਈਲ ਨਾਲ ਨਵਾਂ ਇਤਿਹਾਸ ਰਚਿਆ ਹੈ। ਪਿਛਲੇ ਮਹੀਨੇ ਮੇਟ ਗਾਲਾ ਵਿੱਚ ਉਨ੍ਹਾਂ ਦੇ ਡੈਬਿਊ ਨੇ ਸਾਰੀ ਦੁਨੀਆਂ ਦਾ ਧਿਆਨ ਖਿੱਚਿਆ। 41 ਸਾਲਾ ਦਿਲਜੀਤ, ਜੋ ਕੋਚੇਲਾ ਵਿੱਚ ਪਰਫ਼ਾਰਮ ਕਰਨ ਵਾਲੇ ਪਹਿਲੇ ਪੰਜਾਬੀ ਗਾਇਕ ਸਨ, ਨੇ ਮੇਟ ਗਾਲਾ ਦੇ ਰੈੱਡ ਕਾਰਪੇਟ ’ਤੇ ਮਹਾਰਾਜੇ ਵਾਂਗ ਸਜ-ਸੰਵਰ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਦੀ ਸੋਨੇ ਦੇ ਕੰਮ ਵਾਲੀ ਪੋਸ਼ਾਕ, ਜਿਸ ਨੂੰ ਮਸ਼ਹੂਰ ਡਿਜ਼ਾਈਨਰ ਪ੍ਰਬਲ ਗੁਰੂੰਗ ਨੇ ਤਿਆਰ ਕੀਤਾ ਸੀ, ਨੇ ਪੰਜਾਬੀ ਸੱਭਿਆਚਾਰ ਦੀ ਸ਼ਾਨ ਨੂੰ ਗਲੋਬਲ ਮੰਚ ’ਤੇ ਪੇਸ਼ ਕੀਤਾ। ਇਸ ਪੋਸ਼ਾਕ ਦੇ ਨਾਲ ਦਿਲਜੀਤ ਨੇ ਖੰਭਾਂ ਵਾਲੀ ਕਲਗੀ ਅਤੇ ਜਵਾਹਰਾਤਾਂ ਨਾਲ ਸਜੀ ਪੱਗ ਪਹਿਨੀ, ਜੋ ਭਾਰਤ ਵਿੱਚ ਹਫ਼ਤਿਆਂ ਤੱਕ ਸੋਸ਼ਲ ਮੀਡੀਆ ’ਤੇ ਟ੍ਰੈਂਡ ਕਰਦੀ ਰਹੀ। ਉਨ੍ਹਾਂ ਦੇ ਹੀਰੇ ਦੇ ਹਾਰ, ਜੋ ਪੰਜਾਬ ਦੇ ਸਾਬਕਾ ਰਾਜੇ ਦੇ ਕਾਰਟੀਅਰ ਗਹਿਣਿਆਂ ਤੋਂ ਪ੍ਰੇਰਿਤ ਸੀ, ਨੇ ਸਟਾਈਲ ਨੂੰ ਹੋਰ ਵੀ ਨਿਖਾਰਿਆ। ਪੈਂਥਰ ਡੀ ਕਾਰਟੀਅਰ ਘੜੀ, ਸ਼ੇਰ ਦੇ ਸਿਰ ਵਾਲੀ ਡਿਜ਼ਾਈਨ ਅਤੇ ਗਹਿਣਿਆਂ ਨਾਲ ਜੜੀ ਤਲਵਾਰ ਨੇ ਉਨ੍ਹਾਂ ਦੇ ਪਹਿਰਾਵੇ ਨੂੰ ਪੂਰੀ ਤਰ੍ਹਾਂ ਨਾਲ ਮਹਾਰਾਜਿਆਂ ਵਰਗਾ ਬਣਾਇਆ। ਸਭ ਤੋਂ ਵਿਸ਼ੇਸ਼ ਸੀ ਉਨ੍ਹਾਂ ਦੇ ਕੁੜਤੇ ਦੀ ਸ਼ਾਲ ਨੁਮਾ ਦੁਸ਼ਾਲੇ ਉੱਪਰ ਕਢਾਈ ਕੀਤੀ, ਪੰਜਾਬ ਦਾ ਨਕਸ਼ਾ ਅਤੇ ਗੁਰਮੁਖੀ ਲਿਪੀ ਦੇ ਅੱਖਰ, ਜਿਨ੍ਹਾਂ ਨੇ ਪੰਜਾਬੀ ਪਛਾਣ ਨੂੰ ਦੁਨੀਆਂ ਸਾਹਮਣੇ ਪੇਸ਼ ਕੀਤਾ। ਦਿਲਜੀਤ ਦੀ ਇਹ ਸਟਾਈਲ ਸਿਰਫ਼ ਫ਼ੈਸ਼ਨ ਨਹੀਂ ਸੀ, ਸਗੋਂ ਇੱਕ ਸੱਭਿਆਚਾਰਕ ਛਾਪ ਸੀ, ਜਿਸ ਨੇ ਪੰਜਾਬੀ ਸਟਾਈਲ ਨੂੰ ਵਿਸ਼ਵ ਪੱਧਰ ’ਤੇ ਨਵੀਂ ਪਛਾਣ ਦਿੱਤੀ। ਉਨ੍ਹਾਂ ਦੀ ਇਸ ਪੇਸ਼ਕਾਰੀ ਨੇ ਸਾਬਤ ਕਰ ਦਿੱਤਾ ਕਿ ਪੰਜਾਬੀ ਸੱਭਿਆਚਾਰ ਦੀ ਰਵਾਇਤੀ ਸ਼ਾਨ ਨੂੰ ਆਧੁਨਿਕ ਫ਼ੈਸ਼ਨ ਨਾਲ ਮਿਲਾਇਆ ਜਾ ਸਕਦਾ ਹੈ।

### ਭੰਗੜੇ ਤੇ ਪਹਿਰਾਵੇ ਦਾ ਸਰੂਪ ਬਦਲਿਆ ਤੇ ਗਲੋਬਲ ਹੋਇਆ







**ਪੰਜਾਬੀ ਗਾਇਕਾਂ ਦਾ ਫ਼ੈਸ਼ਨ ਬਣਿਆ ਨੌਜਵਾਨਾਂ ਦੀ ਪਸੰਦ**

ਦਿਲਜੀਤ ਦੋਸਾਂਝ ਇਕੱਲੇ ਨਹੀਂ ਹਨ ਜਿਨ੍ਹਾਂ ਨੇ ਪੰਜਾਬੀ ਫ਼ੈਸ਼ਨ ਨੂੰ ਨਵਾਂ ਰੂਪ ਦਿੱਤਾ। ਪੰਜਾਬੀ ਸੰਗੀਤਕਾਰਾਂ ਨੇ ਆਪਣੇ ਵਿਲੱਖਣ ਸਟਾਈਲ ਨਾਲ ਨੌਜਵਾਨਾਂ ਦੇ ਪਹਿਰਾਵੇ ਨੂੰ ਵੀ ਬਦਲ ਦਿੱਤਾ ਹੈ। ਜੈਜ਼ੀ ਬੀ, ਯੋ ਯੋ ਹਨੀ ਸਿੰਘ, ਬਾਦਸ਼ਾਹ ਅਤੇ ਏ.ਪੀ. ਢਿੱਲੋਂ ਵਰਗੇ ਕਲਾਕਾਰਾਂ ਨੇ ਪੰਜਾਬੀ ਨੌਜਵਾਨਾਂ ਦੇ ਫ਼ੈਸ਼ਨ ਸਟਾਈਲ ਨੂੰ ਨਵੀਂ ਦਿਸ਼ਾ ਦਿੱਤੀ ਹੈ। ਜੈਜ਼ੀ ਬੀ ਦੀਆਂ ਸੋਨੇ ਦੀਆਂ ਅੰਗੂਠੀਆਂ, ਵੱਡੇ ਲਾਕੇਟ ਅਤੇ ਸੁਨਹਿਰੀ ਵਾਲਾਂ ਦੇ ਰੰਗ ਨੇ ਨੌਜਵਾਨਾਂ ’ਚ ਖ਼ੂਬ ਕ੍ਰੇਜ਼ ਪੈਦਾ ਕੀਤਾ। ਇਸੇ ਤਰ੍ਹਾਂ ਬਾਦਸ਼ਾਹ ਦੀਆਂ ਪੀਲੀਆਂ ਐਨਕਾਂ, ਹਨੀ ਸਿੰਘ ਦੀਆਂ ਬੈਗੀ ਹੂਡੀਜ਼ ਅਤੇ ਏਪੀ ਢਿੱਲੋਂ ਦੇ ਲਗਜ਼ਰੀ ਬ੍ਰਾਂਡਸ ਵਾਲੇ ਜੈਕਟ ਤੇ ਘੜੀਆਂ ਨੌਜਵਾਨਾਂ ਵਿੱਚ ਬਹੁਤ ਪ੍ਰਸਿੱਧ ਹੋਏ। ਇਹ ਸਟਾਈਲ ਸਿਰਫ਼ ਪੰਜਾਬ ਤੱਕ ਸੀਮਤ ਨਹੀਂ ਰਿਹਾ ਸਗੋਂ ਪੰਜਾਬੀ ਡਾਇਸਪੋਰਾ (ਪਰਵਾਸੀ ਸਿੱਖ ਭਾਈਚਾਰੇ) ਨੇ ਇਸ ਨੂੰ ਵਿਸ਼ਵ ਪੱਧਰ ’ਤੇ ਪਹੁੰਚਾਇਆ। ਮਿਸਾਲ ਵਜੋਂ, ਦਿਲਜੀਤ ਦੇ ਵਿਸ਼ਵ ਦੌਰੇ ’ਤੇ ਪਹਿਨੀਆਂ ਟੀ-ਸ਼ਰਟਾਂ, ਮੋਤੀ ਅਤੇ ਸਨੀਕਰਜ਼ ਕੁਝ ਘੰਟਿਆਂ ਵਿੱਚ ਵਿਕ ਗਏ। ਏ.ਪੀ. ਢਿੱਲੋਂ ਦੇ ਪੈਰਿਸ ਕਾਊਚਰ ਵੀਕ ਵਿੱਚ ਪੇਸ਼ ਕੀਤੇ ਸਟਾਈਲ ਨੂੰ ਵੀ ਪੰਜਾਬੀ ਨੌਜਵਾਨਾਂ ਨੇ ਖ਼ੂਬ ਪਸੰਦ ਕੀਤਾ। ਇਹ ਸਭ ਦਰਸਾਉਂਦਾ ਹੈ ਕਿ ਪੰਜਾਬੀ ਸੰਗੀਤਕਾਰ ਸਿਰਫ਼ ਗੀਤਾਂ ਨਾਲ ਹੀ ਨਹੀਂ, ਸਗੋਂ ਆਪਣੇ ਪਹਿਰਾਵੇ ਨਾਲ ਵੀ ਨੌਜਵਾਨਾਂ ’ਤੇ ਡੂੰਘਾ ਪ੍ਰਭਾਵ ਪਾ ਰਹੇ ਹਨ।

**ਪੰਜਾਬੀ ਸੰਗੀਤ ਅਤੇ ਫ਼ੈਸ਼ਨ ਦਾ ਭਵਿੱਖ - ਗਲੋਬਲ ਪ੍ਰਭਾਵ**

ਪੰਜਾਬੀ ਸੰਗੀਤ ਅਤੇ ਫ਼ੈਸ਼ਨ ਹੁਣ ਇੱਕ ਵਿਸ਼ਵਵਿਆਪੀ ਸੱਭਿਆਚਾਰਕ ਲਹਿਰ ਬਣ ਗਿਆ ਹੈ। ਪੰਜਾਬੀ ਸੰਗੀਤ ਦੀ ਊਰਜਾ ਅਤੇ ਫ਼ੈਸ਼ਨ ਦੀ ਵਿਲੱਖਣਤਾ ਨੇ ਨੌਜਵਾਨਾਂ ਨੂੰ ਨਾ ਸਿਰਫ਼ ਭਾਰਤ ਵਿੱਚ, ਸਗੋਂ ਵਿਦੇਸ਼ਾਂ ਵਿੱਚ ਵੀ ਪ੍ਰਭਾਵਿਤ ਕੀਤਾ ਹੈ। ਕੈਨੇਡਾ, ਅਮਰੀਕਾ, ਯੂ.ਕੇ. ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਪੰਜਾਬੀ ਸੰਗੀਤ ਦੀ ਧੂਮ ਹੈ, ਅਤੇ ਇਸ ਦੇ ਨਾਲ ਹੀ ਪੰਜਾਬੀ ਫ਼ੈਸ਼ਨ ਵੀ ਟ੍ਰੈਂਡ ਵਿੱਚ ਹੈ। ਪੰਜਾਬੀ ਗਾਇਕਾਂ ਦੀ ਸਟਾਈਲ ਨੇ ਭੰਗੜੇ ਦੇ ਪਹਿਰਾਵੇ ਨੂੰ ਵੀ ਬਦਲ ਦਿੱਤਾ ਹੈ। ਪਹਿਲਾਂ ਜਿੱਥੇ ਭੰਗੜਾ ਰਵਾਇਤੀ ਕੁੜਤੇ-ਚਾਦਰੇ ਅਤੇ ਜੁੱਤੀਆਂ ਵਿੱਚ ਹੁੰਦਾ ਸੀ, ਹੁਣ ਸਨੀਕਰਜ਼, ਟਾਈਪੋਗ੍ਰਾਫ਼ਿਕ ਟੀ-ਸ਼ਰਟਾਂ, ਅਤੇ ਡੈਨਿਮ ਨੇ ਇਸ ਨੂੰ ਆਧੁਨਿਕ ਰੂਪ ਦਿੱਤਾ ਹੈ। ਗਲੋਬਲ ਪੱਧਰ ’ਤੇ ਪੰਜਾਬੀ ਸੰਗੀਤ ਦੀ ਮੰਗ ਵਧ ਰਹੀ ਹੈ ਅਤੇ ਇਸ ਦੇ ਨਾਲ ਹੀ ਫ਼ੈਸ਼ਨ ਵੀ ਨਵੇਂ ਮੁਕਾਮ ’ਤੇ ਪਹੁੰਚ ਰਿਹਾ ਹੈ। ਰੱਬੀ ਸ਼ੇਰਗਿੱਲ ਵਰਗੇ ਗਾਇਕ ਮੰਨਦੇ ਹਨ ਕਿ ਇਹ ਸਭ ਪੰਜਾਬੀ ਪਛਾਣ ਦੇ ਪਰਿਵਰਤਨ ਦਾ ਪ੍ਰਤੀਕ ਹੈ, ਜੋ ਕਿਸਾਨੀ ਸੱਭਿਆਚਾਰ ਤੋਂ ਗਲੋਬਲ ਖਪਤਕਾਰ ਸੱਭਿਆਚਾਰ ਵੱਲ ਵਧ ਰਿਹਾ ਹੈ। ਦਿਲਜੀਤ ਵਰਗੇ ਕਲਾਕਾਰ, ਜੋ ਰਵਾਇਤੀ ਅਤੇ ਆਧੁਨਿਕ ਸਟਾਈਲ ਨੂੰ ਮਿਲਾਉਣ ਵਿੱਚ ਮਾਹਿਰ ਹਨ, ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਸੱਭਿਆਚਾਰ ਦੀ ਸ਼ਾਨ ਨੂੰ ਵਿਸ਼ਵ ਪੱਧਰ ’ਤੇ ਪਹੁੰਚਾਇਆ ਜਾ ਸਕਦਾ ਹੈ।

**ਕੀ ਲੋਕ ਸੰਗੀਤ ਨੂੰ ਖਤਰਾ ਹੈ ?**

ਪੌਪ ਸੰਗੀਤ ਦੀ ਪ੍ਰਸਿੱਧੀ ਨੇ ਲੋਕ ਸੰਗੀਤ ਦੀ ਮੰਗ ਨੂੰ ਪ੍ਰਭਾਵਿਤ ਕੀਤਾ ਹੈ, ਪਰ ਇਸ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ। ਸਤਿੰਦਰ ਸਰਤਾਜ ਵਰਗੇ ਸੂਫ਼ੀ ਗਾਇਕਾਂ ਦਾ ਇੱਕ ਵੱਖਰਾ ਸਰੋਤਾ ਵਰਗ ਹੈ, ਜੋ ਰਵਾਇਤੀ ਅਤੇ ਆਤਮਿਕ ਸੰਗੀਤ ਨੂੰ ਪਸੰਦ ਕਰਦਾ ਹੈ। ਲੋਕ ਸੰਗੀਤ ਪੰਜਾਬੀ ਸੱਭਿਆਚਾਰ ਦੀ ਪਛਾਣ ਦਾ ਅਹਿਮ ਹਿੱਸਾ ਹੈ। ਇਸ ਦੀਆਂ ਜੜ੍ਹਾਂ ਇੰਨੀਆਂ ਮਜ਼ਬੂਤ ਹਨ ਕਿ ਇਹ ਪੂਰੀ ਤਰ੍ਹਾਂ ਮਿਟ ਨਹੀਂ ਸਕਦਾ। ਗੁਰਦਾਸ ਮਾਨ ਵਰਗੇ ਕਲਾਕਾਰ ਅੱਜ ਵੀ ਵੱਡੇ ਸਮਾਰੋਹਾਂ ਵਿੱਚ ਭੀੜ ਖਿੱਚਦੇ ਹਨ। ਨਾਲ ਹੀ, ਕਈ ਨੌਜਵਾਨ ਕਲਾਕਾਰ ਲੋਕ ਸੰਗੀਤ ਨੂੰ ਆਧੁਨਿਕ ਰੂਪ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਵੇਂ ਕਿ ਫ਼ਿਊਜ਼ਨ ਭੰਗੜਾ ਅਤੇ ਲੋਕ-ਪੌਪ ਸੰਗੀਤ। ਦਿਲਜੀਤ ਵਰਗੇ ਕਲਾਕਾਰਾਂ ਨੇ ਲੋਕ ਸੰਗੀਤ ਦੇ ਤੱਤਾਂ ਨੂੰ ਆਪਣੇ ਪੌਪ ਗੀਤਾਂ ਵਿੱਚ ਸ਼ਾਮਲ ਕਰਕੇ ਇਸ ਨੂੰ ਗਲੋਬਲ ਪੱਧਰ ’ਤੇ ਪਹੁੰਚਾਇਆ ਹੈ। ਉਦਾਹਰਨ ਵਜੋਂ, ਦਿਲਜੀਤ ਦੇ ਗੀਤ ‘ਗੋਆਟ’ ਅਤੇ ‘ਪਟਿਆਲਾ ਪੈਗ’ ਵਿੱਚ ਲੋਕ ਸੰਗੀਤ ਦੀਆਂ ਝਲਕੀਆਂ ਮਿਲਦੀਆਂ ਹਨ, ਜੋ ਨੌਜਵਾਨਾਂ ਨੂੰ ਰਵਾਇਤ ਨਾਲ ਜੋੜਦੀਆਂ ਹਨ। ਲੋਕ ਸੰਗੀਤ ਨੂੰ ਢਾਹ ਲੱਗਣ ਦੀ ਬਜਾਏ, ਇਹ ਆਧੁਨਿਕ ਰੂਪਾਂ ਵਿੱਚ ਵਿਕਸਿਤ ਹੋ ਰਿਹਾ ਹੈ।

**ਫ਼ਿਊਜ਼ਨ ਸੰਗੀਤ:** ਲੋਕ ਸੰਗੀਤ ਨੂੰ ਪੌਪ, ਹਿੱਪ-ਹੌਪ, ਅਤੇ ਇਲੈਕਟ੍ਰੌਨਿਕ ਸੰਗੀਤ ਨਾਲ ਜੋੜਿਆ ਜਾ ਰਿਹਾ ਹੈ, ਜਿਸ ਨਾਲ ਇਹ ਨੌਜਵਾਨਾਂ ਲਈ ਆਕਰਸ਼ਕ ਬਣ ਰਿਹਾ ਹੈ। ਪੰਜਾਬੀ ਡਾਇਸਪੋਰਾ ਅਤੇ ਸੋਸ਼ਲ ਮੀਡੀਆ ਦੀ ਵਧਦੀ ਪਹੁੰਚ ਨੇ ਲੋਕ ਸੰਗੀਤ ਨੂੰ ਨਵੇਂ ਸਰੋਤਿਆਂ ਤੱਕ ਪਹੁੰਚਾਇਆ ਹੈ।

**ਪੰਜਾਬੀ ਸੰਗੀਤ ਅਤੇ ਫ਼ੈਸ਼ਨ ਦਾ ਭਵਿੱਖ**

ਪੰਜਾਬੀ ਸੰਗੀਤ ਅਤੇ ਫ਼ੈਸ਼ਨ ਦਾ ਭਵਿੱਖ ਉਜਵਲ ਹੈ ਅਤੇ ਲੋਕ ਸੰਗੀਤ ਇਸ ਦਾ ਹਿੱਸਾ ਬਣੇ ਰਹੇਗਾ।

**ਹਾਈਬ੍ਰਿਡ ਸਟਾਈਲ:** ਲੋਕ ਸੰਗੀਤ ਦੇ ਤੱਤ ਆਧੁਨਿਕ ਸੰਗੀਤ ਵਿੱਚ ਮਿਲਾਏ ਜਾ ਰਹੇ ਹਨ, ਜਿਵੇਂ ਕਿ ਭੰਗੜਾ-ਪੌਪ ਅਤੇ ਲੋਕ-ਰੈਪ।

**ਗਲੋਬਲ ਪਲੇਟਫ਼ਾਰਮ:** ਸਪੌਟੀਫ਼ਾਈ, ਯੂਟਿਊਬ ਅਤੇ ਟਿਕਟੌਕ ਵਰਗੇ ਪਲੇਟਫ਼ਾਰਮਾਂ ਨੇ ਪੰਜਾਬੀ ਸੰਗੀਤ ਨੂੰ ਵਿਸ਼ਵਵਿਆਪੀ ਪਹੁੰਚ ਦਿੱਤੀ ਹੈ। ਪੰਜਾਬੀ ਫ਼ੈਸ਼ਨ ਅਤੇ ਸੰਗੀਤ ਨੇ ਪੰਜਾਬੀਆਂ ਨੂੰ ਆਪਣੀ ਪਛਾਣ ’ਤੇ ਮਾਣ ਮਹਿਸੂਸ ਕਰਵਾਇਆ ਹੈ, ਜੋ ਲੋਕ ਸੰਗੀਤ ਨੂੰ ਜਿਉਂਦਾ ਰੱਖੇਗਾ।

ਪੰਜਾਬੀ ਲੋਕ ਸੰਗੀਤ ਨੂੰ ਪੌਪ ਸੰਗੀਤ ਦੀ ਵਧਦੀ ਪ੍ਰਸਿੱਧੀ ਕਾਰਨ ਚੁਣੌਤੀਆਂ ਜ਼ਰੂਰ ਹਨ, ਪਰ ਇਸ ਦੀਆਂ ਮਜ਼ਬੂਤ ਜੜ੍ਹਾਂ ਅਤੇ ਨਵੇ ਰੂਪ ਇਸ ਨੂੰ ਜਿਉਂਦਾ ਰੱਖਣਗੇ। ਸਤਿੰਦਰ ਸਰਤਾਜ ਵਰਗੇ ਗਾਇਕਾਂ ਦੀ ਪ੍ਰਸਿੱਧੀ ਸੀਮਤ ਹੋ ਸਕਦੀ ਹੈ, ਪਰ ਉਨ੍ਹਾਂ ਦਾ ਸੰਗੀਤ ਸੱਭਿਆਚਾਰਕ ਮੁੱਲ ਰੱਖਦਾ ਹੈ। ਦਿਲਜੀਤ ਵਰਗੇ ਕਲਾਕਾਰ ਲੋਕ ਸੰਗੀਤ ਦੇ ਤੱਤਾਂ ਨੂੰ ਆਧੁਨਿਕ ਸੰਗੀਤ ਵਿੱਚ ਮਿਲਾ ਕੇ ਇਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾ ਰਹੇ ਹਨ। ਇਸ ਲਈ, ਲੋਕ ਸੰਗੀਤ ਨੂੰ ਢਾਹ ਲੱਗਣ ਦੀ ਬਜਾਏ, ਇਹ ਵਿਕਸਿਤ ਹੋ ਕੇ ਗਲੋਬਲ ਪੱਧਰ ’ਤੇ ਪੰਜਾਬੀ ਸੱਭਿਆਚਾਰ ਦੀ ਨੁਮਾਇੰਦਗੀ ਕਰਦਾ ਰਹੇਗਾ।



# ਕਪਿਲ ਸ਼ਰਮਾ ਦੇ ਸ਼ੋਅ ’ਚ ਨਵਜੋਤ ਸਿੰਘ ਸਿੱਧੂ ਦੀ ਵਾਪਸੀ

ਚੰਡੀਗੜ੍ਹ/ਏ.ਟੀ.ਨਿਊਜ਼: ਨਵਜੋਤ ਸਿੰਘ ਸਿੱਧੂ ‘ਦ ਗ੍ਰੇਟ ਇੰਡੀਅਨ ਕਪਿਲ ਸ਼ੋਅ’ ਦੇ ਤੀਜੇ ਸੀਜ਼ਨ ਵਿੱਚ ਐਂਟਰੀ ਕਰਨ ਜਾ ਰਹੇ ਹਨ। ਇਸ ਨਾਲ ਹਾਸਿਆਂ ਦੀ ਰਾਣੀ ਕਹੀ ਜਾਂਦੀ ਅਰਚਨਾ ਪੂਰਨ ਸਿੰਘ ਨੂੰ ਆਪਣੀ ਕੁਰਸੀ ਦੀ ਚਿੰਤਾ ਹੋਣ ਲੱਗੀ ਹੈ। ਹਾਲ ਹੀ ਵਿੱਚ ਨੈੱਟਫਲਿਕਸ ਵੱਲੋਂ ਜਾਰੀ ਕੀਤੇ ਗਏ ਪ੍ਰੀਮੀਅਰ ਵਿੱਚ “ਸਿੱਧੂ ਵਾਪਿਸ ਆ ਗਏ ਓਏ” ਦੀ ਤਸਵੀਰ ਸਾਂਝੀ ਕੀਤੀ ਗਈ ਹੈ। ਸਟ੍ਰੀਮਿੰਗ ਪਲੇਟਫਾਰਮ ਨੇ ਆਪਣੇ ਇੰਸਟਾਗ੍ਰਾਮ ਹੈਂਡਲ ’ਤੇ ਇੱਕ ਵੀਡੀਓ ਦੇ ਨਾਲ ਇਹ ਐਲਾਨ ਸਾਂਝਾ ਕੀਤਾ।

ਇਸ ਪ੍ਰੀਮੀਅਰ ਵਿੱਚ ਕਾਮੇਡੀਅਨ ਕਪਿਲ ਸ਼ਰਮਾ ਅਰਚਨਾ ਪੂਰਨ ਸਿੰਘ ਨੂੰ ਇੱਕ ਸਰਪਰਾਇਜ਼ ਦਿੰਦਾ ਦਿਖਾਈ ਦੇ ਰਿਹਾ ਹੈ। ਹਾਲਾਂਕਿ ਉਹ ਸਰਪਰਾਈਜ਼ ਕੁੱਝ ਹੋਰ ਨਹੀਂ ਨਵਜੋਤ ਸਿੰਘ ਸਿੱਧੂ ਦੀ ਵਾਪਸੀ ਹੈ। ਵੀਡੀਓ




ਵਿੱਚ ਉਹ ਅਰਚਨਾ ਪੂਰਨ ਸਿੰਘ ਨੂੰ ਮੂੰਹ ’ਤੇ ਪੱਟੀ ਬੰਨਣ ਲਈ ਵੀ ਕਹਿੰਦਾ ਹੈ, “ਕਿਉਂਕਿ ਸਿੱਧੂ ਭਾਜੀ ਨੇ ਹੁਣ ਤੁਹਾਨੂੰ ਬੋਲਣ ਨਹੀਂ ਦੇਣਾ।”

ਤੁਹਾਨੂੰ ਦੱਸ ਦਈਏ ਕਿ ਨਵਜੋਤ ਸਿੱਧੂ ਦੇ ਆਉਣ ਨਾਲ ਸ਼ੋਅ ਦੀ ਜੱਜ ਅਰਚਨਾ ਪੂਰਨ ਵੀ ਕਿਧਰੇ ਨਹੀਂ ਜਾ ਰਹੀ। ‘ਦ ਗ੍ਰੇਟ ਇੰਡੀਅਨ ਕਪਿਲ ਸ਼ੋਅ’ ਵਿੱਚ ਇਸ ਵਾਰ ਤਿੰਨ ਦਾ ਤੜਕਾ ਲੱਗਣ ਜਾ ਰਿਹਾ ਹੈ। ਉਧਰ ਕਪਿਲ ਸ਼ਰਮਾ ਨੇ ‘ਦ ਗ੍ਰੇਟ ਇੰਡੀਅਨ ਕਪਿਲ ਸ਼ੋਅ’ ਵਿੱਚ ਸਿੱਧੂ ਦੀ ਵਾਪਸੀ ’ਤੇ ਬਾਰੇ ਗੱਲ ਕਰਦੇ ਹੋਏ ਕਿਹਾ, “ਮੈਂ ਵਾਅਦਾ ਕੀਤਾ ਸੀ ਕਿ ਸਾਡਾ ਪਰਿਵਾਰ ਵਧੇਗਾ ਅਤੇ ਸੀਜ਼ਨ ਦੇ ਚੁਟਕਲੇ ਅਤੇ ਹਾਸੇ ਦੋਨੋ ਹੋ ਗਏ ਹਨ ਟ੍ਰਿਪਲ !!!” ਨੈੱਟਫਲਿਕਸ ਦੇ ਇਸ ਸ਼ੋਅ ’ਤੇ ਸਿੱਧੂ ਜੱਜ ਵਜੋਂ ਪਹਿਲੀ ਵਾਰ ਆ ਰਹੇ ਹਨ। ਇਸ ਤੋਂ ਪਹਿਲਾਂ ਸਿੱਧੂ 2013 ਤੋਂ 2016 ਦੇ ਵਿਚਕਾਰ ਕਾਮੇਡੀ ਨਾਈਟਸ ਵਿਦ ਕਪਿਲ ਵਿੱਚ ਸਥਾਈ ਮਹਿਮਾਨ ਸਨ। ਉਹ ਦਿ ਕਪਿਲ ਸ਼ਰਮਾ ਸ਼ੋਅ ਅਤੇ ਫੈਮਿਲੀ ਟਾਈਮ ਵਿਦ ਕਪਿਲ ਸ਼ਰਮਾ ਦੇ ਪਹਿਲੇ ਦੋ ਸੀਜ਼ਨਾਂ ਵਿੱਚ ਵੀ ਨਜ਼ਰ ਆਏ ਸਨ। ਸਿੱਧੂ ਨੇ ਕਿਹਾ, “ਸ਼ੋਅ ਵਿੱਚ ਵਾਪਸੀ ਘਰ ਵਾਪਸ ਆਉਣ ਵਰਗਾ ਮਹਿਸੂਸ ਹੋ ਰਿਹਾ ਹੈ ਅਤੇ ਇਸ ਸ਼ੋਆ ਹਿੱਸਾ ਬਨਣ ’ਤੇ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ।”

## ਮੱਧ ਪੂਰਬ ਵਿੱਚ ਅੱਗ ਦੀਆਂ ਲਪਟਾਂ

ਸਿਰਫ਼ ਅਮਰੀਕਾ ਦਾ ਜੀਬੀਯੂ-57 ਮੈਸਿਵ ਆਰਡਨੈਂਸ ਪੈਨੀਟ੍ਰੇਟਰ, ਜੋ 61 ਮੀਟਰ ਕੰਕਰੀਟ ਨੂੰ ਤੋੜ ਸਕਦਾ ਹੈ, ਇਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਪਰ ਅਮਰੀਕਾ ਨੇ ਸਿੱਧੀ ਜੰਗ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ।

ਇਰਾਨ ਦੀ ਜਵਾਬੀ ਕਾਰਵਾਈ:

ਇਰਾਨ ਨੇ ਇਜ਼ਰਾਇਲੀ ਹਮਲਿਆਂ ਦਾ ਜਵਾਬ ਅਪਰੇਸ਼ਨ ਟਰੂ ਪ੍ਰੌਮਿਸ 999 ਨਾਲ ਦਿੱਤਾ। ਇਸ ਨੇ ਤੇਲ ਅਵੀਵ, ਹਾਈਫ਼ਾ ਅਤੇ ਪੇਟਾ ਟਿਕਵਾ 'ਤੇ ਸੈਂਕੜੇ ਬੈਲਿਸਟਿਕ ਅਤੇ ਹਾਈਪਰਸੋਨਿਕ ਮਿਜ਼ਾਈਲਾਂ ਦਾਗੀਆਂ। ਤੇਲ ਅਵੀਵ, ਇਜ਼ਰਾਇਲ ਦੀ ਆਰਥਿਕ ਰਾਜਧਾਨੀ, ਅੱਗ ਦੇ ਗੋਲਿਆਂ ਵਿੱਚ ਘਿਰ ਗਈ। ਰੱਖਿਆ ਮੰਤਰਾਲੇ ਦੇ ਮੁੱਖ ਦਫ਼ਤਰ ਨੇੜੇ ਅੱਗ ਲੱਗੀ, ਨਵਤਿਮ ਹਵਾਈ ਅੱਡੇ 'ਤੇ ਮਿਜ਼ਾਇਲਾਂ ਡਿੱਗੀਆਂ ਅਤੇ ਹਾਈਫ਼ਾ ਦੀ ਬਜ਼ਾਨ ਤੇਲ ਰਿਫ਼ਾਈਨਰੀ ਪੂਰੀ ਤਰ੍ਹਾਂ ਤਬਾਹ ਹੋ ਗਈ। ਹਾਈਫ਼ਾ, ਜੋ ਇਜ਼ਰਾਇਲ ਦਾ ਸਮੁੰਦਰੀ ਅਤੇ ਵਪਾਰਕ ਕੇਂਦਰ ਹੈ, ਖੰਡਰਾਂ ਵਿੱਚ ਬਦਲ ਗਿਆ। ਲੱਖਾਂ ਲੋਕ ਸ਼ਹਿਰ ਖਾਲੀ ਕਰਨ ਦੀ ਤਿਆਰੀ ਵਿੱਚ ਹਨ। ਇਜ਼ਰਾਇਲੀ ਸਰਕਾਰ ਮੁਤਾਬਕ, ਇਰਾਨ ਨੇ 300-400 ਮਿਜ਼ਾਇਲਾਂ ਦਾਗੀਆਂ, ਜਿਨ੍ਹਾਂ ਵਿੱਚੋਂ ਕੁਝ ਆਇਰਨ ਡੋਮ, ਡੇਵਿਡ ਸਲਿੰਗ, ਅਤੇ ਐਰੋ ਸਿਸਟਮ ਨੂੰ ਭੇਦਣ ਵਿੱਚ ਸਫ਼ਲ ਰਹੀਆਂ। ਇਜ਼ਰਾਇਲ ਵਿੱਚ 82 ਲੋਕ ਮਾਰੇ ਗਏ ਅਤੇ 1,277 ਜ਼ਖ਼ਮੀ ਹੋਏ। ਇਰਾਨ ਦਾ ਦਾਅਵਾ ਹੈ ਕਿ ਉਸ ਨੇ ਦੋ ਐਫ਼-35 ਜੰਗੀ ਜਹਾਜ਼ ਡੇਗ ਸੁੱਟੇ ਅਤੇ ਇੱਕ ਇਜ਼ਰਾਇਲੀ ਪਾਇਲਟ ਨੂੰ ਕੈਦ ਕੀਤਾ। ਇਰਾਨ ਦੀਆਂ ਹਾਈਪਰਸੋਨਿਕ ਖੈਬਰ ਮਿਜ਼ਾਈਲਾਂ, ਜੋ ਆਇਰਨ ਡੋਮ ਨੂੰ ਬੇਅਸਰ ਕਰ ਸਕਦੀਆਂ ਹਨ, ਅਜੇ ਵੀ ਇਜ਼ਰਾਇਲ ਲਈ ਵੱਡਾ ਖਤਰਾ ਹਨ। ਇਰਾਨ ਦੀ ਮਿਜ਼ਾਇਲ ਸ਼ਕਤੀ ਇਰਾਨ ਦੀ ਸੈਨਿਕ ਸਮਰੱਥਾ ਦਾ ਮੁੱਖ ਹਥਿਆਰ ਉਸ ਦੀਆਂ ਬੈਲਿਸਟਿਕ ਅਤੇ ਹਾਈਪਰਸੋਨਿਕ ਮਿਜ਼ਾਇਲਾਂ ਹਨ। ਅਮਰੀਕੀ ਅਤੇ ਇਜ਼ਰਾਇਲੀ ਅਨੁਮਾਨ ਮੁਤਾਬਕ, ਇਰਾਨ ਕੋਲ 1,500 ਤੋਂ 3,000 ਮਿਜ਼ਾਇਲਾਂ ਹਨ, ਜਿਨ੍ਹਾਂ ਵਿੱਚ ਸ਼ਾਰਟ-ਰੇਂਜ (ਫ਼ਤਿਹ-110), ਮੀਡੀਅਮ-ਰੇਂਜ (ਸ਼ਹਾਬ-3, ਇਮਾਦ, ਗਦਰ-1), ਅਤੇ ਹਾਈਪਰਸੋਨਿਕ (ਫ਼ਤਿਹ-1) ਮਿਜ਼ਾਇਲਾਂ ਸ਼ਾਮਲ ਹਨ। ਇਹ ਮਿਜ਼ਾਇਲਾਂ 1,000 ਤੋਂ 2,000 ਕਿਲੋਮੀਟਰ ਦੀ ਰੇਂਜ ਰੱਖਦੀਆਂ ਹਨ ਅਤੇ ਉੱਚ ਸਟੀਕਤਾ ਨਾਲ ਨਿਸ਼ਾਨਾ ਲਾ ਸਕਦੀਆਂ ਹਨ। ਪਿਛਲੇ 25-30 ਸਾਲਾਂ ਵਿੱਚ, ਇਰਾਨ ਨੇ ਆਪਣੀ ਮਿਜ਼ਾਇਲ ਤਕਨੀਕ ਨੂੰ ਇੰਨਾ ਉੱਨਤ ਕਰ ਲਿਆ ਹੈ ਕਿ ਇਜ਼ਰਾਇਲ ਦਾ ਆਇਰਨ ਡੋਮ ਵੀ ਕਈ ਵਾਰ ਅਸਫ਼ਲ ਰਿਹਾ। ਇਰਾਨ ਦਾ ਦਾਅਵਾ ਹੈ ਕਿ ਉਹ ਇੱਕ ਵਾਰ ਵਿੱਚ 1,000 ਮਿਜ਼ਾਇਲਾਂ ਦਾਗ ਸਕਦਾ ਹੈ, ਜੋ ਇਜ਼ਰਾਇਲ ਨੂੰ ਗਾਜ਼ਾ ਵਰਗੀ ਸਥਿਤੀ ਵਿੱਚ ਲਿਆ ਸਕਦੀਆਂ ਹਨ।

**ਕੀ ਹੈ ਇਸ ਜੰਗ ਬਾਰੇ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ?**

ਇਜ਼ਰਾਇਲ ਨੂੰ ਅਮਰੀਕਾ, ਬ੍ਰਿਟੇਨ, ਫ਼ਰਾਂਸ, ਅਤੇ ਖਾੜੀ ਦੇਸ਼ਾਂ (ਸਾਊਦੀ ਅਰਬ, ਯੂ.ਏ.ਈ.) ਦਾ ਸਮਰਥਨ ਹੈ। ਅਮਰੀਕਾ ਨੇ ਯੂ.ਐਸ.ਐਸ. ਨਿਮਿਜ਼ ਸਮੇਤ ਯੁੱਧਪੋਤ ਫ਼ਾਰਸ ਦੀ ਖਾੜੀ ਵਿੱਚ ਤਾਇਨਾਤ ਕੀਤੇ ਹਨ, ਪਰ ਸਿੱਧੀ ਜੰਗ ਵਿੱਚ ਸ਼ਾਮਲ ਹੋਣ ਤੋਂ ਬਚ ਰਿਹਾ ਹੈ। ਇਰਾਨ ਨੂੰ ਰੂਸ ਅਤੇ ਚੀਨ ਦਾ ਸਮਰਥਨ ਹੈ, ਜੋ ਉਸ ਨੂੰ ਹਥਿਆਰ ਅਤੇ ਤਕਨੀਕੀ ਸਹਾਇਤਾ ਦੇ ਸਕਦੇ ਹਨ। ਚੀਨ ਨੇ ਇਜ਼ਰਾਇਲ ਦੇ ਪ੍ਰਮਾਣੂ ਸੈਂਟਰ 'ਤੇ ਹਮਲੇ ਨੂੰ ਰੈੱਡ ਲਾਈਨ ਮੰਨਿਆ ਹੈ। ਭਾਰਤ ਨੇ ਨਿਰਪੱਖ ਰੁਖ ਅਪਣਾਇਆ ਹੈ, ਪਰ ਜੰਗ ਦੇ ਵਧਣ ਨਾਲ ਉਸ ਦੇ ਤੇਲ ਆਯਾਤ ਅਤੇ ਆਰਥਿਕਤਾ 'ਤੇ ਅਸਰ ਪਵੇਗਾ।

ਕੀ ਇਹ ਵਿਸ਼ਵ ਜੰਗ ਬਣੇਗੀ ?

ਇਹ ਜੰਗ ਅਜੇ ਸਥਾਨਕ ਹੈ, ਪਰ ਇਸ ਦੀਆਂ ਚੰਗਿਆੜੀਆਂ ਵਿਸ਼ਵ ਜੰਗ ਦਾ ਰੂਪ ਲੈ ਸਕਦੀਆਂ ਹਨ। ਹੋਰਮੁਜ਼ ਜਲਡਮਰੂ, ਜਿੱਥੋਂ ਵਿਸ਼ਵ ਦਾ 20% ਤੇਲ ਲੰਘਦਾ ਹੈ, ਇਰਾਨ ਦੇ ਕੰਟਰੋਲ ਵਿੱਚ ਹੈ। ਜੇ ਇਰਾਨ ਇਸ ਨੂੰ ਬੰਦ ਕਰਦਾ ਹੈ, ਤਾਂ ਤੇਲ ਦੀਆਂ ਕੀਮਤਾਂ 120 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਸਕਦੀਆਂ ਹਨ, ਜਿਸ ਨਾਲ ਗਲੋਬਲ ਆਰਥਿਕਤਾ ਡਾਵਾਂਡੋਲ ਹੋ ਸਕਦੀ ਹੈ। ਰੂਸ-ਯੂਕ੍ਰੇਨ ਜੰਗ ਨੇ ਪਹਿਲਾਂ ਹੀ ਦੁਨੀਆਂ ਨੂੰ ਦੋ ਖੇਮਿਆਂ ਵਿੱਚ ਵੰਡਿਆ ਹੈ। ਜੇ ਅਮਰੀਕਾ, ਚੀਨ, ਜਾਂ ਰੂਸ ਸਿੱਧੇ ਇਸ ਜੰਗ ਵਿੱਚ ਸ਼ਾਮਲ ਹੋਏ, ਤਾਂ ਇਹ ਸਾਰੀ ਦੁਨੀਆਂ ਨੂੰ ਅੱਗ ਵਿੱਚ ਸੁਆਹ ਕਰ ਸਕਦੀ ਹੈ।

ਇਜ਼ਰਾਇਲ ਅਤੇ ਇਰਾਨ ਵਿਚਕਾਰ ਇਹ ਜੰਗ ਸਿਰਫ਼ ਇੱਕ ਸਥਾਨਕ ਸੰਘਰਸ਼ ਨਹੀਂ, ਸਗੋਂ ਇੱਕ ਅਜਿਹਾ ਸੰਕਟ ਹੈ, ਜੋ ਵਿਸ਼ਵ ਦੀ ਸਿਆਸੀ, ਆਰਥਿਕ, ਅਤੇ ਸੈਨਿਕ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਮਰੀਕਾ ਫ਼ਸਟ ਨੀਤੀ ਅਤੇ ਇਰਾਨ ਦੀ ਸੀਜ਼ਫ਼ਾਇਰ ਦੀ ਸ਼ਰਤ ਨੇ ਸ਼ਾਂਤੀ ਸੰਭਾਵਨਾਵਾਂ ਨੂੰ ਮੁਸ਼ਕਿਲ ਕਰ ਦਿੱਤਾ ਹੈ। ਮੱਧ ਪੂਰਬ ਵਿੱਚ ਸਥਿਤੀ ਇੰਨੀ ਖਰਾਬ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੀ ਕੈਨੇਡਾ ਵਿੱਚ ਆਯੋਜਿਤ ਜੀ-7 ਸੰਮੇਲਨ ਨੂੰ ਅਧੂਰਾ ਛੱਡ ਕੇ ਵਾਪਸ ਪਰਤਣਾ ਪਿਆ। ਕੈਨੇਡਾ ਤੋਂ ਵਾਪਸ ਆਉਂਦੇ ਸਮੇਂ ਟਰੰਪ ਨੇ ਇਜ਼ਰਾਇਲ ਨੂੰ ਪਿੱਛੇ ਹਟਣ ਅਤੇ ਤਹਿਰਾਨ ਦੇ 10 ਮਿਲੀਅਨ ਲੋਕਾਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਸੀ। ਅਮਰੀਕਾ ਨੇ ਇਰਾਨ ਨੂੰ ਪਰਮਾਣੂ ਸਮਝੌਤੇ ਦਾ ਪ੍ਰਸਤਾਵ ਦਿੱਤਾ ਹੈ। ਇਜ਼ਰਾਇਲ ਅਤੇ ਇਰਾਨ ਵਿਚਕਾਰ ਇਹ ਤਣਾਅ ਉਸ ਸਮੇਂ ਪੈਦਾ ਹੋਇਆ ਹੈ ਜਦੋਂ ਅਮਰੀਕਾ ਅਤੇ ਇਰਾਨ ਪਰਮਾਣੂ ਸਮਝੌਤੇ 'ਤੇ ਚਰਚਾ ਕਰ ਰਹੇ ਸਨ। ਹਾਲਾਂਕਿ, ਇਜ਼ਰਾਇਲ ਨੇ ਆਪਣੇ ਹਮਲੇ ਵਿੱਚ ਇਰਾਨ ਦੇ ਪਰਮਾਣੂ ਸਥਾਨਾਂ ਨੂੰ ਨਿਸ਼ਾਨਾ ਬਣਾਇਆ। ਇਸ ਦੇ ਨਾਲ ਹੀ ਇਰਾਨ ਦੇ ਕਈ ਪਰਮਾਣੂ ਵਿਗਿਆਨੀ ਅਤੇ ਚੋਟੀ ਦੇ ਕਮਾਂਡਰ ਮਾਰੇ ਗਏ। ਹੁਣ ਇਰਾਨ ਨੇ ਇਜ਼ਰਾਇਲ ਦੇ ਰਣਨੀਤਕ ਸਥਾਨਾਂ 'ਤੇ ਮਿਜ਼ਾਇਲਾਂ ਦਾਗਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਨਾਲ ਹੀ ਇਰਾਨ ਨੇ ਇਜ਼ਰਾਇਲ ਨਾਲ ਜੰਗਬੰਦੀ ਬਾਰੇ ਗੱਲ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਹੈ। ਇਸ ਸੰਕਟ ਦਾ ਅੰਤ ਕੀ ਹੋਵੇਗਾ, ਇਹ ਸਮਾਂ ਹੀ ਦੱਸੇਗਾ, ਪਰ ਇੱਕ ਗੱਲ ਸਪੱਸ਼ਟ ਹੈ ਕਿ ਮੱਧ-ਪੂਰਬ ਦੀ ਇਹ ਅੱਗ ਸਾਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਸਕਦੀ ਹੈ।

## 'ਬਿਨਾਂ ਸ਼ਰਤ ਸਮਰਪਣ ਕਰੋ,

ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਇਜ਼ਰਾਇਲ ਅਤੇ ਇਰਾਨ ਵਿਚਕਾਰ ਤਣਾਅ ਸ਼ਿਖਰਾਂ 'ਤੇ ਹੈ। ਇਜ਼ਰਾਇਲ ਨੇ ਇਰਾਨ ਦੀਆਂ ਪਰਮਾਣੂ ਸਹੂਲਤਾਂ ਅਤੇ ਫ਼ੌਜੀ ਅੱਡਿਆਂ 'ਤੇ ਲਗਾਤਾਰ ਹਮਲੇ ਕੀਤੇ ਹਨ, ਜਿਸ ਦੇ ਜਵਾਬ ਵਿੱਚ ਇਰਾਨ ਨੇ ਵੀ ਸਖ਼ਤ ਜਵਾਬੀ ਕਾਰਵਾਈ ਦੀ ਧਮਕੀ ਦਿੱਤੀ ਹੈ।

**ਕੀ ਅਮਰੀਕਾ ਇਰਾਨ 'ਤੇ ਹਮਲਾ ਕਰੇਗਾ ?**

ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦੀ ਇਹ ਧਮਕੀ ਇਰਾਨ 'ਤੇ ਦਬਾਅ ਪਾਉਣ ਦੀ ਰਣਨੀਤੀ ਹੋ ਸਕਦੀ ਹੈ, ਪਰ ਇਸ ਨਾਲ ਮੱਧ ਪੂਰਬ ਵਿੱਚ ਵੱਡੀ ਜੰਗ ਦਾ ਖ਼ਤਰਾ ਵੀ ਵਧ ਗਿਆ ਹੈ। ਅਮਰੀਕਾ ਨੇ ਪਹਿਲਾਂ ਹੀ 2018 ਵਿੱਚ ਇਰਾਨ ਨਾਲ ਪਰਮਾਣੂ ਸਮਝੌਤੇ ਤੋਂ ਹੱਥ ਖਿੱਚ ਲਿਆ ਸੀ, ਜਿਸ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤੇ ਹੋਰ ਖ਼ਰਾਬ ਹੋਏ। ਅੰਤਰਰਾਸ਼ਟਰੀ ਅਖ਼ਬਾਰਾਂ ਦੀ ਰਾਇ ਵਿੱਚ ਫਰਕ ਹੈ। ਕੁਝ ਮੀਡੀਆ ਮੰਨਦਾ ਹੈ ਕਿ ਅਮਰੀਕਾ ਇਜ਼ਰਾਇਲ ਦੀ ਮਦਦ ਨਾਲ ਇਰਾਨ 'ਤੇ ਸਿੱਧਾ ਹਮਲਾ ਕਰ ਸਕਦਾ ਹੈ, ਜਦਕਿ ਕੁਝ ਦਾ ਕਹਿਣਾ ਹੈ ਕਿ ਇਹ ਸਿਰਫ਼ ਕੂਟਨੀਤਕ ਦਬਾਅ ਦੀ ਚਾਲ ਹੈ।

**ਕੀ ਰੂਸ ਅਤੇ ਚੀਨ ਇਰਾਨ ਦਾ ਸਾਥ ਦੇਣਗੇ ?**

ਰੂਸ ਅਤੇ ਚੀਨ ਨੇ ਇਜ਼ਰਾਇਲ ਦੇ ਹਮਲਿਆਂ ਦੀ ਨਿਖੇਧੀ ਕੀਤੀ ਹੈ, ਪਰ ਮਾਹਿਰਾਂ ਮੁਤਾਬਕ, ਰੂਸ ਯੂਕ੍ਰੇਨ ਜੰਗ ਵਿੱਚ ਉਲਝਿਆ ਹੋਇਆ ਹੈ ਅਤੇ ਚੀਨ ਨੂੰ ਅਮਰੀਕਾ ਨਾਲ ਵਪਾਰਕ ਸਬੰਧਾਂ ਦੀ ਚਿੰਤਾ ਹੈ। ਇਸ ਲਈ, ਦੋਵੇਂ ਦੇਸ਼ ਇਰਾਨ ਨੂੰ ਸਿੱਧਾ ਸਮਰਥਨ ਦੇਣ ਤੋਂ ਗੁਰੇਜ਼ ਕਰ ਸਕਦੇ ਹਨ। ਸੰਯੁਕਤ ਰਾਸ਼ਟਰ ਅਤੇ ਯੂਰਪੀ ਸੰਘ ਨੇ ਸਾਰੇ ਪਾਸਿਆਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ, ਪਰ ਤਣਾਅ ਘਟਣ ਦੀ ਬਜਾਏ ਵਧਦਾ ਜਾ ਰਿਹਾ ਹੈ। ਅੰਤਰਰਾਸ਼ਟਰੀ ਮੀਡੀਆ ਦੀ ਰਾਇ ਵਿੱਚ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਇਰਾਨ ਦੀ ਸਹਾਇਤਾ ਲਈ ਰੂਸ ਅਤੇ ਚੀਨ ਸਿਰਫ਼ ਮੌਖਿਕ ਸਮਰਥਨ ਹੀ ਦੇ ਸਕਦੇ ਹਨ। ਇਰਾਨ ਨੇ ਕਿਹਾ ਹੈ ਕਿ ਉਹ ਅਮਰੀਕੀ ਧਮਕੀਆਂ ਅੱਗੇ ਨਹੀਂ ਝੁਕੇਗਾ ਅਤੇ ਆਪਣੀ ਸੁਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਵੇਗਾ। ਸੰਯੁਕਤ ਰਾਸ਼ਟਰ ਨੇ ਸੰਜਮ ਦੀ ਅਪੀਲ ਕੀਤੀ ਹੈ, ਪਰ ਟਰੰਪ ਦੀ ਇਸ ਧਮਕੀ ਨੇ ਵਿਸ਼ਵ ਪੱਧਰ 'ਤੇ ਚਿੰਤਾ ਵਧਾ ਦਿੱਤੀ ਹੈ।

***

## ਹਵਾਈ ਜਹਾਜ਼ ਹਾਦਸੇ:

ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀ. ਜੀ. ਸੀ. ਏ.) ਏਅਰਕ੍ਰਾਫਟ ਐਕਟ 1934 ਅਤੇ ਏਅਰਕ੍ਰਾਫਟ ਰੂਲਜ਼ 1937 ਦੇ ਆਧਾਰ 'ਤੇ ਕੰਮ ਕਰਦਾ ਹੈ। ਇਨ੍ਹਾਂ ਨਿਯਮਾਂ ਤਹਿਤ ਏਅਰਲਾਈਨਾਂ ਨੂੰ ਡੀ.ਜੀ.ਸੀ.ਏ.ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਪੈਂਦੀ ਹੈ। ਨਿਯਮਾਂ ਦੀ ਪਾਲਣਾ ਕਰਨ ਦੇ ਬਾਵਜੂਦ ਇਹ ਹਾਦਸਾ ਇੱਕ ਰਹੱਸ ਬਣ ਗਿਆ ਹੈ, ਜਿਸ ਨੂੰ ਹੁਣ ਡੀ. ਜੀ. ਸੀ. ਏ. ਅਤੇ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਵੱਲੋਂ ਸਾਂਝੇ ਤੌਰ 'ਤੇ ਹੱਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵਿਦੇਸ਼ੀ ਏਜੰਸੀਆਂ ਵੀ ਜਾਂਚ ਵਿੱਚ ਸ਼ਾਮਲ ਹੋਣਗੀਆਂ।

ਅੱਜ ਦੇ ਹਾਈਫਾਈ ਯੁੱਗ ਵਿੱਚ ਹਰ ਵਿਅਕਤੀ ਕੋਲ ਸਮੇਂ ਦੀ ਘਾਟ ਹੁੰਦੀ ਹੈ, ਜਿਸ ਕਾਰਨ ਵੱਡੀ ਗਿਣਤੀ ਵਿਅਕਤੀ ਇੱਕ ਸਥਾਨ ਤੋਂ ਦੂਜੇ ਸਥਾਨ ਦੀ ਯਾਤਰਾ ਕਰਨ ਲਈ ਅਕਸਰ ਹਵਾਈ ਜਹਾਜ਼ ਦੀ ਚੋਣ ਕਰਦੇ ਹਨ। ਇਸ ਤੋਂ ਇਲਾਵਾ ਹਵਾਈ ਜਹਾਜ਼ ਵਿੱਚ ਸਫ਼ਰ ਕਰਨਾ 'ਸਟੇਟਸ ਸਿੰਬਲ' ਵੀ ਬਣਦਾ ਜਾ ਰਿਹਾ ਹੈ। ਇੱਕ ਦੇਸ਼ ਤੋਂ ਦੂਜੇ ਦੇਸ਼ ਦੀ ਯਾਤਰਾ ਕਰਨ ਵਾਲੇ ਲੋਕਾਂ ਕੋਲ ਹਵਾਈ ਯਾਤਰਾ ਕਰਨ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਹੁੰਦਾ, ਕਿਉਂਕਿ ਸਮੁੰਦਰੀ ਯਾਤਰਾ ਰਾਹੀਂ ਬਹੁਤ ਸਮਾਂ ਲੱਗਦਾ ਹੈ। ਇਸ ਕਰਕੇ ਵੱਡੀ ਗਿਣਤੀ ਲੋਕ ਇੱਕ ਸਥਾਨ ਤੋਂ ਦੂਜੇ ਸਥਾਨ ਤੱਕ ਜਾਣ ਲਈ ਹਵਾਈ ਯਾਤਰਾ ਨੂੰ ਪਹਿਲ ਦਿੰਦੇ ਹਨ ਪਰ ਜਦੋਂ ਕੋਈ ਹਵਾਈ ਹਾਦਸਾ ਵਾਪਰ ਜਾਂਦਾ ਹੈ ਤਾਂ ਅਨੇਕਾਂ ਲੋਕਾਂ ਨੂੰ ਹਵਾਈ ਯਾਤਰਾ ਤੋਂ ਡਰ ਵੀ ਲੱਗਣ ਲੱਗਦਾ ਹੈ। ਇਸ ਦੇ ਬਾਵਜੂਦ ਹਵਾਈ ਯਾਤਰਾ ਪਹਿਲਾਂ ਵਾਂਗ ਜਾਰੀ ਰਹਿੰਦੀ ਹੈ ਕਿਉਂਕਿ ਵੱਡੀ ਗਿਣਤੀ ਲੋਕਾਂ ਕੋਲ ਇਸ ਦਾ ਕੋਈ ਬਦਲ ਹੀ ਨਹੀਂ ਹੁੰਦਾ।

ਚਾਹੀਦਾ ਤਾਂ ਇਹ ਹੈ ਕਿ ਅਹਿਮਦਾਬਾਦ ਹਵਾਈ ਜਹਾਜ਼ ਹਾਦਸੇ ਦੇ ਅਸਲ ਕਾਰਨਾਂ ਨੂੰ ਜਾਂਚ ਰਾਹੀਂ ਸਭ ਦੇ ਸਾਹਮਣੇ ਲਿਆਂਦਾ ਜਾਵੇ ਅਤੇ ਇਸ ਹਾਦਸੇ ਤੋਂ ਸਬਕ ਸਿੱਖ ਕੇ ਅਗਲੀਆਂ ਹਵਾਈ ਉਡਾਣਾਂ ਲਈ ਵਿਸ਼ੇਸ਼ ਸੁਰੱਖਿਆ ਨਿਯਮ ਬਣਾਏ ਜਾਣ। ਹਵਾਈ ਜਹਾਜ਼ ਹਾਦਸਿਆਂ ਤੋਂ ਬਚਾਓ ਲਈ ਸਰਕਾਰ, ਏਅਰ ਲਾਈਨਜ਼ ਅਤੇ ਸਬੰਧਿਤ ਮੰਤਰਾਲੇ ਨੂੰ ਯੋਗ ਉਪਰਾਲੇ ਤੁਰੰਤ ਕਰਨੇ ਚਾਹੀਦੇ ਹਨ ਤਾਂ ਕਿ ਇਹਨਾਂ ਹਵਾਈ ਹਾਦਸਿਆਂ ਵਿੱਚ ਕਿਸੇ ਮਾਂ ਕੋਲੋਂ ਉਸ ਦਾ ਪੁੱਤਰ ਨਾ ਵਿੱਛੜੇ, ਕਿਸੇ ਨਵ ਵਿਆਹੁਤਾ ਤੋਂ ਉਸ ਦਾ ਕੰਤ, ਭੈਣਾਂ ਤੋਂ ਵੀਰ, ਬੱਚਿਆਂ ਤੋਂ ਉਹਨਾਂ ਦੇ ਮਾਪੇ ਨਾ ਵਿੱਛੜਨ ਅਤੇ ਨਾ ਹੀ ਕਿਸੇ ਦੇ ਸੁਪਨੇ ਚਕਨਾਚੂਰ ਹੋਣ।

****

## ਸੋਸ਼ਲ ਮੀਡੀਆ ਦੀ ਚਮਕ 'ਚ

ਕੀਤਾ ਤੇ ਇੱਕ ਸਕਾਰਪੀਓ ਗੱਡੀ ਵੀ ਬਰਾਮਦ ਕੀਤੀ। ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ, ਜੋ ਵਾਰਦਾਤ ਤੋਂ ਬਾਅਦ ਅੰਮ੍ਰਿਤਸਰ ਏਅਰਪੋਰਟ ਰਾਹੀਂ ਯੂ.ਏ.ਈ. ਭੱਜ ਗਿਆ, ਦੀ ਭਾਲ ਲਈ ਲੁਕਆਊਟ ਨੋਟਿਸ ਜਾਰੀ ਕੀਤਾ ਗਿਆ। ਉਸ ਦਾ ਇੰਸਟਾਗ੍ਰਾਮ ਅਕਾਊਂਟ ਵੀ ਬੈਨ ਕਰ ਦਿੱਤਾ ਗਿਆ।

ਮਹਿਰੋਂ ਦੀ ਇਸ 'ਮੌਰਲ ਪੁਲਿਸਿੰਗ' ਨੂੰ ਸਿੱਖ ਭਾਈਚਾਰੇ ਦੇ ਇੱਕ ਵਰਗ ਨੇ ਸਮਰਥਨ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਵੀ ਇਸ ਨੂੰ ਜਾਇਜ਼ ਕਰਾਰ ਦਿੱਤਾ ਹੈ। ਪਿੰਡ ਮਹਿਰੋਂ ਵਿੱਚ ਗੁਰਦੁਆਰਾ ਸਾਹਿਬ ਵਿੱਚ ਅੰਮ੍ਰਿਤਪਾਲ ਤੇ ਉਸ ਦੇ ਸਾਥੀਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ ਗਈ ਹੈ।

ਕੰਚਨ ਕੁਮਾਰੀ ਦੀਆਂ ਅਸ਼ਲੀਲ ਪੋਸਟਾਂ 'ਤੇ ਪਹਿਲਾਂ ਵੀ ਸ਼ਿਕਾਇਤਾਂ ਮਿਲੀਆਂ ਸਨ, ਪਰ ਪੰਜਾਬ ਪੁਲਿਸ ਦੀ ਸਾਈਬਰ ਵਿੰਗ ਨੇ ਕੋਈ ਠੋਸ ਕਾਰਵਾਈ ਨਹੀਂ ਕੀਤੀ। ਸਮਾਜਿਕ ਕਾਰਕੁਨ ਐਡਵੋਕੇਟ ਸਿਮਰਨ ਕੌਰ ਗਿੱਲ ਦਾ ਕਹਿਣਾ ਹੈ ਕਿ ਅਸ਼ਲੀਲਤਾ 'ਦਿ ਇਨਡੀਸੈਂਟ ਰਿਪ੍ਰੈਂਸਟੇਸ਼ਨ ਐਕਟ ਆਫ਼ ਵੋਮੈਨ' ਤੇ ਬੀਐੱਨਐੱਸ ਐਕਟ ਦੀ ਧਾਰਾ 296 ਦੀ ਉਲੰਘਣਾ ਹੈ, ਪਰ ਕਾਨੂੰਨ ਦੀ ਪਾਲਣਾ ਕਰਨ ਵਾਲੇ ਹੱਥ ਉਪਰ ਹੱਥ ਧਰਕੇ ਬੈਠੇ ਰਹੇ। ਜੇ ਸੋਸ਼ਲ ਮੀਡੀਆ 'ਤੇ ਅਸ਼ਲੀਲਤਾ 'ਤੇ ਸਮੇਂ ਸਿਰ ਨਕੇਲ ਕੱਸੀ ਜਾਂਦੀ, ਤਾਂ ਸ਼ਾਇਦ ਕੰਚਨ ਦੀ ਜ਼ਿੰਦਗੀ ਦਾ ਅੰਤ ਅਜਿਹਾ ਨਾ ਹੁੰਦਾ। ਉਸਦਾ ਕਹਿਣਾ ਹੈ ਕਿ ਉਹ ਨਿਹੰਗ ਮਹਿਰੋ ਦੇ ਹੱਕ ਵਿੱਚ ਕੇਸ ਲੜੇਗੀ।

ਲੋਕ ਸਵਾਲ ਚੁੱਕਦੇ ਹਨ ਕਿ ਜਦੋਂ ਕਾਨੂੰਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫ਼ਲ ਹੁੰਦਾ ਹੈ, ਤਾਂ ਲੱਠਮਾਰ ਠੀਕਰੀ ਪਹਿਰੇ 'ਤੇ ਕਿਉਂ ਨਾ ਆਉਣ ? ਪੰਜਾਬ ਸਰਕਾਰ ਨੇ ਬੰਦੂਕ ਸੱਭਿਆਚਾਰ ਤੇ ਅਸ਼ਲੀਲ ਗੀਤਾਂ 'ਤੇ ਰੋਕ ਦੀ ਗੱਲ ਕਹੀ ਸੀ, ਪਰ ਇਸ 'ਤੇ ਦ੍ਰਿੜਤਾ ਨਾਲ ਪਹਿਰਾ ਨਾ ਦਿੱਤਾ ਜਾਣਾ ਸਮਾਜ ਲਈ ਘਾਤਕ ਸਿੱਧ ਹੋਇਆ ਹੈ।

ਦੀਪ ਲੂਥਰਾ ਤੇ ਸਿਮਰਪ੍ਰੀਤ ਕੌਰ 'ਤੇ ਮੰਡਰਾਇਆ ਖਤਰਾ

ਕੰਚਨ ਦੇ ਕਤਲ ਤੋਂ ਬਾਅਦ ਅੰਮ੍ਰਿਤਪਾਲ ਮਹਿਰੋਂ ਦੀਆਂ ਧਮਕੀਆਂ ਦਾ ਪਰਛਾਵਾਂ ਹੋਰ ਸੋਸ਼ਲ ਮੀਡੀਆ ਇਨਫ਼ਲੂਐਂਸਰਾਂ 'ਤੇ ਵੀ ਪਿਆ। ਅੰਮ੍ਰਿਤਸਰ ਦੀ ਦੀਪ ਲੂਥਰਾ, ਜਿਸ ਦੇ ਇੰਸਟਾਗ੍ਰਾਮ 'ਤੇ 2.5 ਲੱਖ ਫ਼ਾਲੋਅਰਜ਼ ਹਨ, ਨੂੰ ਨਿਹੰਗ ਮਹਿਰੋਂ ਨੇ 'ਪਾਰਕਿੰਗ 'ਚ ਲਾਸ਼' ਵਾਲੀ ਧਮਕੀ ਦਿੱਤੀ ਸੀ। ਦੀਪ ਨੇ ਦੱਸਿਆ ਕਿ ਪਹਿਲਾਂ ਵੀ ਮਹਿਰੋਂ ਨੇ ਉਸ ਨੂੰ ਸਮਾਗਮ ਵਿੱਚ ਬੁਲਾ ਕੇ ਮਾਫ਼ੀ ਮੰਗਵਾਈ ਸੀ ਤੇ ਅਸ਼ਲੀਲ ਵੀਡੀਓਜ਼ ਹਟਾਉਣ ਲਈ ਮਜਬੂਰ ਕੀਤਾ ਸੀ। ਉਸ ਨੇ ਅਜਿਹੀ ਸਮੱਗਰੀ ਬੰਦ ਕਰ ਦਿੱਤੀ ਸੀ, ਪਰ ਮੁੜ ਧਮਕੀਆਂ ਨੇ ਉਸ ਦੇ ਪਰਿਵਾਰ ਨੂੰ ਸਹਿਮ ਵਿੱਚ ਪਾ ਦਿੱਤਾ ਹੈ। ਅੰਮ੍ਰਿਤਸਰ ਪੁਲਿਸ ਨੇ ਦੀਪ ਨੂੰ ਸੁਰੱਖਿਆ ਦਿੱਤੀ, ਤੇ ਨਿਹੰਗ ਮਹਿਰੋਂ 'ਤੇ ਕਈ ਧਾਰਾਵਾਂ ਅਧੀਨ ਕੇਸ ਦਰਜ ਕੀਤਾ ਹੈ। ਇਸੇ ਤਰ੍ਹਾਂ, ਤਰਨਤਾਰਨ ਦੀ ਸਿਮਰਪ੍ਰੀਤ ਕੌਰ ਉਰਫ਼ 'ਪ੍ਰੀਤ ਜੱਟੀ' ਨੂੰ ਵੀ ਧਮਕੀਆਂ ਮਿਲੀਆਂ।

ਕੰਚਨ ਕੁਮਾਰੀ ਦਾ ਕਤਲ ਸਿਰਫ਼ ਇੱਕ ਵਿਅਕਤੀ ਦੀ ਜ਼ਿੰਦਗੀ ਦਾ ਅੰਤ ਨਹੀਂ, ਸਗੋਂ ਸਮਾਜ ਦੇ ਸਾਹਮਣੇ ਆਈ ਉਸ ਖਪਤਕਾਰੀ ਪ੍ਰਦੂਸ਼ਿਤ ਜ਼ਹਿਰੀਲੀ ਹਵਾ ਦਾ ਵੇਗ ਹੈ ਜਿਸਨੇ ਸਮਾਜ ਦੀ ਮਾਨਸਿਕਤਾ ਨੂੰ ਪ੍ਰਦੂਸ਼ਿਤ ਕਰ ਦਿਤਾ ਹੈ। ਅੰਮ੍ਰਿਤਪਾਲ ਮਹਿਰੋਂ ਦੀ ਹਿੰਸਕ ਕਾਰਵਾਈ ਨੂੰ ਜਾਇਜ਼ ਠਹਿਰਾਉਣ ਵਾਲੇ ਤੇ ਇਸ ਦੀ ਨਿਖੇਧੀ ਕਰਨ ਵਾਲੇ, ਦੋਵੇਂ ਸਮਾਜ ਦੇ ਦੋ ਪਹਿਲੂ ਹਨ।

ਸਰਕਾਰ ਨੂੰ ਅਸ਼ਲੀਲਤਾ 'ਤੇ ਨਕੇਲ ਕੱਸਣੀ ਪਵੇਗੀ ਅਤੇ ਸ਼੍ਰੋਮਣੀ ਕਮੇਟੀ ਨੂੰ ਗੁਰਮਤਿ ਦੀ ਰੌਸ਼ਨੀ ਨੂੰ ਪੰਜਾਬ ਦੇ ਕੋਨੇ-ਕੋਨੇ ਤੱਕ ਪਹੁੰਚਾਉਣਾ ਪਵੇਗਾ।

***

## ਬਰਾੜ-ਬਿਸ਼ਨੋਈ ਦੀ 15 ਸਾਲ ਪੁਰਾਣੀ ਯਾਰੀ

ਉਹ ਕਈ ਹਾਈ-ਪ੍ਰੋਫ਼ਾਈਲ ਮਾਮਲਿਆਂ, ਜਿਵੇਂ ਕਿ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੀ ਹੱਤਿਆ ਵਿੱਚ ਵੀ ਲੋੜੀਂਦਾ ਸੀ। ਇਸ ਜੋੜੀ ਦੀ ਸ਼ੁਰੂਆਤ ਪੰਜਾਬ ਯੂਨੀਵਰਸਿਟੀ ਦੇ ਦਿਨਾਂ ਤੋਂ ਹੋਈ ਸੀ, ਜਦੋਂ ਲਾਰੈਂਸ ਪੜ੍ਹਾਈ ਕਰਦਾ ਸੀ ਅਤੇ ਗੋਲਡੀ ਨਾਲ ਮਿਲ ਕੇ ਵਿਦਿਆਰਥੀ ਸਿਆਸਤ ਵਿੱਚ ਸਰਗਰਮ ਸੀ। ਇਸ ਤੋਂ ਬਾਅਦ ਦੋਵਾਂ ਨੇ ਅਪਰਾਧ ਦੀ ਦੁਨੀਆ ਵਿੱਚ ਕਦਮ ਰੱਖਿਆ ਅਤੇ ਇੱਕ ਵਿਸ਼ਾਲ ਅਪਰਾਧਿਕ ਨੈਟਵਰਕ ਸਥਾਪਤ ਕੀਤਾ ਸੀ।

ਸਿੱਧੂ ਮੂਸੇਵਾਲਾ (ਮਈ 2022), ਬਾਬਾ ਸਿੱਦੀਕੀ (ਅਕਤੂਬਰ 2024), ਅਤੇ ਸੁਖਦੇਵ ਸਿੰਘ ਗੋਗਾਮੇੜੀ (ਦਸੰਬਰ 2023) ਦੀਆਂ ਹੱਤਿਆਵਾਂ ਵਿੱਚ ਇਸ ਜੋੜੀ ਦਾ ਨਾਂ ਸਾਹਮਣੇ ਆਇਆ। ਇਸ ਤੋਂ ਇਲਾਵਾ, ਸਲਮਾਨ ਖਾਨ ਦੇ ਘਰ 'ਤੇ ਅਪ੍ਰੈਲ 2024 ਵਿੱਚ ਹੋਈ ਫ਼ਾਇਰਿੰਗ ਅਤੇ ਖ਼ਾਲਿਸਤਾਨ ਸਮਰਥਕ ਸੁਖਦੂਲ ਸਿੰਘ ਦੀ ਹੱਤਿਆ (ਸਤੰਬਰ 2023) ਵਿੱਚ ਵੀ ਇਸ ਗੈਂਗ ਦੀ ਸ਼ਮੂਲੀਅਤ ਸੀ। ਅਨਮੋਲ ਦੀ ਗ੍ਰਿਫ਼ਤਾਰੀ ਨੇ ਲਾਰੈਂਸ ਅਤੇ ਗੋਲਡੀ ਵਿਚਕਾਰ ਪਹਿਲਾਂ ਤੋਂ ਹੀ ਸੁਕਮੀ ਸੰਘਰਸ਼ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਸੁਰੱਖਿਆ ਏਜੰਸੀਆਂ ਨੂੰ ਇਸ ਫ਼ੁੱਟ ਕਾਰਨ ਗੈਂਗਵਾਰ ਦਾ ਖਦਸ਼ਾ ਹੈ, ਜਿਸ ਨੇ ਉਨ੍ਹਾਂ ਨੂੰ ਚੌਕਸ ਕਰ ਦਿੱਤਾ ਹੈ।

ਕੀ ਇਹ ਤਕਰਾਰ ਡਰਾਮਾ ਹੈ ?

ਬਰਾੜ-ਬਿਸ਼ਨੋਈ ਦੀ ਫ਼ੁੱਟ ਦੀ ਖਬਰ ਨੂੰ ਕੁਝ ਲੋਕ ਭਾਰਤੀ ਸੁਰੱਖਿਆ ਏਜੰਸੀਆਂ ਦੀ ਸਾਜ਼ਿਸ਼ ਮੰਨਦੇ ਹਨ। ਖਾਸ ਕਰਕੇ ਕੈਨੇਡਾ ਵਿੱਚ ਰਹਿੰਦੇ ਕੁਝ ਖ਼ਾਲਿਸਤਾਨ ਸਮਰਥਕ ਇਸ ਨੂੰ ਭਾਰਤ ਸਰਕਾਰ ਦੀ ਚਾਲ ਸਮਝਦੇ ਹਨ, ਜਿਸ ਦਾ ਮਕਸਦ ਅਪਰਾਧੀਆਂ ਅਤੇ ਖ਼ਾਲਿਸਤਾਨੀ ਅੰਦੋਲਨ ਨੂੰ ਜੋੜ ਕੇ ਬਦਨਾਮ ਕਰਨਾ ਹੈ। ਸਿੱਧੂ ਮੂਸੇਵਾਲਾ ਅਤੇ ਹਰਦੀਪ ਸਿੰਘ ਨਿੱਝਰ ਦੀਆਂ ਹੱਤਿਆਵਾਂ ਨੇ ਸਿੱਖ ਭਾਈਚਾਰੇ ਵਿੱਚ ਗੁੱਸੇ ਨੂੰ ਹੋਰ ਵਧਾਇਆ ਹੈ। ਜੂਨ 2023 ਵਿੱਚ ਕੈਨੇਡਾ ਵਿੱਚ ਨਿੱਝਰ ਦੀ ਹੱਤਿਆ ਤੋਂ ਬਾਅਦ ਭਾਰਤ ਅਤੇ ਕੈਨੇਡਾ ਵਿਚਕਾਰ ਕੂਟਨੀਤਕ ਵਿਵਾਦ ਵਧਿਆ, ਜਦੋਂ ਕੈਨੇਡਾ ਨੇ ਬਿਨਾਂ ਠੋਸ ਸਬੂਤਾਂ ਦੇ ਭਾਰਤ ਸਰਕਾਰ 'ਤੇ ਹੱਤਿਆ ਦਾ ਦੋਸ਼ ਲਗਾਇਆ। ਸਿੱਖ ਭਾਈਚਾਰਾ, ਖਾਸ ਕਰਕੇ ਕੈਨੇਡਾ ਵਿੱਚ, ਇਸ ਨੂੰ ਭਾਰਤ ਦੀ ਸਿਆਸੀ ਸਾਜ਼ਿਸ਼ ਮੰਨਦਾ ਹੈ, ਜਿਸ ਦਾ ਮਕਸਦ ਖ਼ਾਲਿਸਤਾਨੀ ਅੰਦੋਲਨ ਨੂੰ ਕਮਜ਼ੋਰ ਕਰਨਾ ਹੈ ਪਰ ਭਾਰਤੀ ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਇਹ ਗੈਂਗ ਅਪਰਾਧਕ ਗਤੀਵਿਧੀਆਂ ਦੀ ਜੜ੍ਹ ਨਾਲ ਜੁੜਿਆ ਹੈ। ਉਹ ਇਸ ਨੂੰ ਖ਼ਾਲਿਸਤਾਨੀ ਅੰਦੋਲਨ ਨਾਲ ਜੋੜਨ ਦੀ ਬਜਾਏ, ਅਪਰਾਧਕ ਸੰਗਠਨਾਂ ਦੀ ਅੰਤਰਰਾਸ਼ਟਰੀ ਸਰਗਰਮੀਆਂ ਵਜੋਂ ਦੇਖਦੀਆਂ ਹਨ। ਸਿੱਖ ਭਾਈਚਾਰੇ ਵਿੱਚ ਵਿਚਾਰ ਵੰਡੇ ਹੋਏ ਹਨ। ਕੁਝ ਇਸ ਨੂੰ ਸਰਕਾਰੀ ਪ੍ਰੋਪੇਗੰਡਾ ਮੰਨਦੇ ਹਨ, ਜਦਕਿ ਦੂਸਰੇ ਇਸ ਗੈਂਗ ਦੀਆਂ ਅਪਰਾਧਕ ਗਤੀਵਿਧੀਆਂ ਨੂੰ ਸਿੱਖੀ ਦੀਆਂ ਮੁੱਲਵਾਨ ਕਦਰਾਂ-ਕੀਮਤਾਂ ਦੇ ਖਿਲਾਫ਼ ਸਮਝਦੇ ਹਨ।

ਕੈਨੇਡਾ ਵਿੱਚ ਗੈਂਗ ਦਾ ਸੰਘਣਾ ਜਾਲ, ਸਰਕਾਰ ਲਾਚਾਰ ਕਿਉਂ ?

ਬਰਾੜ-ਬਿਸ਼ਨੋਈ ਗੈਂਗ ਦਾ ਜਾਲ ਕੈਨੇਡਾ ਵਿੱਚ ਡੂੰਘਾ ਫ਼ੈਲਿਆ ਹੋਇਆ ਹੈ। ਗੋਲਡੀ ਬਰਾੜ, ਜੋ 2017 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ ਅਤੇ ਉਸ ਦੇ ਸਾਥੀ ਕੈਨੇਡਾ ਵਿੱਚ ਜਬਰਨ ਵਸੂਲੀ, ਹਿੰਸਕ ਗਤੀਵਿਧੀਆਂ ਅਤੇ ਨਸ਼ਿਆਂ ਦੀ ਤਸਕਰੀ ਨੂੰ ਚਲਾਉਂਦੇ ਹਨ। ਕੈਨੇਡਾ ਦੀ ਸਰਕਾਰ ਨੂੰ ਇਸ ਗੈਂਗ ਨੂੰ ਨੱਥ ਪਾਉਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ। ਇਸ ਦੇ ਕਈ ਕਾਰਨ ਹਨ। ਪਹਿਲਾਂ, ਇਹ ਗੈਂਗ ਅੰਤਰਰਾਸ਼ਟਰੀ ਪੱਧਰ 'ਤੇ ਕੰਮ ਕਰਦਾ ਹੈ, ਜਿਸ ਕਾਰਨ ਸਥਾਨਕ ਪੁਲਿਸ ਅਤੇ ਅਧਿਕਾਰੀਆਂ ਲਈ ਇਸ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣਾ ਔਖਾ ਹੈ। ਦੂਸਰਾ, ਕੈਨੇਡਾ ਦੀਆਂ ਸਿਆਸੀ ਅਤੇ ਕਾਨੂੰਨੀ ਪ੍ਰਕਿਰਿਆਵਾਂ, ਜੋ ਕਿ ਸਿਆਸੀ ਪਨਾਹ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ 'ਤੇ ਜ਼ੋਰ ਦਿੰਦੀਆਂ ਹਨ, ਨੇ ਇਸ ਗੈਂਗ ਦੇ ਮੈਂਬਰਾਂ ਨੂੰ ਆੜ ਦਿੱਤੀ ਹੈ। ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੇ ਕੈਨੇਡਾ-ਭਾਰਤ ਸਬੰਧਾਂ ਵਿੱਚ ਵੱਡਾ ਵਿਵਾਦ ਪੈਦਾ ਕੀਤਾ। ਕੈਨੇਡਾ ਸਰਕਾਰ ਨੇ ਇਸ ਹੱਤਿਆ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ ਦੋਸ਼ ਲਗਾਇਆ, ਪਰ ਸਬੂਤਾਂ ਦੀ ਘਾਟ ਕਾਰਨ ਇਹ ਦੋਸ਼ ਵਿਵਾਦਤ ਰਿਹਾ। ਇਸ ਨੇ ਕੈਨੇਡੀਅਨ ਅਧਿਕਾਰੀਆਂ ਦੀ ਕਾਰਵਾਈ ਨੂੰ ਹੋਰ ਗੁੰਝਲਦਾਰ ਕਰ ਦਿੱਤਾ। ਕੈਨੇਡਾ ਦੀ ਨਰਮ ਨੀਤੀ ਅਤੇ ਲੰਬੀਆਂ ਕਾਨੂੰਨੀ ਪ੍ਰਕਿਰਿਆਵਾਂ ਨੇ ਗੈਂਗ ਨੂੰ ਨੱਥ ਪਾਉਣ ਵਿੱਚ ਰੁਕਾਵਟ ਪਾਈ ਹੈ।

***

## ਦੁਨੀਆ ਦੀ ਦਰਦਨਾਕ ਦਾਸਤਾਨ:

ਜ਼ਬਰਦਸਤੀ ਉਜਾੜੇ ਦੇ ਮੁੱਖ ਕਾਰਨ ਜੰਗਾਂ, ਨਸਲੀ-ਧਾਰਮਿਕ ਹਿੰਸਾ, ਅਤੇ ਸਿਆਸੀ ਅੱਤਿਆਚਾਰ ਹਨ। ਸੁਡਾਨ 'ਚ ਨਸਲੀ-ਕਬਾਇਲੀ ਤਣਾਅ, ਸੀਰੀਆ 'ਚ ਸਰਕਾਰੀ ਅਤੇ ਵਿਰੋਧੀ ਧਿਰਾਂ ਦੀ ਲੜਾਈ, ਅਫ਼ਗਾਨਿਸਤਾਨ 'ਚ ਤਾਲਿਬਾਨ ਦਾ ਧਾਰਮਿਕ ਅੱਤਿਆਚਾਰ ਅਤੇ ਯੂਕ੍ਰੇਨ ਵਿੱਚ ਰੂਸੀ ਹਮਲਾ, ਇਹ ਸਭ ਮਿਲ ਕੇ ਦੁਨੀਆਂ ਨੂੰ ਸ਼ਰਨਾਰਥੀ ਸੰਕਟ ਦੀ ਅੱਗ ਵਿੱਚ ਝੋਂਕ ਰਹੇ ਹਨ। ਨਸਲਵਾਦ ਵੀ ਇੱਕ ਵੱਡਾ ਕਾਰਨ ਹੈ। ਅਫ਼ਗਾਨ ਸਿੱਖਾਂ ਅਤੇ ਕਸ਼ਮੀਰੀ ਸਿੱਖਾਂ 'ਤੇ ਹੋਈ ਹਿੰਸਾ ਇਸ ਦੀਆਂ ਜੜ੍ਹਾਂ ਨੂੰ ਦਰਸਾਉਂਦੀ ਹੈ। ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਵਰਗੀਆਂ ਸੰਸਥਾਵਾਂ ਨੇ ਇਨ੍ਹਾਂ ਮੁੱਦਿਆਂ 'ਤੇ ਵਾਰ-ਵਾਰ ਚਿਤਾਵਨੀ ਦਿੱਤੀ ਹੈ।

ਸਰਵੇਖਣ ਅਤੇ ਅੰਕੜੇ

ਸੰਯੁਕਤ ਰਾਸ਼ਟਰ ਸ਼ਰਨਾਰਥੀ ਸੰਗਠਨ ਦੀ ਰਿਪੋਰਟ ਅਪ੍ਰੈਲ 2025 ਤੱਕ ਦੇ ਅੰਕੜਿਆਂ 'ਤੇ ਆਧਾਰਿਤ ਹੈ, ਜੋ ਸੰਯੁਕਤ ਰਾਸ਼ਟਰ ਦੀਆਂ ਫ਼ੀਲਡ ਟੀਮਾਂ, ਸਰਕਾਰੀ ਸਰੋਤਾਂ ਅਤੇ ਐਨ.ਜੀ.ਓਜ. ਦੇ ਸਹਿਯੋਗ ਨਾਲ ਇਕੱਤਰ ਕੀਤੇ ਗਏ ਹਨ। ਇਸ ਵਿੱਚ 73.5 ਮਿਲੀਅਨ ਉਜੜੇ ਲੋਕ ਅਤੇ 48.6 ਮਿਲੀਅਨ ਸ਼ਰਨਾਰਥੀ/ ਸ਼ਾਮਲ ਹਨ। ਰਿਪੋਰਟ ਮੁਤਾਬਕ, 66% ਸ਼ਰਨਾਰਥੀ ਗੁਆਂਢੀ ਦੇਸ਼ਾਂ ਵਿੱਚ ਹੀ ਰਹਿੰਦੇ ਹਨ, ਜੋ ਇਸ ਧਾਰਨਾ ਨੂੰ ਤੋੜਦੀ ਹੈ ਕਿ ਸਾਰੇ ਸ਼ਰਨਾਰਥੀ ਯੂਰਪ ਜਾਂ ਅਮਰੀਕਾ ਜਾਣਾ ਚਾਹੁੰਦੇ ਹਨ।

ਇਸ ਸੰਕਟ ਦਾ ਹੱਲ ਅੰਤਰਰਾਸ਼ਟਰੀ ਸਹਿਯੋਗ ਵਿੱਚ ਹੈ। ਸੰਯੁਕਤ ਰਾਸ਼ਟਰ ਨੇ ਅਮੀਰ ਦੇਸ਼ਾਂ ਨੂੰ ਸਹਾਇਤਾ ਵਧਾਉਣ ਦੀ ਅਪੀਲ ਕੀਤੀ ਹੈ। ਸੁਡਾਨ 'ਚ ਜੰਗਬੰਦੀ, ਸੀਰੀਆ 'ਚ ਸਿਆਸੀ ਸਥਿਰਤਾ ਅਤੇ ਅਫ਼ਗਾਨਿਸਤਾਨ-ਕਸ਼ਮੀਰ ਵਿੱਚ ਨਸਲੀ ਹਿੰਸਾ ਰੋਕਣ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ। ਸਿੱਖ ਭਾਈਚਾਰੇ ਵਰਗੇ ਘੱਟ-ਗਿਣਤੀ ਸਮੂਹਾਂ ਨੂੰ ਸੁਰੱਖਿਆ ਅਤੇ ਮੁੜ ਵਸੇਬੇ ਦੀ ਗਾਰੰਟੀ ਮਿਲਣੀ ਚਾਹੀਦੀ ਹੈ।

## ਅੰਦਰੂਨੀ ਅਤੇ ਬਾਹਰੀ ਜੰਗ

ਹਾਂ, ਪ੍ਰਤਿਭਾਵਾਂ ਨੂੰ ਖਿੱਚਣ ਵਿੱਚ ਅਮਰੀਕਾ ਹੁਣ ਵੀ ਚੀਨ ਤੋਂ ਬਹੁਤ ਅੱਗੇ ਹੈ। ਹਰ ਸਾਲ ਦੁਨੀਆ ਦੇ 11 ਲੱਖ ਤੋਂ ਵੱਧ ਹੋਣਹਾਰ ਵਿਦਿਆਰਥੀ ਪੜ੍ਹਨ ਤੇ ਖੋਜ ਕਰਨ ਅਮਰੀਕਾ ਆਉਂਦੇ ਹਨ।

ਇਨ੍ਹਾਂ 'ਚੋਂ ਇੱਕ-ਤਿਹਾਈ ਇਕੱਲੇ ਭਾਰਤ ਦੇ ਹੁੰਦੇ ਹਨ। ਭਾਰਤ ਦੇ ਨੋਬਲ ਪੁਰਸਕਾਰ ਜਿੱਤਣ ਵਾਲੇ ਅਮਰੀਕੀਆਂ 'ਚੋਂ ਇੱਕ ਤਿਹਾਈ ਪਰਵਾਸੀ ਹੁੰਦੇ ਹਨ। ਸਾਫ਼ਟਵੇਅਰ ਬਣਾਉਣ ਵਾਲਿਆਂ ਵਿੱਚ 40 ਪ੍ਰਤੀਸ਼ਤ ਪਰਵਾਸੀ ਹਨ ਅਤੇ ਕੈਂਸਰ ਸੰਸਥਾਵਾਂ ਵਿੱਚ 60 ਪ੍ਰਤੀਸ਼ਤ ਤੱਕ ਪਰਵਾਸੀ ਵਿਗਿਆਨੀ ਹਨ। ਅਮਰੀਕਾ ਦੀਆਂ 10 ਸਭ ਤੋਂ ਵੱਡੀਆਂ ਕੰਪਨੀਆਂ 'ਚੋਂ ਪੰਜ ਦੇ ਮੁਖੀ ਪਰਵਾਸੀ ਹਨ। ਇਨ੍ਹਾਂ 'ਚੋਂ ਦੋ ਭਾਰਤਵੰਸ਼ੀ ਹਨ। ਚਿੰਤਾ ਇਸ ਦੀ ਹੈ ਕਿ ਯੂਨੀਵਰਸਿਟੀਆਂ ਵਿਰੁੱਧ ਛਿੜੀ ਜੰਗ ਕਾਰਨ ਅਮਰੀਕਾ ਚੀਨ 'ਤੇ ਹਾਸਲ ਆਪਣੀ ਚੜ੍ਹਤ ਨੂੰ ਵੀ ਗੁਆ ਸਕਦਾ ਹੈ ਜੋ ਉਸ ਨੂੰ ਵਿਸ਼ਵ ਦੀਆਂ ਪ੍ਰਤਿਭਾਵਾਂ ਨੂੰ ਖਿੱਚਣ ਵਿਚ ਹਾਸਲ ਹੈ।

ਯੂਨੀਵਰਸਿਟੀਆਂ 'ਚ ਵਿਦੇਸ਼ੀ ਪ੍ਰਤਿਭਾਵਾਂ ਦਾ ਆਉਣਾ ਘੱਟ ਹੋਣ ਦੇ ਨਾਲ ਅਮਰੀਕੀ ਪ੍ਰਤਿਭਾਵਾਂ ਦਾ ਪਲਾਇਨ ਵੀ ਸ਼ੁਰੂ ਹੋ ਗਿਆ ਹੈ। ਬੀਤੇ ਅਪ੍ਰੈਲ ਵਿੱਚ ਨੇਚਰ ਰਸਾਲੇ ਦੇ ਇਕ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 1,600 ਤੋਂ ਵੱਧ ਅਮਰੀਕੀ ਵਿਗਿਆਨ ਖੋਜਕਰਤਾਵਾਂ 'ਚੋਂ 75 ਪ੍ਰਤੀਸ਼ਤ ਨੇ ਕਿਹਾ ਕਿ ਉਹ ਅਮਰੀਕਾ ਛੱਡ ਕੇ ਯੂਰਪ, ਕੈਨੇਡਾ ਅਤੇ ਆਸਟ੍ਰੇਲੀਆ ਜਾਣ 'ਤੇ ਵਿਚਾਰ ਕਰ ਰਹੇ ਹਨ। ਹਾਰਵਰਡ ਸਮੇਤ ਹੋਰ ਅਮਰੀਕੀ ਯੂਨੀਵਰਸਿਟੀਆਂ 'ਚ ਦਾਖ਼ਲਾ ਲੈਣ ਵਾਲੇ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਨੂੰ ਅਮਰੀਕਾ ਵਿੱਚ ਆਪਣੇ ਭਵਿੱਖ ਦੀ ਚਿੰਤਾ ਸਤਾਉਣ ਲੱਗੀ ਹੈ।

ਅਮਰੀਕੀ ਯੂਨੀਵਰਸਿਟੀਆਂ ਵਿੱਚ ਪੈਦਾ ਹੋਏ ਸੰਕਟ ਦਾ ਭਾਰਤ ਲਈ ਸਭ ਤੋਂ ਵੱਡਾ ਸਬਕ ਅਤੇ ਮੌਕਾ ਇਹ ਹੈ ਕਿ ਇਸ ਨੂੰ ਆਪਣੇ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਆਪਣੇ ਵਿੱਦਿਅਕ ਅਦਾਰਿਆਂ ਵਿੱਚ ਖੋਜ ਤੇ ਇਨੋਵੇਸ਼ਨ ਦਾ ਪੱਧਰ ਸੁਧਾਰਨਾ ਅਤੇ ਉਸ ਨੂੰ ਨਤੀਜਾਮੁਖੀ ਬਣਾਉਣਾ ਚਾਹੀਦਾ ਹੈ।

ਭਾਰਤ ਦੀ ਇੱਕ ਵੀ ਯੂਨੀਵਰਸਿਟੀ ਦੁਨੀਆ ਦੀਆਂ ਸਭ ਤੋਂ ਸ੍ਰੇਸ਼ਠ 100 ਯੂਨੀਵਰਸਿਟੀਆਂ ਵਿੱਚ ਸ਼ੁਮਾਰ ਨਹੀਂ ਹੈ। ਜਦ ਚੀਨ ਦੀਆਂ ਪੰਜ ਯੂਨੀਵਰਸਿਟੀਆਂ ਇਸ ਤਾਲਿਕਾ ਵਿੱਚ ਜਗ੍ਹਾ ਬਣਾ ਸਕਦੀਆਂ ਹਨ ਤਾਂ ਭਾਰਤ ਦੀਆਂ ਕਿਉਂ ਨਹੀਂ? ਭਾਰਤ ਨੂੰ ਆਪਣੀ ਵਿੱਦਿਅਕ ਵਿਰਾਸਤ 'ਤੇ ਮਾਣ ਹੈ। ਪਰ ਹੁਣ ਸਮੇਂ ਦੇ ਨਾਲ ਚੱਲਣ ਲਈ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ।

ਦੇਸ਼ ਦਾ ਵਿਕਾਸ ਸਿਰਫ਼ ਤਕਸ਼ਿਲਾ ਅਤੇ ਨਾਲੰਦਾ ਦੀ ਮਹੱਤਤਾ ਗਾਉਣ ਨਾਲ ਨਹੀਂ, ਅੱਜ ਦੀਆਂ ਯੂਨੀਵਰਸਿਟੀਆਂ ਨੂੰ ਉਹੋ ਜਿਹੀਆਂ ਬਣਾਉਣ ਅਤੇ ਇਹ ਯਕੀਨੀ ਕਰਨ ਨਾਲ ਹੋਵੇਗਾ ਕਿ ਉਹ ਰਾਜਨੀਤੀ ਦੇ ਅਖਾੜੇ ਬਣਨ ਦੀ ਜਗ੍ਹਾ ਪ੍ਰਯੋਗਿਕ ਖੋਜ ਅਤੇ ਇਨੋਵੇਸ਼ਨ ਦੀਆਂ ਕੇਂਦਰ ਬਣਨ।

***

## ਭਾਰਤ 'ਚ ਕਦੋਂ ਆਏਗਾ ਬਦਲਾਅ?

ਉਹ ਬਦਲਾਅ 'ਚ ਵੱਡਾ ਅੜਿੱਕਾ ਸਾਬਤ ਹੋ ਰਹੀ ਹੈ। ਸਿਆਸਤ ਦੇ ਨਾਲ ਸਮਾਜਿਕ ਬਦਲਾਅ ਲਈ ਵਿਸ਼ੇਸ਼ ਭੂਮਿਕਾ ਦੇਸ਼ ਜਾਂ ਖ਼ਿੱਤੇ ਦੇ ਬੁਨਿਆਦੀ ਸਿਆਣੇ ਲੋਕਾਂ ਕਾਰਨ ਸੰਭਵ ਹੁੰਦੀ ਹੈ, ਪਰ ਜਿਸ ਢੰਗ ਨਾਲ ਉਹ ਡਰ ਅਤੇ ਦਬਾਅ ਹੇਠ ਜ਼ਿੰਦਗੀ ਜੀਊ ਰਹੇ ਹਨ, ਉਸ ਨਾਲ ਉਹ ਬਦਲਾਅ ਲਈ ਅੱਗੇ ਕਿਵੇਂ ਆਉਣਗੇ? ਡਰ ਦਾ ਮਾਹੌਲ, ਵਿਚਾਰਾਂ ਉੱਤੇ ਬੰਦਸ਼ਾਂ, ਬਿਨ੍ਹਾਂ ਸ਼ੱਕ ਬਦਲਾਅ ਲਈ ਵੱਡੀ ਰੁਕਾਵਟ ਸਾਬਤ ਹੋ ਰਹੀਆਂ ਹਨ।

ਅਸਲ ਅਰਥਾਂ 'ਚ ਉਹੀ ਦੇਸ਼ ਵਿਕਸਤ ਹੋ ਸਕਦਾ ਹੈ, ਜੋ ਆਪਣੇ ਨਾਗਰਿਕਾਂ ਨੂੰ ਖ਼ੁਸ਼ਹਾਲ ਜੀਵਨ ਦੇ ਸਕਦਾ ਹੈ, ਜਿਹੜਾ ਸਿੱਖਿਆ, ਸਿਹਤ, ਵਾਤਾਵਰਨ, ਖ਼ੁਰਾਕੀ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰ ਸਕਦਾ ਹੈ। ਅੱਜ ਦੇਸ਼ 'ਚ ਨਾ ਸੰਪੂਰਨ ਖੇਤੀ ਹੈ, ਨਾ ਹੀ ਸੰਪੂਰਨ ਰੁਜ਼ਗਾਰ! ਅੱਜ ਦੇਸ਼ ਪੌਸ਼ਟਿਕ ਅਹਾਰ ਤੋਂ ਸੱਖਣਾ ਜ਼ਹਿਰ ਯੁਕਤ ਭੋਜਨ ਖਾਣ ਲਈ ਮਜਬੂਰ ਹੈ। ਦੇਸ਼ 'ਚ ਪ੍ਰਦੂਸ਼ਨ ਪਸਰਿਆ ਪਿਆ ਹੈ। ਗੰਦਗੀ ਦੇ ਢੇਰ ਹਨ। ਰਸਾਇਣਾਂ ਦੀ ਆਮ ਵਰਤੋਂ ਹੈ। ਇਹੋ ਜਿਹੀ ਸਥਿਤੀ 'ਚ ਬਦਲਾਅ ਉਠ ਦੇ ਬੁੱਲ੍ਹ ਹੁਣ ਵੀ ਡਿੱਗਿਆ ਕਿ ਹੁਣ ਵੀ ਡਿੱਗਿਆ ਵਾਂਗਰ ਦਿਸਦਾ ਹੈ।

ਲੋਕ ਬਦਲਾਅ ਭਾਲਦੇ ਹਨ। ਹਰ ਸਿਆਸੀ ਪਾਰਟੀ ਬਦਲਾਅ ਦਾ ਨਾਹਰਾ ਦੇ ਕੇ ਹਾਕਮ ਬਣਨ ਲਈ ਤਤਪਰ ਹੈ। ਸਿਆਸਤਦਾਨਾਂ ਵੱਲੋਂ ਪੇਸ਼ ਕੀਤੀਆਂ ਰਿਆਇਤਾਂ ਨਾਲ ਲੋਕ ਭਰਮ ਜਾਲ 'ਚ ਫਸਦੇ ਹਨ। ਛੋਟੀਆਂ-ਛੋਟੀਆਂ ਰਿਆਇਤਾਂ ਉਹਨਾਂ ਨੂੰ ਕੁਝ ਸੰਤੁਸ਼ਟੀ ਜਾਂ ਮਾਨਸਿਕ ਆਰਾਮ ਤਾਂ ਦਿੰਦੀਆਂ ਹੋਣਗੀਆਂ, ਪਰ ਜਦੋਂ ਵਿਅਕਤੀ ਬੁਢਾਪੇ 'ਚ ਆਉਂਦਾ ਹੈ ਤਾਂ ਉਸ ਦੀ ਸਮਾਜਿਕ ਸੁਰੱਖਿਆ ਕਿੱਥੇ ਹੈ? ਆਬਾਦੀ ਦਾ ਕੁਝ ਹਿੱਸਾ ਸਰਕਾਰੀ ਪੈਨਸ਼ਨ ਪ੍ਰਾਪਤ ਕਰਦਾ ਹੈ, ਕੁਝ ਆਬਾਦੀ ਨੂੰ ਨਿਗੂਣੀ ਜਿਹੀ ਬੁਢਾਪਾ ਪੈਨਸ਼ਨ ਮਿਲਦੀ ਹੈ। (500 ਰੁਪਏ ਮਹੀਨਾ ਤੋਂ 2000 ਮਹੀਨਾ), ਪਰ ਵੱਡੀ ਆਬਾਦੀ ਇਨ੍ਹਾ ਸਹੂਲਤਾਂ ਤੋਂ ਵਿਰਵੀ ਹੈ।

ਮਨੁੱਖ ਦਾ ਜੀਵਨ ਮੌਜੂਦਾ ਦੌਰ 'ਚ ਗੁੰਝਲਦਾਰ ਬਣਦਾ ਜਾ ਰਿਹਾ ਹੈ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਟੈਕਨੋਲੋਜੀ ਨੇ ਸੰਸਾਰ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਦਾ ਯਤਨ ਤਾਂ ਕੀਤਾ ਹੈ, ਪਰ ਮਨੁੱਖੀ ਇਕੱਲਤਾ 'ਚ ਵਾਧਾ ਹੋਇਆ ਹੈ, ਮਨੁੱਖ ਇਹੋ ਜਿਹੇ ਬਦਲਾਅ ਦਾ ਨੇੜ-ਭਵਿੱਖ 'ਚ ਸ਼ਾਇਦ ਸਾਰਥੀ ਵੀ ਨਾ ਬਣ ਸਕੇ।

ਪਰ ਅਸਲ ਬਦਲਾਅ ਮਹਾਂਨਗਰਾਂ ਦੇ ਕੁਝ ਹਿੱਸੇ 'ਚ ਬਣੀਆਂ ਗਗਨ ਚੁੰਬੀ ਇਮਾਰਤਾਂ ਨਹੀਂ। ਨਾ ਹੀ ਹਰ ਹੱਥ 'ਚ ਮੋਬਾਇਲ ਨੂੰ ਬਦਲਾਅ ਕਹਿ ਸਕਦੇ ਹਾਂ। ਅਸਲ ਬਦਲਾਅ ਤਾਂ ਮਨੁੱਖੀ ਜ਼ਿੰਦਗੀ ਸਾਂਵੀਂ ਪੱਧਰੀ ਬਣਾਉਣ 'ਚ ਹੈ। ਇਸ 'ਚ ਵੱਡਾ ਰੋਲ ਸਰਕਾਰਾਂ ਦਾ ਹੈ। ਸਰਕਾਰਾਂ ਇਸ ਪ੍ਰਤੀ ਅਵੇਸਲੀਆਂ ਹਨ। ਦੇਸ਼ ਭਾਰਤ 'ਚ ਸਰਕਾਰਾਂ ਚਲਾਉਣ ਵਾਲੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਤੌਰ ਤਰੀਕਿਆਂ 'ਚ ਬਦਲਾਅ ਨਹੀਂ ਹੈ। ਉਹ ਏ.ਸੀ. ਦਫ਼ਤਰਾਂ 'ਚ ਬੈਠ ਸਕੀਮਾਂ ਘੜਦੇ ਹਨ, ਆਪਣੇ ਆਕਾ ਕਾਰਪਰੇਟਾਂ ਨੂੰ ਖ਼ੁਸ਼ ਕਰਦੇ ਹਨ, ਵੱਡੇ-ਵੱਡੇ ਨਾਹਰੇ ਵਿਕਸਤ ਕਰਦੇ ਹਨ। ਸਵੇਰ-ਸ਼ਾਮ ਇੰਨਾ ਦਾ ਪ੍ਰਚਾਰ ਕਰਵਾਉਂਦੇ ਹਨ ਅਤੇ ਲੋਕ ਇਸ ਪ੍ਰਚਾਰ ਨਾਲ ਠੱਗੇ ਜਾਂਦੇ ਹਨ।

ਦੇਸ਼ 'ਚ ਬਦਲਾਅ ਉਦੋਂ ਆਏਗਾ, ਜਦੋਂ 'ਦੇਸ਼ ਦਾ ਨੇਤਾ' ਲੋਕਾਂ ਪ੍ਰਤੀ ਇਮਾਨਦਾਰ ਹੋਏਗਾ। ਦੇਸ਼ 'ਚ ਸੁਸ਼ਾਸਨ ਹੋਏਗਾ। ਲੋਕਾਂ ਨੂੰ ਲੋੜੀਂਦੀਆਂ ਸੁੱਖ ਸਹੂਲਤਾਂ ਮਿਲਣਗੀਆਂ। ਹਰ ਇੱਕ ਲਈ ਬਰਾਬਰ ਦੀ ਸਿੱਖਿਆ ਹੋਏਗੀ ਅਤੇ ਹਰ ਇੱਕ ਲਈ ਰੁਜ਼ਗਾਰ ਹੋਏਗਾ। ਬੋਲਣ, ਪੜ੍ਹਨ, ਲਿਖਣ ਦੀ ਆਜ਼ਾਦੀ ਹੋਏਗੀ। ਸਵਰਾਜ ਹੋਏਗਾ।

***

## ਬੜੇ ਚੇਤੇ ਆਉਂਦੇ ਨੇ ਆਪਣਾ

ਬੜੇ ਚੇਤੇ ਆਉਂਦੇ ਨੇ ਆਪਣਾ ਆਪਣੇ ਮੁਲਕ ਦੀ ਮਿੱਟੀ ਤੇ ਹਵਾ ਨੂੰ ਪਿਆਰ ਕਰੇਗਾ। ਆਪਣੇ ਮੁਲਕ ਦੀ ਹਰ ਵਸਤੂ ਉਸ ਨੂੰ ਖਿੱਚ ਪਾਵੇਗੀ। ਆਪਣੇ ਦੇਸ਼ ਦੇ ਲੋਕਾਂ ਵਿੱਚ ਰਚ ਮਿਚ ਕੇ ਜੋ ਆਨੰਦ ਇੱਕ ਇਨਸਾਨ ਪ੍ਰਾਪਤ ਕਰ ਸਕਦਾ ਹੈ, ਉਹ ਉਸ ਨੂੰ ਬਾਹਰਲੇ ਮੁਲਕਾਂ ਵਿੱਚ ਨਹੀਂ ਮਿਲ ਸਕਦਾ। ਉੱਥੇ ਤਾਂ ਇੱਕ ਗੁਆਂਢੀ ਦੂਜੇ ਗੁਆਂਢੀ ਨਾਲ ਗੱਲ ਕਰਕੇ ਰਾਜ਼ੀ ਨਹੀਂ। ਹਰ ਇਨਸਾਨ ਆਪਣੇ ਹੀ ਕੰਮਾਂ-ਕਾਰਾਂ ਵਿੱਚ ਮਸਤ ਜੀਵਨ ਬਤੀਤ ਕਰਦਾ ਹੈ।

ਇਹੀ ਵਜ੍ਹਾ ਹੈ ਕਿ ਪਹਾੜਾਂ 'ਤੇ ਵੱਸਦੇ ਲੋਕ, ਗ਼ਰੀਬੀ ਹੰਢਾ ਕੇ ਵੀ ਖ਼ੁਸ਼ੀਆਂ ਵਿੱਚ ਜੀਵਨ ਬਤੀਤ ਕਰਦੇ ਹਨ। ਆਪਣੇ ਦੇਸ਼ ਲਈ ਮਰ ਮਿਟਣ ਵਾਲੇ ਸ਼ਹੀਦ, ਯੋਧੇ ਤੇ ਕਲਾਕਾਰ ਆਪਣੀ ਮਿੱਟੀ ਨੂੰ ਪੂਜਦੇ ਹਨ। ਆਪਣੇ ਮੁਲਕ ਨੂੰ ਪਿਆਰ ਕਰਦੇ ਹਨ। ਸਰਹੱਦ 'ਤੇ ਖਲੋਤੇ ਸਿਪਾਹੀ, ਦੇਸ਼ ਦੀ ਆਨ-ਸ਼ਾਨ ਖ਼ਾਤਰ ਜਾਨ ਵੀ ਦਾਅ 'ਤੇ ਲਾ ਦਿੰਦੇ ਹਨ ਕਿਉਂਕਿ ਜਿਸ ਦੇਸ਼ ਵਿੱਚ ਇਨਸਾਨ ਨੇ ਜਨਮ ਲਿਆ, ਉਸ ਦੀ ਰਾਖੀ ਕਰਨੀ ਇਨਸਾਨ ਦਾ ਪਹਿਲਾ ਫ਼ਰਜ਼ ਹੈ।

***

## ਵਿਰੋਧ ਪ੍ਰਦਰਸ਼ਨਾਂ ਦਰਮਿਆਨ ਲਾਸ ਏਂਜਲਸ

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅੱਜ ਲੋਕ ਡਰ ਦੇ ਸਾਏ ਹੇਠ ਜੀ ਰਹੇ ਹਨ, ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਮੇਅਰ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਰਾਸ਼ਟਰ ਵਿਆਪੀ ਤਜਰਬਾ ਕਰ ਰਿਹਾ ਹੈ ਕਿ ਕਿਸ ਤਰ੍ਹਾਂ ਸੰਘੀ ਸਰਕਾਰ ਗਵਰਨਰ ਤੇ ਸਥਾਨਕ ਨਿਆਂਪਾਲਿਕਾ ਕੋਲੋਂ ਸੱਤਾ ਤੇ ਅਧਿਕਾਰ ਖੋਹ ਸਕਦੀ ਹੈ। ਬਾਸ ਨੇ ਦੋਸ਼ ਲਾਇਆ ਹੈ ਕਿ ਟਰੰਪ ਪ੍ਰਸ਼ਾਸਨ ਜਾਣਬੁੱਝ ਕੇ ਡਰ ਦਾ ਮਾਹੌਲ ਪੈਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਹੈ ਕਿ ਜਦੋਂ ਘਰਾਂ ਤੇ ਕੰਮ ਵਾਲੀਆਂ ਥਾਵਾਂ 'ਤੇ ਛਾਪੇ ਮਾਰੇ ਜਾ ਰਹੇ ਹਨ, ਮਾਪਿਆਂ ਤੇ ਬੱਚਿਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਤਾਂ ਇਹ ਲੋਕਾਂ ਨੂੰ ਸੁਰੱਖਿਅਤ ਕਰਨ ਦੀ ਕਾਰਵਾਈ ਨਹੀਂ ਹੈ ਬਲ ਕਿ ਡਰ ਤੇ ਅਫ਼ਰਾ ਤਫ਼ਰੀ ਫ਼ੈਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

***

## ਭਾਰਤ ਵਿਸ਼ਵ ਦੀ ਚੌਥੀ ਆਰਥਿਕਤਾ ਬਣ ਗਿਆ

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿੱਚ ਪਹਿਲੇ ਸਥਾਨ 'ਤੇ ਵੀ ਆ ਜਾਵੇ ਪਰ ਇਸ ਦੇ ਕੋਈ ਮਾਅਨੇ ਨਹੀਂ ਹੋਣਗੇ, ਜਦੋਂ ਤੱਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣ ਦਾ ਨਹੀਂ ਬਣਾਇਆ ਜਾਂਦਾ। ਦੇਸ਼ ਵਿੱਚ ਜਦੋਂ ਤੱਕ ਭੁੱਖਮਰੀ ਦੇ ਖ਼ਾਤਮੇ, ਗਰੀਬੀ ਦੇ ਖ਼ਾਤਮੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਕਾਣੀ ਵੰਡ ਦੇ ਖ਼ਾਤਮੇ ਦੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ, ਉਦੋਂ ਤੱਕ ਦੇਸ਼ ਦੇ ਆਮ ਲੋਕਾਂ ਨੂੰ ਭਾਰਤ ਦੇ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਦੇ ਪਹਿਲੇ ਜਾਂ ਚੌਥੇ ਦਰਜੇ ਦਾ ਮੁਲਕ ਬਣਨ ਦਾ ਕੋਈ ਲਾਭ ਨਹੀਂ ਹੋਵੇਗਾ।

**

## 15000 ਵਿਦੇਸ਼ੀਆਂ ਨੇ ਗੋਲਡ ਕਾਰਡ

ਟਰੰਪ ਨੇ ਟਰੁੱਥ ਸ਼ੋਸਲ ਮੀਡੀਆ ਉੱਪਰ ਲਿੱਖਿਆ ਹੈ ਕਿ ਬੀਤੀ ਰਾਤ ਸਾਈਟ ਖੋਲਣ ਤੋਂ ਬਾਅਦ 15000 ਤੋਂ ਵਧ ਵਿਦੇਸ਼ੀਆਂ ਨੇ ਗੋਲਡ ਕਾਰਡ ਪ੍ਰੋਗਰਾਮ ਤਹਿਤ ਅਮਰੀਕਾ ਆਉਣ ਦੀ ਇੱਛਾ ਪ੍ਰਗਟਾਈ ਹੈ ਜਿਸ ਦਾ ਮਤਲਬ ਹੈ ਕਿ 75 ਅਰਬ ਡਾਲਰ ਅਮਰੀਕੀ ਖ਼ਜ਼ਾਨੇ ਵਿੱਚ ਆਉਣਗੇ।

ਵੈੱਬਸਾਈਟ ਉੱਪਰ ਵਿਦੇਸ਼ੀਆਂ ਨੂੰ ਨਾਂ, ਖੇਤਰ, ਈ ਮੇਲ ਪਤਾ ਪੁੱਛਿਆ ਜਾਂਦਾ ਹੈ ਤੇ ਨਾਲ ਹੀ ਇਹ ਪੁੱਛਿਆ ਜਾਂਦਾ ਹੈ ਕਿ ਉਹ ਅਮਰੀਕਾ ਵੱਸਣ ਲਈ ਜਾਂ ਕਾਰੋਬਾਰ ਕਰਨ ਲਈ ਆਉਣਾ ਚਹੁੰਦੇ ਹਨ। ਇਥੇ ਵਰਣਨਯੋਗ ਹੈ ਕਿ ਕਈ ਵਿਦੇਸ਼ੀਆਂ ਨੇ ਸਾਈਟ ਉੱਪਰ ਪ੍ਰੋਗਰਾਮ ਦਾ ਵੇਰਵਾ ਜਾਣਨ ਲਈ ਹੀ ਬੇਨਤੀ ਕੀਤੀ ਹੈ।

***

## ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲ

ਸਦਾ ਸਮਰਪਿਤ ਰਹੇਗਾ। 18ਵੀਂ ਸਦੀ ਵਿੱਚ ਜਦੋਂ ਹਕੂਮਤਾਂ ਨੇ ਸਿੱਖਾਂ ਦਾ ਖੁਰਾਖੋਜ ਮਿਟਾਉਣ ਦਾ ਐਲਾਨ ਕੀਤਾ, ਤਾਂ ਕੌਮ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਗਵਾਈ ਲੈ ਅਬਦਾਲੀ ਨੂੰ ਗਜ਼ਨੀ ਤੱਕ ਭਜਾਇਆ।

ਉਨ੍ਹਾਂ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਅੱਜ ਸਿੱਖਾਂ ਨੂੰ ਗੁਰੂ ਤੇ ਗੁਰੂ ਦੇ ਸਿਧਾਂਤ ਨਾਲੋਂ ਤੋੜਨ ਲਈ ਫੈਲਾਈ ਜਾ ਰਹੀ ਲੱਚਰਤਾ ਦਾ ਮੁਕਾਬਲਾ ਸੁਚੇਤ ਤੇ ਚੇਤੰਨ ਰੂਪ ਵਿੱਚ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਆਪਣੀ ਜ਼ਿੰਮੇਵਾਰੀ ਸਮਝੀਏ ਅਤੇ ਅਜਿਹੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਬੱਚਿਆਂ ਨੂੰ ਧਰਮ ਨਾਲ ਜੋੜੀਏ।

ਉਨ੍ਹਾਂ ਸਮੁੱਚੀ ਕੌਮ ਨੂੰ ਖੁਆਰੀਆਂ ਵਿਚੋਂ ਨਿਕਲਣ ਲਈ ਗੁਰੂ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਇਕੱਤਰ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਤੋਂ ਪਹਿਲਾਂ ਸਥਾਪਨਾ ਦਿਵਸ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਮਗਰੋਂ ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਦੇ ਜਥੇ ਨੇ ਪੁਰਾਤਨ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਦਾ ਕੀਰਤਨ ਕੀਤਾ।

ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ। ਉਨ੍ਹਾਂ ਨੇ ਸੰਗਤਾਂ ਨੂੰ ਇਸ ਦਿਨ ਦੇ ਇਤਿਹਾਸ ਨਾਲ ਜੋੜਦਿਆਂ ਕਿਹਾ ਕਿ ਛੇਵੇਂ ਗੁਰੂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰਕੇ ਮੀਰੀ ਪੀਰੀ ਦਾ ਸਿਧਾਂਤ ਦਿੱਤਾ। ਜ਼ੁਲਮ ਨਾਲ ਟੱਕਰ ਲੈਣ ਲਈ ਸਿੱਖਾਂ ਨੂੰ ਸ਼ਸਤਰ ਵਿਦਿਆ ਦਾ ਅਭਿਆਸ ਕਰਵਾ ਕੇ ਕੌਮ ਅੰਦਰ ਬੀਰਰੱਸ ਦੀ ਭਾਵਨਾ ਭਰੀ।

ਗੁਰੂ ਸਾਹਿਬ ਨੇ ਤਖ਼ਤ 'ਤੇ ਬਿਰਾਜਮਾਨ ਹੋ ਕੇ ਸਿੱਖ ਸੂਰਮਿਆਂ ਵਿੱਚ ਜੋਸ਼ ਭਰਨ ਲਈ ਢਾਡੀ ਵਾਰਾਂ ਸ਼ੁਰੂ ਕਰਵਾਈਆਂ। ਇਹ ਸਿੱਖ ਇਤਿਹਾਸ ਦਾ ਉਹ ਪੰਨਾ ਹੈ, ਜਿਸ ਨੇ ਕੌਮ ਅੰਦਰ ਅਣਖ, ਜਜ਼ਬਾ ਤੇ ਦ੍ਰਿੜ੍ਹਤਾ ਪੈਦਾ ਕੀਤੀ ਹੈ।

***

## ਪੰਜਾਬ ਆਲੂ ਇੰਡਸਟਰੀ 'ਚ ਗੁਜਰਾਤ

2023 ਵਿੱਚ, ਭਾਰਤ ਨੇ ਸਿਰਫ਼ 55 ਟਨ ਫ੍ਰੋਜ਼ਨ ਆਲੂ ਉਤਪਾਦ ਆਯਾਤ ਕੀਤੇ, ਜੋ 2010-11 ਦੇ 7,800 ਟਨ ਦੇ ਮੁਕਾਬਲੇ ਨਾਂ-ਮਾਤਰ ਹੈ। ਗੁਜਰਾਤ ਦੀਆਂ ਕੰਪਨੀਆਂ ਜਿਵੇਂ ਹਾਈਫਨ ਅਤੇ ਇਸਕਾਨ ਬਾਲਾਜੀ ਨੇ ਵਿਸ਼ਵ ਵਿਆਪੀ ਮੰਡੀਆਂ ਵਿੱਚ ਭਾਰਤੀ ਫ੍ਰੋਜ਼ਨ ਫ਼ਰਾਈਜ਼ ਨੂੰ ਸਥਾਪਤ ਕੀਤਾ।

ਦੂਜੇ ਪਾਸੇ, ਪੰਜਾਬ ਵਿੱਚ ਵਪਾਰ ਦੀ ਸੰਭਾਵਨਾ ਸਰਹੱਦ ਪਾਰ ਵਪਾਰ (ਖਾਸਕਰ ਪਾਕਿਸਤਾਨ ਨਾਲ) 'ਤੇ ਨਿਰਭਰ ਕਰਦੀ ਹੈ, ਪਰ ਸਿਆਸੀ ਅਤੇ ਸੁਰੱਖਿਆ ਮੁੱਦਿਆਂ ਕਾਰਨ ਅਟਾਰੀ-ਵਾਹਗਾ ਸਰਹੱਦ ਰਾਹੀਂ ਵਪਾਰ ਭਾਰਤ ਤੇ ਪਾਕਿ ਤਣਾਅ ਕਾਰਨ ਸੀਮਤ ਹੈ।

***

## ਅਜੋਕੀ ਰਾਜਨੀਤੀ ਵਿੱਚ ਸਿੱਖ ਭਾਈਚਾਰਾ ਆਪਣੀ

ਇਹ ਰੁਝਾਨ ਸਿਰਫ਼ ਉੱਤਰ ਪ੍ਰਦੇਸ਼ ਤੱਕ ਹੀ ਸੀਮਤ ਨਹੀਂ ਹੈ, ਸਗੋਂ ਪੰਜਾਬ ਤੋਂ ਵੀ ਇਹ ਲਗਾਤਾਰ ਖ਼ਬਰਾਂ ਆ ਰਹੀਆਂ ਹਨ ਕਿ ਇੱਕ ਖ਼ਾਸ ਧਰਮ ਨਾਲ ਸੰਬੰਧਿਤ ਧਾਰਮਿਕ ਆਗੂਆਂ ਵੱਲੋਂ ਗਰੀਬ ਸਿੱਖ ਪਰਿਵਾਰਾਂ ਨੂੰ ਲੋਭ-ਲਾਲਚ ਦੇ ਕੇ ਜਾਂ ਅੰਧਵਿਸ਼ਵਾਸ ਵਿੱਚ ਫਸਾ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਾਇਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸਦਾ ਗੰਭੀਰਤਾ ਨਾਲ ਨੋਟਿਸ ਲੈਣਾ ਚਾਹੀਦਾ ਹੈ ਅਤੇ ਗ਼ਰੀਬ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਅਤੇ ਲੋੜੀਂਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਵੀ ਕੋਈ ਪ੍ਰਭਾਵੀ ਯੋਜਨਾਬੰਦੀ ਕਰਨੀ ਚਾਹੀਦੀ ਹੈ। ਉਨ੍ਹਾਂ ਵਿੱਚ ਸਿੱਖੀ ਦਾ ਪ੍ਰਚਾਰ-ਪ੍ਰਸਾਰ ਵੀ ਕੀਤਾ ਜਾਣਾ ਚਾਹੀਦਾ ਹੈ। ਸਿੱਖ ਪੰਥ ਦੇ ਕੀਰਤਨੀ ਜਥਿਆਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਨੂੰ ਵਿਸ਼ੇਸ਼ ਤੌਰ 'ਤੇ ਦਿਹਾਤੀ ਖੇਤਰਾਂ 'ਤੇ ਖ਼ਾਸ ਕਰਕੇ ਗ਼ਰੀਬ ਪਰਿਵਾਰਾਂ ਤੱਕ ਪਹੁੰਚ ਕਰਨ ਲਈ ਧਿਆਨ ਦੇਣਾ ਚਾਹੀਦਾ ਹੈ। ਇਹ ਵੀ ਬੇਹੱਦ ਜ਼ਰੂਰੀ ਹੈ ਕਿ ਵੱਖ-ਵੱਖ ਤਖ਼ਤਾਂ ਦੇ ਜਥੇਦਾਰਾਂ ਦੀਆਂ ਨਿਯੁਕਤੀਆਂ, ਕਾਰਜ ਖੇਤਰ ਅਤੇ ਉਨ੍ਹਾਂ ਨੂੰ ਸੇਵਾਮੁਕਤ ਕਰਨ ਸੰਬੰਧੀ ਹੁਣ ਵਿਧੀ-ਵਿਧਾਨ ਜ਼ਰੂਰ ਬਣਾਇਆ ਜਾਵੇ। ਇਸ ਸੰਬੰਧੀ ਭਵਿੱਖ ਵਿੱਚ ਕਾਹਲੀ ਨਾਲ ਕੋਈ ਫ਼ੈਸਲੇ ਨਾ ਲਏ ਜਾਣ, ਜੋ ਪੰਥ ਵਿੱਚ ਹੋਰ ਵੀ ਵਿਵਾਦ ਪੈਦਾ ਕਰਨ ਵਾਲੇ ਹੋਣ।

ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਜੇਕਰ ਸਿੱਖ ਪੰਥ ਦੀ ਰਾਜਨੀਤਕ ਅਤੇ ਧਾਰਮਿਕ ਲੀਡਰਸ਼ਿਪ ਮੁੜ ਤੋਂ ਆਪਣੇ ਆਪ ਨੂੰ ਸੱਚੇ ਦਿਲੋਂ ਸਿੱਖ ਸਿਧਾਂਤਾਂ ਨੂੰ ਸਮਰਪਿਤ ਹੁੰਦੀ ਹੈ ਅਤੇ ਪੂਰੀ ਸ਼ਿੱਦਤ ਨਾਲ ਆਪਣੇ ਖ਼ੁਦ ਦੇ ਅਮਲਾਂ ਨੂੰ ਉਨ੍ਹਾਂ ਮੁਤਾਬਿਕ ਢਾਲਦੀ ਹੈ ਤਾਂ ਹੀ ਉਹ ਪੰਜਾਬ ਅਤੇ ਦੇਸ਼ ਦੀ ਰਾਜਨੀਤੀ ਵਿੱਚ ਅਤੇ ਪੰਥ ਦੇ ਧਾਰਮਿਕ ਖੇਤਰ ਵਿੱਚ ਆਪਣਾ ਬਣਦਾ ਰੋਲ ਅਦਾ ਕਰਨ ਦੇ ਸਮਰੱਥ ਹੋ ਸਕੇਗੀ।

****

## ਮੈਨਚੈਸਟਰ ਵਿੱਚ ਪਾਕਿਸਤਾਨੀ ਗਰੂਮਿੰਗ ਗੈਂਗ

ਕੇਸੀ ਦੀ ਰਿਪੋਰਟ ਵਿੱਚ ਸੰਭਾਵਨਾ ਹੈ ਕਿ ਪੁਲਿਸ ਅਤੇ ਸਥਾਨਕ ਅਧਿਕਾਰੀਆਂ ਦੀ ਨਾਕਾਮੀ, ਖਾਸ ਕਰਕੇ ਨਸਲਵਾਦ ਦੇ ਡਰ ਕਾਰਨ ਪੀੜਤ ਕੁੜੀਆਂ ਨੂੰ ਨਜ਼ਰਅੰਦਾਜ਼ ਕਰਨ ਦੇ ਮੁੱਦੇ, ਨੂੰ ਉਜਾਗਰ ਕੀਤਾ ਜਾਵੇਗਾ। ਸਰਕਾਰ ਨੇ ਸਖ਼ਤ ਕਾਨੂੰਨ ਅਤੇ ਸਜ਼ਾਵਾਂ ਦੀ ਵੀ ਵਕਾਲਤ ਕੀਤੀ ਹੈ। ਮੈਨਚੈਸਟਰ ਮਾਮਲੇ ਵਿੱਚ, ਜੱਜ ਨੇ ਦੋਸ਼ੀਆਂ ਨੂੰ ਲੰਮੀ ਜੇਲ੍ਹ ਸਜ਼ਾ ਦੀ ਚੇਤਾਵਨੀ ਦਿੱਤੀ, ਜੋ ਸਰਕਾਰ ਦੀ ਸਖ਼ਤੀ ਦੀ ਨੀਤੀ ਨੂੰ ਦਰਸਾਉਂਦੀ ਹੈ। ਇਸ ਤੋਂ ਇਲਾਵਾ, ਸਕੂਲਾਂ ਅਤੇ ਸੋਸ਼ਲ ਸਰਵਿਸਿਜ਼ ਵਿੱਚ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਤਾਂ ਜੋ ਨਾਬਾਲਗ ਬੱਚਿਆਂ ਨੂੰ ਅਜਿਹੇ ਗਿਰੋਹਾਂ ਤੋਂ ਬਚਾਇਆ ਜਾ ਸਕੇ।

****

## ਡਿਜੀਟਲ ਜਾਇਦਾਦਾਂ ਦੀ ਦੁਨੀਆ 'ਚ

ਗੋਲਫ਼ ਰਿਜ਼ੋਰਟਾਂ ਜੁਪਿਟਰ, ਡੋਰਲ ਤੇ ਵੈਸਟ ਪਾਮ ਬੀਚ ਅਤੇ ਨਿੱਜੀ ਕਲੱਬ ਮਾਰ-ਆ-ਲਾਗੋ ਨੇ ਮਿਲ ਕੇ 217.7 ਮਿਲੀਅਨ ਡਾਲਰ ਤੋਂ ਵੱਧ ਦੀ ਆਮਦਨ ਦਿੱਤੀ ਹੈ। ਇਕੱਲੇ ਟਰੰਪ ਨੈਸ਼ਨਲ ਡੋਰਲ ਤੋਂ ਉਨ੍ਹਾਂ ਨੂੰ 110.4 ਮਿਲੀਅਨ ਡਾਲਰ ਦੀ ਕਮਾਈ ਹੋਈ ਹੈ, ਜੋ ਕਿਸੇ ਇਕ ਜਾਇਦਾਦ ਤੋਂ ਹੋਣ ਵਾਲੀ ਸਭ ਤੋਂ ਵੱਡੀ ਆਮਦਨ ਹੈ।

ਭਾਰਤ ਤੋਂ ਵੀ ਕਮਾਏ 10 ਮਿਲੀਅਨ ਡਾਲਰ ਟਰੰਪ ਨੇ ਕੌਮਾਂਤਰੀ ਪੱਧਰ 'ਤੇ ਵੀ ਕਈ ਸੌਦਿਆਂ ਤੋਂ ਮੋਟੀ ਕਮਾਈ ਕੀਤੀ ਹੈ। ਵੀਅਤਨਾਮ ਦੇ ਇੱਕ ਪ੍ਰਾਜੈਕਟ ਤੋਂ ਉਨ੍ਹਾਂ ਨੂੰ 5 ਮਿਲੀਅਨ ਡਾਲਰ ਦੀ ਲਾਇਸੈਂਸ ਫ਼ੀਸ, ਭਾਰਤ ਵਿੱਚ ਇੱਕ ਰੀਅਲ ਅਸਟੇਟ ਡੀਲ ਤੋਂ 10 ਮਿਲੀਅਨ ਡਾਲਰ ਦੀ ਫ਼ੀਸ ਅਤੇ ਦੁਬਈ ਦੇ ਇੱਕ ਆਲੀਸ਼ਾਨ ਪ੍ਰਾਜੈਕਟ ਤੋਂ ਲੱਗਭਗ 16 ਮਿਲੀਅਨ ਡਾਲਰ ਦੀ ਰਾਇਲਟੀ ਆਮਦਨ ਹੋਈ ਹੈ। ਇਹ ਅੰਕੜੇ ਦੱਸਦੇ ਹਨ ਕਿ ਟਰੰਪ ਬ੍ਰਾਂਡ ਅੱਜ ਵੀ ਵੈਸ਼ਵਿਕ ਬਾਜ਼ਾਰ ਵਿੱਚ ਕਾਰੋਬਾਰੀ ਤਾਕਤ ਬਣਿਆ ਹੋਇਆ ਹੈ ਅਤੇ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਵੀ ਉਸ ਦਾ ਅਸਰ ਘੱਟ ਨਹੀਂ ਹੋਇਆ।

***

## ਅਮਰੀਕਾ 'ਚ ਟਰੰਪ ਪ੍ਰਸ਼ਾਸਨ ਵਿਰੁੱਧ

ਜਿਸ ਲਾਅ ਫਰਮ 'ਚ ਪਹਿਲਾਂ 7 ਵਕੀਲ ਸਨ, ਹੁਣ ਉਨ੍ਹਾਂ ਕੋਲ 50 ਵਕੀਲ

ਸਾਬਕਾ ਸਾਲਿਸਟਰ ਜਨਰਲ ਡੋਨਾਲਡ ਬੀ. ਵੇਰਿਲੀ ਨੇ ਵੀ ਸਵੀਕਾਰ ਕੀਤਾ ਕਿ ਇਹ ਵਾਸ਼ਿੰਗਟਨ ਦੇ ਵਕੀਲਾਂ ਲਈ ਇੱਕ ਅਸਾਧਾਰਨ ਸਮਾਂ ਹੈ। ਉਹ ਕਹਿੰਦੇ ਹਨ, 'ਅਸੀਂ ਕੰਮ ਨਾਲ ਘਿਰੇ ਹੋਏ ਹਾਂ। ਮੈਂ ਕਈ ਸਾਲਾਂ ਵਿੱਚ ਕਦੇ ਵੀ ਇੰਨੀ ਮਿਹਨਤ ਨਹੀਂ ਕੀਤੀ।' ਇਸਦਾ ਕਾਰਨ ਇਹ ਹੈ ਕਿ ਟਰੰਪ ਪ੍ਰਸ਼ਾਸਨ ਵਿਰੁੱਧ ਕੇਸ ਲੈਣ ਵਾਲੀਆਂ ਕਾਨੂੰਨ ਫਰਮਾਂ ਦੀ ਗਿਣਤੀ ਘੱਟ ਹੈ। ਜ਼ਿਆਦਾਤਰ ਕੰਮ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਅਤੇ ਡੈਮੋਕਰੇਸੀ ਫਾਰਵਰਡ ਵਰਗੇ ਵੱਡੇ ਜਨਤਕ ਕਾਨੂੰਨ ਸੰਗਠਨਾਂ ਨੂੰ ਜਾ ਰਿਹਾ ਹੈ। ਡੈਮੋਕਰੇਸੀ ਫਾਰਵਰਡ ਨੇ ਹੁਣ ਤੱਕ ਟਰੰਪ ਪ੍ਰਸ਼ਾਸਨ ਵਿਰੁੱਧ 70 ਤੋਂ ਵੱਧ ਕੇਸ ਦਾਇਰ ਕੀਤੇ ਹਨ। ਪਹਿਲਾਂ, ਜਿੱਥੇ ਉਨ੍ਹਾਂ ਕੋਲ ਸਿਰਫ 7 ਵਕੀਲਾਂ ਦੀ ਟੀਮ ਸੀ, ਹੁਣ ਇਹ ਟੀਮ 50 ਮੈਂਬਰਾਂ ਤੱਕ ਵਧ ਗਈ ਹੈ।

ਟਰੰਪ ਦੇ ਨਵੇਂ ਘਰੇਲੂ ਨੀਤੀ ਕਾਨੂੰਨ 'ਬਿਗ ਬਿਊਟੀਫੁੱਲ ਬਿੱਲ ਐਕਟ' ਨੂੰ ਬਹੁਤਾ ਸਮਰਥਨ ਨਹੀਂ ਮਿਲ ਰਿਹਾ ਹੈ। ਵਿਸਨੀਪੀਆਕ ਯੂਨੀਵਰਸਿਟੀ ਦੇ ਇੱਕ ਨਵੇਂ ਸਰਵੇਖਣ ਦੇ ਅਨੁਸਾਰ, ਸਿਰਫ 27% ਅਮਰੀਕੀ ਵੋਟਰ ਇਸਨੂੰ ਪਸੰਦ ਕਰਦੇ ਹਨ, ਜਦੋਂ ਕਿ ਅੱਧੇ ਤੋਂ ਵੱਧ ਇਸਦਾ ਵਿਰੋਧ ਕਰਦੇ ਹਨ। ਰਿਪਬਲਿਕਨਾਂ ਦੇ ਵੀ ਇਸ ਬਿੱਲ ਦੇ ਹੱਕ ਵਿੱਚ ਸਿਰਫ 67% ਸਮਰਥਕ ਹਨ, ਆਮ ਤੌਰ 'ਤੇ ਇੱਕ ਰਾਸ਼ਟਰਪਤੀ ਦੇ ਬਿੱਲ ਨੂੰ ਉਸਦੀ ਪਾਰਟੀ ਤੋਂ 90% ਤੋਂ ਵੱਧ ਸਮਰਥਨ ਮਿਲਦਾ ਹੈ। ਬਿੱਲ ਵਿੱਚ ਟੈਕਸ ਵਿੱਚ ਕਟੌਤੀ, ਫ਼ੌਜ ਲਈ ਵਧੇਰੇ ਫੰਡਿੰਗ ਅਤੇ ਮੈਡੀਕੇਡ ਵਰਗੇ ਪ੍ਰੋਗਰਾਮਾਂ ਵਿੱਚ ਕਟੌਤੀ ਸ਼ਾਮਲ ਹੈ।

***

## ਅਮਰੀਕਾ ਵੱਲੋਂ 36 ਹੋਰ ਦੇਸ਼ਾਂ ਦੇ ਲੋਕਾਂ ਦੀ

ਦੇਸ਼ਾਂ ਦੇ ਨਾਗਰਿਕ ਅਮਰੀਕਾ ਵਿੱਚ ਅੱਤਵਾਦੀ ਗਤੀਵਿਧੀਆਂ, ਯਹੂਦੀ-ਵਿਰੋਧੀ ਜਾਂ ਅਮਰੀਕਾ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਰਹੇ ਹਨ।

**ਸੰਭਾਵਿਤ ਅਮਰੀਕੀ ਯਾਤਰਾ ਪਾਬੰਦੀ ਦਾ ਸਾਹਮਣਾ ਕਰ ਰਹੇ ਦੇਸ਼ਾਂ ਦੀ ਸੂਚੀ**

ਅੰਗੋਲਾ, ਐਂਟੀਗੁਆ ਅਤੇ ਬਾਰਬੁਡਾ, ਬੇਨਿਨ, ਭੂਟਾਨ, ਬੁਰਕੀਨਾ ਫਾਸੋ, ਕਾਬੋ ਵਰਡੇ, ਕੰਬੋਡੀਆ, ਕੈਮਰੂਨ, ਕੋਟ ਡਿਵੁਆਰ, ਕਾਂਗੋ ਲੋਕਤੰਤਰੀ ਗਣਰਾਜ, ਜਿਬੂਤੀ, ਡੋਮਿਨਿਕਾ, ਮਿਸਰ, ਇਥੋਪੀਆ, ਗੈਬੋਨ, ਗੈਂਬੀਆ, ਘਾਨਾ, ਕਿਰਗਿਸਤਾਨ, ਲਾਈਬੇਰੀਆ, ਮਲਾਵੀ, ਨਿਉਤੀਆ, ਮਾਲਾਵੀ, ਮਾਲਾਵੀ, ਨਿਊਰਟੀ, ਮਾਲਾਵੀ ਸੇਂਟ ਲੂਸੀਆ, ਸਾਓ ਟੋਮੇ ਅਤੇ ਪ੍ਰਿੰਸੀਪੇ, ਸੇਨੇਗਲ, ਦੱਖਣੀ ਸੂਡਾਨ, ਸੀਰੀਆ, ਤਨਜ਼ਾਨੀਆ, ਟੋਂਗਾ, ਟੁਵਾਲੂ, ਯੁਗਾਂਡਾ, ਵੈਨੂਆਟੂ, ਜ਼ੈਂਬੀਆ, ਜ਼ਿੰਬਾਬਵੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com